@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

कौमी पत्रिका
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 4 November 2026

VISIT:
www.qaumipatrika.org
Email: qpatrika@gmail.com

Punjabi National Daily

नवीं दिॱली: बुॱधवार 4 नवंबर 2026, 21 कॱतकु नानकशाही संमत 555 (सफ़े-12) मुॱल 3.00 रुपऐ

R.N.I. No. 39272/81— संपादक — गुरचरन सिंघ बॱबर — साल — 44, अंक 362, qpatrika@gmail.com फोन : 9971359517 www.qaumipatrika.org

भारत 'च गरीबी दर 'च भारी गिरावट, वित्त मंतरी निरमला सीतारमन ने सांझे कीते अंकड़े

कौमी पत्रिका
सिमी कौर बॱबर

नवीं दिॱली 3 नवंबर। विशव बैंक दी अकतूबर 2026 दी 'पोवरटी ऐंड इकुइटी ब्रीफ़' रिपोरट विॱच भारत वॱलों गरीबी घटाउण दे खेतर विॱच कीती गई वॱडी प्रगती नूं उजागर कीता गिआ है। रिपोरट अनुसार साल 2011 तों 2023 दरमिआन देश विॱच लगभग 49.6 करोड़ लोक हेठली-मॱध आमदन गरीबी रेखा तों ऊॱपर आऐ हन। केंदरी वित्त मंतरी निरमला सीतारमन ने इस रिपोरट दे अंकड़े सांझे करदिआं देश विॱच गरीबी घटाउण, रोज़गार दे मौके पैदा करन अते बुनिआदी सहूलतां दी पहुॱच विॱच होऐ सुधार दी शलाघा कीती है। रिपोरट अनुसार 4.20 डालर प्रती दिन दी हेठली-मॱध आमदन गरीबी रेखा हेठ रहिण वाली भारत दी आबादी दी हिॱसेदारी 2011 विॱच 57.7% सी, जो 2023 विॱच घट के महिज़ 16.1% रहि गई है। इसे तरॱां 3 डालर प्रती दिन दे हिसाब नाल अति गरीबी दी दर वी 27.1% तों घट के 2.6% तॱक आ गई है। गरीबी दे इह दोवें अनुमान 2021 दी ख़रीद शकती समानता 'ते अधारत हन। विशव बैंक ने दॱसिआ है कि पिछले इॱक दहाके दौरान भारत ने विशव विॱच सभ तों तेज़ी नाल गरीबी घटाउण वाले देशां विॱच आपणा नां दरज करवाइआ है। रिपोरट विॱच दॱसिआ गिआ है कि साल



2017 तों 2023 दरमिआन देश विॱच 13.4 करोड़ नवें लोक रुज़गार नाल जुड़े हन, जो कि कंमकाजी उमर दी आबादी विॱच होऐ वाधे नालों लगभग दुगॱणा है। इस वाधे विॱच पेंडू महिलावां ने अहिम योगदान पाइआ है, जिनां ने कमाई वाले कंमां विॱच शामल हो के आपणे परिवारां दी आमदन वधाई है। पेंडू अते शहिरी दोवां खेतरां दे परिवारां दे जीवन पॱधर विॱच सुधार होइआ है, जदकि पेंडू खेतरां विॱच तेज़ी नाल होई प्रगती ने पेंडू-शहिरी पाड़े नूं घटाउण विॱच मदद कीती है। साल 2022 दे सरवेखत अनुसार देश दी 99% आबादी तॱक बिजली दी पहुॱच यकीनी हो चुॱकी है। विशव बैंक अनुसार इह सुधार मुॱख तौर 'ते उपभोगता ख़रच विॱच वाधे, रुज़गार दे मौकिआं अते समाजिक सहाइता प्रोगरामां कारन संभव होइआ है। सोशल मीडीआ पलेटफ़ारम 'ऐकस' (✓) 'ते इह जानकारी सांझी करदिआं वित्त मंतरी निरमला सीतारमन ने इस प्रगती दा सिहरा प्रधान मंतरी नरिंदर मोदी दी अगवाई हेठ सरकार दीआं नीतीआं नूं दिॱता। उनां लिखिआ कि सरकार उतपादक रोज़गार, परिवारक आमदन विॱच वाधे अते जनतक सेवावां दी सुॱची वंड ज़रीऐ लोकां दीआं आकांखिआवां नूं पूरा करन लई वचनबॱध है।

दिॱली एअरपोरट 'ते 47 लॱख रुपऐ तों वॱध दा सोना ज़बत, 2 यातरी फड़े गऐ

नवीं दिॱली 3 नवंबर। कसटम अधिकारीआं ने इंदरा गांधी अंतरराशटरी ऐअरपोरट 'ते शारजाह तों आऐ 2 यातरीआं कोलों 332 ग्राम भार दीआं सोने दीआं 2 चेनां ज़बत कीतीआं हन, जिनां दी कीमत करीब 47.38 लॱख रुपऐ दॱसी जा रही है। अधिकारीआं ने शुॱकरवार नूं इह जानकारी दिॱती। इक अधिकारत बिआन अनुसार, यातरीआं नूं 26 अकतूबर नूं टरमिनल-3 'ते ग्रीन चैनल पार करन तों बाअद उस दीआं गतीविधीआं दे आधार 'ते शॱकी पाऐ जाण 'ते रोकिआ गिआ। बिआन 'च कहिा गिआ है कि उनां दे सामान दी जांच दौरान कोई इतराज़योग वसतू नहीं मिली, पर डोर फ्रेम मैटल डिटैकटर (46$4) 'चों लैंघदे समें इक उॱची बीपिंग आवाज़ सुनन तों बाअद, कसटम अधिकारीआं ने निॱजी तलाशी लई। इस दौरान, यातरीआं दे अंडरवीअर 'च लुका के रॱखीआं 332 ग्राम वज़न दीआं 999 शुॱधता वालीआं 2 सोने दीआं चेनां बरामद कीतीआं गईआं।

केले वेचण लई मजबूर होऐ 'बदमाश' ! कामेडीअन हरश दी गॱल सुण मुॱख मंतरी योगी दा वी निकलिआ हासा

कौमी पत्रिका

उॱतर प्रदेश 3 नवंबर। कामेडीअन हरश गुजराल नाल उॱतर प्रदेश दे मुॱख मंतरी योगी आदिॱतिआनाथ नज़र आऐ। इस दौरान हरश ने कहिा,साडा कंम कामेडी दा है अते असीं तनाअ दूर करन दी कोशिश करदे हां। फिर उह योगी आदिॱतिआनाथ दे तनाअ बारे गॱल करदा है। हरश ने कहिा,सर, तुहाडे सिर 'ते पूरे उॱतर प्रदेश दा तनाअ है। मैं जाणना चाहुंदा हां कि तुसीं कामेडी देखदे हो जां नहीं? इस 'ते मुॱख मंतरी योगी हां 'च सिर हिलाउंदे होऐ हॱस पैंदे हन। मुॱख मंतरी योगी आपणे हॱथ 'च इक पुरसकार फड़ के हरश वॱल वधाउंदे हन। हरश कहिंदा है,मैं कुझ सोच के आइआ हां, तुहाडे लई बोलण लई। जेकर थोड़ी जिही इजाज़त होवेगी तां ही मैं बोल पावांगा सर। फिर मुॱख मंतरी पुरसकार उनां वॱल वधाउंदे हन तां इस 'ते हरश कहिंदा है,महाराज जी कहि रहे हन पहिलां इस नूं फड़ो अते फिर उह हॱस पैंदे हन।"



कामेडीअन ने अॱगे कहिा,"30 करोड़ लोकां दी ज़िमेवारी लै के अॱगे वधना अते 2 लोकां नूं आपणा फैन बनाउणा, इक तां मापे फैन हन अते उॱपरों इह खूब वी फैन है तां मतलब जेकर 70 तों 30 साल, जेकर दोवें ही उमर दे गरुप फैन हो जाण तां तुसीं बहुत कुझ बिहतरीन कीता होवेगा इॱथे। हरश ने कहिा,"मैं इक शो अ लई लखनऊ आइआ सी अते मैं घूम रिहा सी, फिर मैं केले वेचण वाले नूं पुॱछिआ कि भइीआ, की सीन है क्राईम दा तां उस ने कहिा- अपराध पूरी तरॱां खतम हो गिआ है। मैं पुॱछिआ- भइीआ तुहानूं किवें पता तां उस ने कहिा- मैं खुद इक क्रिमीनल (अपराधी) सी, मैं केले वेच रिहा हां।" इह सुण के योगी आदिॱतिआनाथ हॱस पैंदे हन।

'पंजाब 'च नशिआं ख़िलाफ़ बणावांगे नवां कानूंन', सुखबीर सिंघ बादल ने कीते वॱडे ऐलान

कौमी पत्रिका
नवदीप सिंघ साहनी

बरनाला 3 नवंबर। शि?रोमणी अकाली दल दे प्रधान सुखबीर सिंघ बादल ने अॱज कहिा कि पंजाब विच उनां दी सरकार बणन 'ते नशा तसकरां ते गैंगसटरां ख़?लाफ़ सशत ऐकशन लिआ जावेगा, तां जो वपारीआं समेत हर पंजाबी नूं सुरॱखिअत माहौल मिल सकॱ। उनां कहिा कि साउदी अरब ते सिंगापुर वरगे देशां विच सशत कानूंनां कारन ही नशा तसकरी नहीं हुंदी, पर इॱथे नशा वेचण वाले कुझ दिनां बाअद ही ज़मानत 'ते बाहर आ जांदे हन। उनां कहिा कि उह नशिआं ख़?लाफ़ नवां कानूंन बणाउण दी योजना बणा रहे हन, जिस तहित नशा तसकर दी सारी जाइदाद कुरक कीती जावेगी ते जदों तॱक केस चॱलेगा, उस दी ज़मानत नहीं होवेगी। उनां कहिा कि विदेशां विच बैठे गैंगसटर वी नशा करन वालिआं नूं 10-10 हज़ार रुपऐ दे के गॱलीआं



चलवा रहे हन। इस लई गैंगसटरां ते नशा तसकरां दोहां ख़?लाफ़ ही सशत कदम चुॱकण दी लोड़ है। दरअसल, सुखबीर सिंघ बादल अॱज इॱथे बरनाला विच वपारीआं नाल मुलाकात करन लई पहुंचे सन। मीटिंग दौरान वपारीआं ने आपणी सुरॱखिआ यकीनी बणाउण दी मंग रॱखी ते कंम विच बेलोड़ी दखलअंदाज़ी बंद करन दी वी अपील कीती। आपणे संबोधन दौरान सुखबीर सिंघ बादल ने कहिा कि जिंना वपारीआं नूं डराइआ जावेगा, ओना ही कारोबार घटेगा ते जिंनी उनां नूं घुॱल दिॱती जावेगी, ओना ही कारोबार वी वधे-फुॱलेगा। उनां आपणी सरकार वॱलों वपारीआं दी भलाई ते पंजाब दे विकास लई कीते कंमां दा हवाला दिंदिआं कहिा कि उनां नूं मैनेजमैंट करनी बड़ी चंगी तरॱां आउंदी है, इस लई सारे वपारी इकजुॱट हो के उनां दा साथ देन। अकाली दल दे प्रधान ने कहिा कि साडे लई पंजाब ही साडा घर है। नैशनल पारटीआं लई इक सूबे विच सरकार बणाउणा कोई वॱडी गॱल नहीं, पर अकाली दल दी सोच पंजाब दे बारडर तों बाहर जांदी ही नहीं, साडे लई पंजाब ही सभ कुझ है। उनां कहिा कि अॱज पंजाब नूं हां-पॱखी सोच वाले मुॱख मंतरी दी लोॱड़ है, जिहड़ा पंजाब नूं आपणा परिवार समझे। जे तुसीं सही मुॱख मंतरी चुन लओगे तां सूबा बॱच जावेगा ते जेकर गलती हो गई तां नुकसान वी सानूं ही झॱलणा पवेगा। सुखबीर सिंघ बादल पंजाब सिर करज़े दी पंड दा ज़िकर करदिआं किहा कि अॱज पंजाब सिर करज़ा जी.डी.पी. दा 50 फ़ीसदी हो गिआ है। अकाली दल दी सरकार बणन तों पहिलां वी हालात कुझ अजिहा सन कि उदों करज़ा जी.डी.पी. दा 46 फ़ीसदी सी। अकाली दल सरकार ने जी. डी. पी. ही इंनी वधा दिॱती कि इह 32 फ़ीसदी रहि गिआ, जो पूरे देश 'चों सभ तों घॱट सी। उनां कहिा कि पंजाब नूं चंगे विज़न नाल चड़्हाउण दी लोड़ 'ते ज़ोर दिॱता। उनां कहिा कि पंजाब विच इंडसटरी लिआउणा बहुत ज़रूरी है।

'फैसलाकुंन मोड़' 'ते खड़ी दुनीआ : जैशंकर

वाशिंगटन 3 नवंबर। विदेश मंतरी ऑस. जैशंकर ने अटलांटा 'च अमरीका दे विदेश मंतरी मारको रूबीओ दी प्रधानगी हेठ होई जी-20 देशां दे विदेश मंतरीआं दी बैठक 'च हिॱसा लिआ। बैठक 'च ऊरजा सपलाई लड़ी नूं सुखाला बणाउण अते सांझीआं आरथिक ते सुरॱखिआ चुनैॱतीआं 'ते सहियोग वधाउण 'ते धिआन केंदरित कीता गिआ। जैशंकर वीरवार देर शाम अटलांटा पहुॱचे सन। बैठक तों पहिलां उनां कई देशां दे आपणे हमरुतबा नाल गॱलबात कीती। दो दिनां विचार-वटांदरे दी शुरूआत करदिआं रूबीओ ने सुचेत कीता कि दुनीआ वधदे आरथिक अते भू-राजनीतिक संकटां विचकार 'फैसलाकुंन मोड़' 'ते खड़ी है।

विधाइक राजा भइीआ नूं सोशल मीडीआ 'ते जानों मारन दी धमकी

भदोही 3 नवंबर। पुलस ने जनसॱता दल (लोकतंतरिक) दे राशटरी प्रधान अते कुंडा तों विधाइक रघूराज प्रताप सिंघ उरफ राजा भइीआ विरुॱध सोशल मीडीआ 'ते कथित तौर 'ते जानों मारन दी धमकी देन अते अपमानजनक टिॱपणीआं पोसट करन दे दोश विच अणपछाते विअकतीआं विरुॱध मामला दरज कीता है। गोपीगंज थाने दे इंसपैकटर सॱचीदानंद पांडे ने दॱसिआ कि विधाइक विरुॱध इतराज़योग संदेश पिछले हफ़ते तों इंसटागराम अते फेसबुॱक 'ते 'राज शुटर आफीशीअल', 'ऐॱम राज शुटर' अते 'ऐॱम शुटर' नामक 3 आई. डी. तों प्रसारित कीते रहे सन। जनसॱता दल दे भादोही ज़िला इकाई दे प्रधान चंदरशेखर सिंघ ने बुॱधवार शाम नूं गोपीगंज थाने नूं लिखती शिकाइत दरज करवाई अते संदेशां दीआं कापीआं पुलस नूं सौंपीआं। शिकाइत दे आधार 'ते पुलस ने भारती दंडावली अते सूचना तकनालोजी ऐकट तहित मामला दरज कीता है। उनां कहिा कि सबंधत सोशल मीडीआ खातिआं दी जांच कर के मुलज़मां दी पछाण करन अते जलदी ही मामले नूं हॱल करन दी कोशिश कीती जा रही है।

काशी तों दिॱली दी दूरी होवेगी घॱट, 3 घंटे 33 मिंटां 'च पहुॱचोगे : रेल मंतरी वैशनव

वाराणसी 3 नवंबर। केंदरी रेल मंतरी अशवनी वैशनव ने शनीवार नूं कहिा कि काशी अते दिॱली विचकार बुलेट टरेन चॱलण तों बाअद हवाई यातरा दी लोड़ नहीं पवेगी। यातरी सिरफ 3 घंटे 33 मिंट 'च काशी तों दिॱली पहुॱच सकणगे। उनां कहिा कि बुलेट टरेन प्राजैकट बहुत जलदी उॱतर प्रदेश 'च वी शुरू कीता जावेगा। प्रधान मंतरी नरिंदर मोदी ने उॱतरी कोरीडोर नूं मनज़ूरी दे दिॱती है, जो दिॱली, आगरा, कानपुर, लखनऊ अते अयुॱधिआ नूं जोड़ेगा। अॱगे इह कोरीडोर वाराणसी, पटना हुंदे होऐ गुहाटी वॱल जावेगा। अशवनी वैशनव ने कहिा कि काशी 'च बण रिहा नमो पुल पूरे देश दी कनैकटीविटी लई बहुत महॱतवपूरन साबत होवेगा। रेलवे अते हाईवेअ लई बणाइआ जा रिहा इह सिगनेचर बरिॱज अगले 100 सालां दीआं ज़रूरतां नूं धिआन 'च रॱखदे होऐ तिआर कीता गिआ है। इस दी नींह दा डिज़ाईन बहुत महॱतवपूरन सी। हुन इस दे निरमाण दा कंम अॱगे वध रिहा है। उनां कहिा कि नमो पुल दे पूरा होन 'ते, काशी सटेशन रेलवे नैॱटवरक नाल बिहतर ढंग नाल जुड़ जावेगा। इह अगले 100 सालां लई रेलवे अते हाईवेअ संपरक नूं मज़बूत ??करेगा। इह पुल 100 तों वॱध



वाधू रेलगॱडीआं दे संचालन नूं समरॱथ बनाएगा। इस नाल बाबा विशवनाथ दे दरशन करन वाले शरधालूआं दी यातरा नूं वी सुविधा मिलेगी। रेल मंतरी ने कहिा कि काशी सटेशन 'ते 6 नवें पलेटफ़ारम वी बणाऐ जा रहे हन। इस नाल काशी सटेशन आवाजाही दे इक नवें हॱब वजों उभरेगा अते यातरीआं नूं बिहतर सहूलतां प्रदान कर सकेगा। बुलेट टरेन कोरीडोर दे संभावी यातरा समें दा हवाला दिंदे होऐ, उनां कहिा कि दिॱली तों आगरा दी दूरी 59 मिंटां 'च, दिॱली तों कानपुर इक घंटा 45 मिंटां 'च अते दिॱली तों लखनऊ ढाई घंटिआं 'च पूरी हो सकेगी। काशी तों लखनऊ दी यातरा इक घंटा 21 मिंटां 'च अते काशी तों पटना इक घंटे 'च होवेगी। काशी अते दिॱली विचकार यातरा दा समां घटा के 3 घंटे 33 मिंट कर दिॱता जावेगा।

विधाइक दी छॱतीसगड़ ज़िला खनिज टरॱसट फंड 'च होऐ घपले दे मामले 'च ई.डी. ने 31.70 करोड़ दी जाइदाद कीती ज़बत

नैशनल डैसक 3 नवंबर। इनफोरसमैंट डाइरैकटोरेट (ई.डी.) ने छॱतीसगड़ 'च ज़िला खनिज टरॱसट फंड दी कथित दुरवरतों दे मामले 'च लॱगभग 31.70 करोड़ रुपऐ दी चॱल ते अचॱल जाइदाद नूं आरज़ी तौर 'ते ज़बत कीता है। नाल ही 17 विअकतीआं विरुॱध पूरक इसतिगासा शिकाइत दाइर वी कीती है। ऐजंसी ने इक बिआन 'च कहिा कि ई.डी. दे रायेपुर फील्ड दफतर ने 29 अकतूबर नूं मनी लांडरिंग रोकथाम ऐकट, 2002 अधीन इक आरज़ी कुरकी हुकम जारी कीता ते रायेपुर 'च विशेश अदालत 'च इक पूरक इसतिगासा शिकाइत दाइर कीती। बिआन अनुसार शिकाइत 'च सतपाल सिंघ छाबड़ा, मनदीप चावला ते 15 होरां दे नां हन।

जदों वोट खतरे 'च होवे, तां चुॱप रहिणा कोई बदल नहीं : ममता बैनरजी

कोलकाता 3 नवंबर। पॱछमी बंगाल दी साबका मुॱख मंतरी ममता बैनरजी ने कथित चोण घपले दे खिलाफ विरोधी धिर नूं इकजुॱट हो के मुहिम चलाउण दा सॱदा दिॱता। ममता ने दोश लाइआ कि पॱछमी बंगाल अते होर सूबिआं 'च 'वोट चोरी' होई है। उनां ने विदिआरथीआं, नौंजवानां, औंरतां, मज़दूरां अते सिवल सोसाइटीआं दे मैंबरां नूं इस लड़ाई 'च विरोधी धिरां दा साथ देन अते इक नवंबर नूं दिॱली दे



रामलीला मैदान 'च होन वाली 'इंडीआ' गॱठजोड़ दी रैली 'च शामल होन दी अपील कीती। ममता ने सोशल मीडीआ 'ते इक पोसट 'च कहिा, "वोट चोरी दे खिलाफ लड़ाई हर भारती दे अधिकार दी रॱखिआ दी लड़ाई है। बंगाल अते होर सूबिआं 'च वोट दी लूॱट 'ते जवाब चाहीदा है, चुॱपी नहीं।" चोण प्रकिरिआ 'ते सवाल चुॱकदिआं बैनरजी ने दाअवा कीता कि इलैकट?रानिक वोटिंग मशीनां (ई. वी. ऐॱम.) शॱक दे घेरे 'च हन, वोटरां दे अंकड़िआं 'ते सवाल उॱठ रहे हन, वोटर सूचीआं शॱक दे घेरे 'च हन अते वोटां दी गिनती नूं चुनैॱती दिॱती जा रही है। बैनरजी ने कहिा, "जदों वोट खतरे 'च होवे, तां चुॱप रहिणा कोई बदल नहीं है।

आज़ादी दी पहिली लड़ाई नूं समरपित शहीदी समारक दा उदघाटन 5 नवंबर नूं ग्रिह मंतरी अमित शाह करनगे: ऊरजा मंतरी अनिल विज

कौमी पत्रिका
तेजिंदर कौर बॱबर

चंडीगड़, 3 नवंबर: हरिआणा दे ऊरजा, टरांसपोरट अते किरत मंतरी अनिल विज ने कहिा कि केंदरी ग्रिह मंतरी स्री अमित शाह आउण वाली 5 नवंबर नूं अंबाला छाउणी विॱच बणाऐ गऐ शहीदी समारक दा उदघाटन करनगे। इस तों बाअद गांधी गराउंड विॱच वरकरां दी इॱक वॱडी रैली होवेगी। उनां कहिा कि इस रैली अते शहीदी समारक दे प्रोगराम विॱच पहुॱचन लोकां लई माण वाली गॱल है। सरकार दे हुकमां अनुसार हरिआणा दे सकूलां अते सिॱखिआ संसथावां दे विदिआरथीआं नूं इह शहीदी समारक ज़रूर दिखाइआ जावेगा, तां जो नौंजवानां नूं पता लॱग सकॱ कि साल 1857 विॱच मेरठ तों पहिलां अंबाला विॱच आज़ादी दा संघरश शुरू होइआ सी। उनां लोकां नूं अपील कीती कि उह इस रैली विॱच वॱडी गिनती विॱच पहुॱचन। स्री विज बुॱधवार नूं अंबाला शहिर दे कलॱब विॱच शहीदी समारक दे प्रोगराम दीआं तिआरीआं सबंधी आयोजित मीटिंग नूं संबोधन कर रहे सन। ऊरजा मंतरी ने कहिा कि उह शहीदी समारक दी उसारी लई पिछले 25-30 सालां तों यतन करदे आ रहे हन। हुन तॱक किताबां विॱच इही पड़्हाइआ गिआ कि आज़ादी दी लड़ाई कांगरस ने लड़ी, पर कांगरस दे जनम तों वी पहिलां 1857 विॱच पूरे हिंदुसतान विॱच आज़ादी लई हथिआरबंद लड़ाई लड़ी गई सी, जिस दी शुरूआत अंबाला तों होई सी। उनां कहिा कि दसतावेज़ां तों पता लॱगदा है कि 1857 विॱच मेरठ तों दस घंटे पहिलां, सवेरे नौं वजे अंबाला छाउणी विॱच 60वीं अते 5वीं नेटिव इनफैंटरी ने आज़ादी दी लड़ाई दा बिगल वजा दिॱता सी। पर इतिहास विॱच कदे वी उनां वीरां नूं याद नहीं कीता गिआ, जिनां नूं दरॱखतां नाल बंन्ह-बंन्ह के गोलीआं मारीआं गईआं अते जिनां उॱते कोहलू चलाऐ गऐ। उनां कहिा कि आज़ादी लई जेकर किसे ने आपणे घर तों इॱक कदम वी बाहर कॱढिआ है, तां उस नूं वी नमन करदे हन।



ऊरजा मंतरी अनिल विज ने कहिा कि 1857 विॱच पूरे देश विॱच आज़ादी दी पहिली लड़ाई लड़ी गई सी, जिस नूं कदे किसे ने याद नहीं कीता अते ना ही कोई अजिहा समारक बणाइआ गिआ, जॱथे इस लड़ाई नूं दरसाइआ जा सके। समारक दी उसारी लई उनां ने विधान सभा विॱच कई वार कांगरस सरकार नूं मजबूर कीता, पर समारक नहीं बणाइआ गिआ। साल 2014 विॱच भाजपा दी सरकार आई तां राशटरी पॱधर दा समारक बणाउण दी मनज़ूरी मिली। ऊरजा मंतरी अनिल विज ने कहिा कि 1857 दी आज़ादी दी पहिली लड़ाई नूं समरपित शहीदी समारक विॱच इस दा पूरा इतिहास प्रदरशित कीता जावेगा। हरिआणा, बिहार, पंजाब अते होर थावां 'ते जिॱथे-जिॱथे लड़ाई लड़ी गई, उॱथे दे युॱध दे इतिहास नूं आधुनिक तकनीक राहीं प्रदरशित कीता जावेगा। शहीदी समारक लगभग 800 करोड़ रुपऐ दी लागत नाल बणिआ है अते उनां नूं यकीन है कि पूरा हिंदुसतान इस नूं देखन लई आवेगा। जदों ताज महिल देखन लई विदेशी लोक आउंदे हन, तां उह शहीदी समारक देखन लई वी ज़रूर आउंदगे। इसे लई इॱथे हैलीपैड दी सहूलत वी रॱखी गई है। ऊरजा मंतरी ने कहिा कि विशाल शहीदी समारक देखन लई आउण वाले लोकां नूं इतिहास दी पूरी जानकारी दिॱती जावेगी। इॱथे लगभग ढाई हज़ार लोकां दी समरॱथा वाला ओपन ऐअर थीऐटर होवेगा, जिॱथे शाम नूं वॱडे कमल दे फुॱल 'ते लाइीट, लेज़र अते साउंड शोअ प्रदरशित कीता जावेगा। ऊरजा मंतरी अनिल विज ने कहिा कि 1857 दी लड़ाई दौरान देश भर विॱच इॱक रैजीमैंट तों दूजी रैजीमैंट तॱक कमल दा फुॱल अते रोटी प्रतीकातमक तौर 'ते भेजे जांदे सन। इस नूं सवीकार करदे ही इह मंनिआ जांदा सी कि उह रैजीमैंट वी लड़ाई लई तिआर है। उनां कहिा कि शहीदी समारक विॱच 68 मीटर उॱचा कमल दे फुॱल दे आकार दा मैमोरीअल टावर बणाइआ गिआ है, जिस विॱच दो हाई सपीड लिफटां लगाईआं गईआं हन। कमल दे फुॱल दे अंदर वी अजाइब घर बणाइआ गिआ है, जो खिॱच दा केंदर होवेगा। समारक विॱच शहीदां नूं शरधांजली देन लई इॱक गैलरी वी बणाई गई है

ਅੰਮ੍ਰਿਤਸਰ ਦੇ ਦੁਰਗਿਆਣਾ ਤੀਰਥ 'ਚ ਵਿਸ਼ਵ ਪ੍ਰਸਿੱਧ 'ਲੰਗੂਰ ਮੇਲਾ' ਸ਼ੁਰੂ, ਜਾਣੋ ਕੀ ਹੈ ਇਤਿਹਾਸ

ਕੌਮੀ ਪਤ੍ਰਿਕਾ

ਅੰਮ੍ਰਿਤਸਰ 3 ਨਵੰਬਰ। ਪਵਿੱਤਰ ਧਾਰਮਿਕ ਨਗਰੀ ਅੰਮ੍ਰਿਤਸਰ ਦੇ ਇਤਿਹਾਸਕ ਸ੍ਰੀ ਦੁਰਗਿਆਣਾ ਤੀਰਥ ਸਥਿਤ ਵੱਡਾ ਹਨੂੰਮਾਨ ਮੰਦਰ ਵਿੱਚ ਸ਼ਾਰਦੀ ਨਰਾਤਿਆਂ ਦੇ ਪਾਵਨ ਮੌਕੇ 'ਤੇ ਵਿਸ਼ਵ ਪ੍ਰਸਿੱਧ 10 ਰੋਜ਼ਾ 'ਲੰਗੂਰ ਮੇਲਾ' ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ ਹੈ। ਨਰਾਤਿਆਂ ਦੇ ਪਹਿਲੇ ਦਿਨ ਮਾਤਾ ਸ਼ੈਲਪੁਤਰੀ ਦੀ ਵਿਧੀਵਤ ਪੂਜਾ-ਅਰਚਨਾ ਦੇ ਨਾਲ ਹੀ ਮੰਦਰ 'ਚ ਲੰਗੂਰ ਦਾ ਰੂਪ ਧਾਰਨ ਕੀਤੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਆਸਥਾ ਅਤੇ ਪੁਰਾਤਨ ਪਰੰਪਰਾ ਦਾ ਇਹ ਵਿਲੱਖਣ ਸੰਗਮ ਹਰ ਸਾਲ ਦੇਸ਼-ਵਿਦੇਸ਼ ਤੋਂ ਸ਼ਰਧਾਲੂਆਂ ਨੂੰ ਆਪਣੇ ਵੱਲ ਖਿੱਚਦਾ ਹੈ। ਮੰਦਰ ਦੇ ਮੁੱਖ ਪੁਜਾਰੀ ਸ਼ੁਭਮ ਸ਼ਰਮਾ ਨੇ ਇਸ ਪ੍ਰਾਚੀਨ ਪਰੰਪਰਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਥਾਨ ਦਾ ਇਤਿਹਾਸ ਤ੍ਰੇਤਾ ਯੁੱਗ ਅਤੇ ਰਾਮਾਇਣ ਕਾਲ ਨਾਲ ਜੁੜਿਆ ਹੋਇਆ ਹੈ। ਧਾਰਮਿਕ ਮਾਨਤਾ ਅਨੁਸਾਰ, ਲਵ ਅਤੇ ਕੁਸ਼ ਨੇ ਅਸ਼ਵਮੇਧ ਯੱਗ ਦੇ ਘੋੜੇ ਨੂੰ ਫੜਨ ਸਮੇਂ ਸੰਕਟਮੋਚਨ ਹਨੂੰਮਾਨ ਜੀ ਨੂੰ ਇਸੇ ਵਟਵ੍ਰਿੱਖ ਨਾਲ ਬੰਨ੍ਹ ਦਿੱਤਾ ਸੀ। ਬਾਅਦ ਵਿੱਚ ਬੰਧਨ ਮੁਕਤ ਹੋਣ 'ਤੇ ਬਜਰੰਗਬਲੀ ਨੇ ਆਸ਼ੀਰਵਾਦ ਦਿੱਤਾ ਸੀ ਕਿ ਇੱਥੇ ਸੰਤਾਨ ਪ੍ਰਾਪਤੀ ਦੀ ਇੱਛਾ ਲੈ ਕੇ ਆਉਣ ਵਾਲੇ ਸ਼ਰਧਾਲੂਆਂ ਦੀ ਮਨੋਕਾਮਨਾ ਪੂਰੀ ਹੋਵੇਗੀ। ਇਸੇ ਮਾਨਤਾ ਦੇ ਚੱਲਦਿਆਂ ਜਿਨ੍ਹਾਂ ਪਰਿਵਾਰਾਂ ਦੀ ਸੰਤਾਨ ਪ੍ਰਾਪਤੀ ਦੀ ਅਰਦਾਸ ਪੂਰੀ ਹੁੰਦੀ ਹੈ, ਉਹ ਨਰਾਤਿਆਂ ਦੌਰਾਨ ਆਪਣੇ ਬੱਚਿਆਂ ਨੂੰ ਲੰਗੂਰ ਦਾ ਰੂਪ ਦੇ ਕੇ ਭਗਵਾਨ ਹਨੂੰਮਾਨ ਜੀ ਦੇ ਚਰਨਾਂ ਵਿੱਚ ਨਤਮਸਤਕ ਹੋਣ ਲਈ ਲਿਆਉਂਦੇ ਹਨ। ਸ਼ਰਧਾਲੂਆਂ ਵਿੱਚ ਵਿਸ਼ਵਾਸ ਹੈ ਕਿ ਇਹ ਪਰੰਪਰਾ ਕਲਯੁੱਗ ਦੇ ਆਰੰਭ ਤੋਂ ਲਗਾਤਾਰ ਚੱਲਦੀ ਆ ਰਹੀ ਹੈ। ਪੁਜਾਰੀ ਸ਼ੁਭਮ ਸ਼ਰਮਾ ਅਤੇ ਆਪਣੇ ਬੱਚੇ ਨੂੰ ਲੰਗੂਰ ਬਣਾ ਕੇ ਮੰਦਰ ਲਿਆਏ ਸ਼ਰਧਾਲੂ ਵਰੁਣ ਰਾਣਾ ਨੇ ਦੱਸਿਆ ਕਿ ਲੰਗੂਰ ਬਣਨ ਵਾਲੇ ਬੱਚਿਆਂ ਨੂੰ ਪਹਿਲੇ ਨਰਾਤੇ ਤੋਂ ਲੈ ਕੇ ਦਸਵੀਂ ਤਾਰੀਖ਼ ਤੱਕ ਕਈ ਸਖ਼ਤ ਧਾਰਮਿਕ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਸ ਦੌਰਾਨ ਬੱਚਿਆਂ ਨੂੰ ਲਾਲ ਰੰਗ ਦਾ ਵਿਸ਼ੇਸ਼ ਬਾਣਾ ਪਹਿਨਾਇਆ ਜਾਂਦਾ ਹੈ, ਪੈਰਾਂ ਵਿੱਚ ਘੁੰਗਰੂ, ਸਿਰ 'ਤੇ ਟੋਪੀ ਅਤੇ ਹੱਥ ਵਿੱਚ ਛੜੀ ਦਿੱਤੀ ਜਾਂਦੀ ਹੈ। ਇਨ੍ਹਾਂ ਦਸ ਦਿਨਾਂ ਦੌਰਾਨ ਬੱਚੇ ਜ਼ਮੀਨ 'ਤੇ ਸੌਂਦੇ ਹਨ, ਨੰਗੇ ਪੈਰੀਂ ਰਹਿੰਦੇ ਹਨ ਅਤੇ ਦਿਨ ਵਿੱਚ ਦੋ ਵਾਰ ਮੰਦਰ ਆ ਕੇ ਮੱਥਾ ਟੇਕਦੇ ਹਨ। ਇਸ ਤੋਂ ਇਲਾਵਾ ਚਾਕੂ ਨਾਲ ਕੱਟੇ ਭੋਜਨ, ਲਸਣ, ਪਿਆਜ਼ ਅਤੇ ਤਾਮਸਿਕ ਵਸਤਾਂ ਦਾ ਤਿਆਗ ਵੀ ਕੀਤਾ ਜਾਂਦਾ ਹੈ। ਵਰੁਣ ਰਾਣਾ ਨੇ ਕਿਹਾ ਕਿ ਪ੍ਰਭੂ ਦੀ ਭਗਤੀ ਵਿੱਚ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਪਰ ਹਨੂੰਮਾਨ ਜੀ ਦੀ ਕਿਰਪਾ ਨਾਲ ਸ਼ਰਧਾਲੂ ਇਹ ਸਾਧਨਾ ਪੂਰੀ ਕਰਦੇ ਹਨ। ਵੱਡਾ ਹਨੂੰਮਾਨ ਮੰਦਰ ਕਮੇਟੀ ਦੇ ਪ੍ਰਧਾਨ ਡਾ. ਰਾਕੇਸ਼ ਸ਼ਰਮਾ ਨੇ ਨਰਾਤਿਆਂ, ਵਾਲਮੀਕਿ ਜਯੰਤੀ ਅਤੇ ਦੁਸਹਿਰੇ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਮੰਦਰ ਆਪਣੀ ਵਿਲੱਖਣ ਧਾਰਮਿਕ ਮਾਨਤਾ ਅਤੇ ਪਰੰਪਰਾ ਕਰਕੇ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਉਨ੍ਹਾਂ ਦੱਸਿਆ ਕਿ ਇੱਥੇ ਹਨੂੰਮਾਨ ਜੀ ਦੀ ਬੈਠੀ ਹੋਈ ਸਵੈਂਭੂ ਮੂਰਤੀ ਸੁਸ਼ੋਭਿਤ ਹੈ। ਉਨ੍ਹਾਂ ਅਨੁਸਾਰ, ਕਈ ਅਜਿਹੇ ਪਰਿਵਾਰ ਵੀ ਇੱਥੇ ਮੱਥਾ ਟੇਕਣ ਪਹੁੰਚਦੇ ਹਨ, ਜਿਨ੍ਹਾਂ ਨੂੰ 20 ਤੋਂ 25 ਸਾਲਾਂ ਤੱਕ ਸੰਤਾਨ ਦਾ ਸੁਖ ਪ੍ਰਾਪਤ ਨਹੀਂ ਹੋਇਆ ਸੀ। ਪਰਿਵਾਰਾਂ ਦੀ ਮਾਨਤਾ ਹੈ ਕਿ ਬਾਬਾ ਜੀ ਦੇ ਦਰ 'ਤੇ ਅਰਦਾਸ ਕਰਨ ਤੋਂ ਬਾਅਦ ਉਨ੍ਹਾਂ ਦੇ ਘਰਾਂ ਵਿੱਚ ਬੱਚਿਆਂ ਦੀਆਂ ਕਿਲਕਾਰੀਆਂ ਗੂੰਜੀਆਂ। ਇਸ ਮੇਲੇ ਵਿੱਚ ਪੰਜਾਬ ਤੋਂ ਇਲਾਵਾ ਭਾਰਤ ਦੇ ਹੋਰ ਸੂਬਿਆਂ ਅਤੇ ਵਿਦੇਸ਼ਾਂ ਤੋਂ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚਦੇ ਹਨ। ਵੱਖ-ਵੱਖ ਧਰਮਾਂ ਨਾਲ ਸਬੰਧਤ ਲੋਕ ਵੀ ਇਸ ਮੇਲੇ ਵਿੱਚ ਸ਼ਰਧਾ ਨਾਲ ਸ਼ਾਮਲ ਹੁੰਦੇ ਹਨ। ਸ਼ਰਧਾਲੂ ਅਨਿਲ ਸ਼ਰਮਾ ਨੇ ਕਿਹਾ ਕਿ ਲੰਗੂਰ ਮੇਲਾ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਜਿਹੜੇ ਮਾਪੇ ਪੁੱਤਰ ਜਾਂ ਧੀ ਦੀ ਮਨੋਕਾਮਨਾ ਪੂਰੀ ਹੋਣ 'ਤੇ ਮੰਨਤ ਮੰਗਦੇ ਹਨ, ਉਹ ਆਪਣੀ ਮੰਨਤ ਪੂਰੀ ਹੋਣ ਤੋਂ ਬਾਅਦ ਬੱਚਿਆਂ ਨੂੰ ਲੰਗੂਰ ਬਣਾ ਕੇ ਇੱਥੇ ਦਰਸ਼ਨਾਂ ਲਈ ਲਿਆਉਂਦੇ ਹਨ। ਮੇਲੇ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਮੰਦਰ ਪ੍ਰਬੰਧਕਾਂ ਵੱਲੋਂ ਸੁਰੱਖਿਆ, ਰੌਸ਼ਨੀ, ਪੀਣ ਵਾਲੇ ਪਾਣੀ ਅਤੇ ਕਤਾਰਾਂ ਦੇ ਸੁਚਾਰੂ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਕਿਸੇ ਵੀ ਸ਼ਰਧਾਲੂ ਨੂੰ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਅਗਲੇ ਦਸ ਦਿਨਾਂ ਤੱਕ ਦੁਰਗਿਆਣਾ ਤੀਰਥ ਦਾ ਸਮੁੱਚਾ ਮਾਹੌਲ ਭਗਤੀਮਈ ਰਹੇਗਾ ਅਤੇ ਮੰਦਰ ਕੰਪਲੈਕਸ 'ਜੈ ਸ੍ਰੀ ਰਾਮ' ਅਤੇ 'ਜੈ ਬਜਰੰਗਬਲੀ' ਦੇ ਜੈਕਾਰਿਆਂ ਨਾਲ ਗੂੰਜਦਾ ਰਹੇਗਾ।

ਪਠਾਨਕੋਟ 'ਚ ਨਜਾਇਜ਼ ਮਾਈਨਿੰਗ 'ਤੇ ਵੱਡੀ ਕਾਰਵਾਈ, 400 ਘਣ ਫੁੱਟ ਬੱਜਰੀ ਸਣੇ ਪੋਕਲੇਨ ਮਸ਼ੀਨ ਤੇ ਟਿੱਪਰ ਜ਼ਬਤ

ਕੌਮੀ ਪਤ੍ਰਿਕਾ

ਪਠਾਨਕੋਟ 3 ਨਵੰਬਰ। ਸਰਹੱਦੀ ਜ਼ਿਲ੍ਹਾ ਪਠਾਨਕੋਟ ਦੇ ਤਾਰਾਗੜ੍ਹ ਪੁਲਸ ਅਤੇ ਮਾਈਨਿੰਗ ਵਿਭਾਗ ਦੀ ਇੱਕ ਸਾਂਝੀ ਟੀਮ ਨੇ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਵੀਰਵਾਰ ਨੂੰ ਜਸਵਾਨ ਪਿੰਡ ਵਿੱਚ ਛਾਪਾ ਮਾਰਿਆ। ਪੁਲਸ ਨੇ ਘਟਨਾ ਸਥਾਨ ਤੋਂ ਲਗਭਗ 400 ਘਣ ਫੁੱਟ ਬੱਜਰੀ ਨਾਲ ਭਰੀ ਇੱਕ ਪੋਕਲੇਨ ਮਸ਼ੀਨ ਅਤੇ ਇੱਕ ਟਿੱਪਰ ਟਰੱਕ ਜ਼ਬਤ ਕੀਤਾ। ਪੁਲਸ ਨੇ ਮਨਵਾਲ ਦੇ ਇੱਕ ਨਿਵਾਸੀ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਸ਼ੀ ਦੀ ਪਛਾਣ ਨਵਜੋਤ ਸਿੰਘ ਵਜੋਂ ਹੋਈ ਹੈ, ਜੋ ਕਿ ਸ਼ਾਹਪੁਰ ਕੰਢੀ ਥਾਣਾ ਦੇ ਮਨਵਾਲ ਬਾਗ ਦਾ ਰਹਿਣ ਵਾਲਾ ਹੈ। ਪੁਲਸ ਨੇ ਇਹ ਕਾਰਵਾਈ ਇੱਕ ਸੂਚਨਾ ਦੇ ਆਧਾਰ 'ਤੇ ਕੀਤੀ। ਜਾਣਕਾਰੀ ਅਨੁਸਾਰ, ਮਾਈਨਿੰਗ ਵਿਭਾਗ ਦੇ ਇੱਕ ਜੂਨੀਅਰ ਇੰਜੀਨੀਅਰ ਅਭਿਮਨਿਊ ਕਾਂਡਾ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਵਿਭਾਗ ਨੂੰ ਜਸਵਾਨ ਪਿੰਡ ਖੇਤਰ ਵਿੱਚ ਗੈਰ-ਕਾਨੂੰਨੀ ਮਾਈਨਿੰਗ ਬਾਰੇ ਸੂਚਨਾ ਮਿਲੀ ਸੀ। ਜਾਣਕਾਰੀ ਦੇ ਆਧਾਰ 'ਤੇ, ਮਾਈਨਿੰਗ ਵਿਭਾਗ ਦੀ ਟੀਮ ਨੇ ਤਾਰਾਗੜ੍ਹ ਪੁਲਸ ਦੇ ਨਾਲ ਮਿਲ ਕੇ ਮੌਕੇ 'ਤੇ ਛਾਪਾ ਮਾਰਿਆ। ਜਾਂਚ ਦੌਰਾਨ, ਬੱਜਰੀ ਦੀ ਗੈਰ-ਕਾਨੂੰਨੀ ਖੁਦਾਈ ਲਈ ਵਰਤੀ ਜਾਣ ਵਾਲੀ ਇੱਕ ਪੋਕਲੇਨ/ਐਕਸਕਵੇਟਰ ਮਸ਼ੀਨ ਅਤੇ ਮਾਈਨਿੰਗ ਕੀਤੀ ਗਈ ਬੱਜਰੀ ਨਾਲ ਭਰਿਆ ਇੱਕ ਟਿੱਪਰ ਟਰੱਕ ਮੌਕੇ ਤੋਂ ਬਰਾਮਦ ਕੀਤਾ ਗਿਆ। ਪੁਲਸ ਨੇ ਮਾਈਨਿੰਗ ਕਾਰਜ 'ਚ ਵਰਤੀ ਜਾਣ ਵਾਲੀ ਮਸ਼ੀਨਰੀ ਜ਼ਬਤ ਕਰ ਲਈ। ਜ਼ਬਤ ਕੀਤੇ ਗਏ ਵਾਹਨਾਂ ਵਿੱਚ ਪੋਕਲੇਨ ਦਾ ਸੀਆਰ ਨੰਬਰ ©635401027 ਅਤੇ ਬਜਰੀ ਨਾਲ ਭਰੇ ਟਿੱਪਰ ਦਾ ਚੈਸੀ ਨੰਬਰ $1"569054 ਸ਼ਾਮਲ ਸੀ। ਟਿੱਪਰ ਵਿੱਚ 400 ਘਣ ਫੁੱਟ ਗੈਰ-ਕਾਨੂੰਨੀ ਬਜਰੀ ਲੱਦੀ ਹੋਈ ਸੀ।



ਪੁਲਸ ਜਾਂਚ 'ਚ ਪਤਾ ਲੱਗਾ ਹੈ ਕਿ ਇਹ ਗੈਰ-ਕਾਨੂੰਨੀ ਮਾਈਨਿੰਗ ਨਵਜੋਤ ਸਿੰਘ ਕਰ ਰਿਹਾ ਸੀ। ਜੂਨੀਅਰ ਇੰਜੀਨੀਅਰ ਅਭਿਮਨਿਊ ਕਾਂਡਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਤਾਰਾਗੜ੍ਹ ਥਾਣੇ ਦੇ ਏਐਸਆਈ ਧਰਮਪਾਲ ਨੇ ਦੋਸ਼ੀ ਨਵਜੋਤ ਸਿੰਘ ਵਿਰੁੱਧ ਮਾਈਨ ਐਂਡ ਮਿਨਰਲਜ਼ ਐਕਟ, 1957 ਦੀ ਧਾਰਾ 21(1) ਅਤੇ ਭਾਰਤੀ ਦੰਡ ਸੰਹਿਤਾ ਦੀ ਧਾਰਾ 303(2) ਅਤੇ 318(4) ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਇਸ ਮਾਮਲੇ ਵਿੱਚ ਅਗਲੇਰੀ ਕਾਨੂੰਨੀ ਕਾਰਵਾਈ ਕਰ ਰਹੀ ਹੈ।

ਹੋਟਲ ਦੀ ਆੜ ਹੇਠ ਦੇਹ ਵਪਾਰ ਦਾ ਪਰਦਾਫਾਸ਼, ਮੈਨੇਜਰ ਸਮੇਤ 5 ਗ੍ਰਿਫ਼ਤਾਰ

ਜ਼ੀਰਕਪੁਰ 3 ਨਵੰਬਰ। ਸਪਾ ਸੈਂਟਰਾਂ ਦੀ ਆੜ ਹੇਠ ਦੇਹ ਵਪਾਰ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹੁਣ ਹੋਟਲਾਂ 'ਚ ਵੀ ਅਜਿਹੀਆਂ ਨਾਜਾਇਜ਼



ਗਤੀਵਿਧੀਆਂ ਦਾ ਖ਼ੁਲਾਸਾ ਹੋਣ ਲੱਗਾ ਹੈ। ਤਿਉਹਾਰਾਂ ਦੇ ਮੱਦੇਨਜ਼ਰ ਚਲਾਈ ਜਾ ਰਹੀ ਵਿਸ਼ੇਸ਼ ਜਾਂਚ ਮੁਹਿੰਮ ਤਹਿਤ ਪੁਲਸ ਨੇ ਸ਼ਿਵਾਲਿਕ ਵਿਹਾਰ ਸਥਿਤ ਹੋਟਲ ਸੁਪਰ ਸੈਵਨ 'ਚ ਛਾਪੇਮਾਰੀ ਕਰਕੇ ਦੇਹ ਵਪਾਰ ਦੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਹੋਟਲ ਮੈਨੇਜਰ ਸਮੇਤ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਦੋਂ ਕਿ 4 ਕੁੜੀਆਂ ਨੂੰ ਸੁਰੱਖਿਅਤ ਛੁਡਵਾਇਆ ਗਿਆ। ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਮੁਤਾਬਕ ਤਿਉਹਾਰਾਂ ਦੌਰਾਨ ਸ਼ਹਿਰ 'ਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਤੇ ਨਾਜਾਇਜ਼ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਪੁਲਸ ਵੱਲੋਂ ਹੋਟਲਾਂ, ਸਪਾ ਸੈਂਟਰਾਂ ਤੇ ਹੋਰ ਕਾਰੋਬਾਰੀ ਅਦਾਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਮੁਹਿੰਮ ਦੌਰਾਨ ਪੁਲਸ ਟੀਮ ਨੇ ਸ਼ਿਵਾਲਿਕ ਵਿਹਾਰ ਦੇ ਹੋਟਲ ਸੁਪਰ ਸੈਵਨ 'ਚ ਛਾਪਾ ਮਾਰਿਆ। ਜਾਂਚ ਦੌਰਾਨ ਹੋਟਲ 'ਚ ਦੇਹ ਵਪਾਰ ਨਾਲ ਸਬੰਧਿਤ ਗਤੀਵਿਧੀਆਂ ਸਾਹਮਣੇ ਆਉਣ 'ਤੇ ਮੈਨੇਜਰ ਤੇ ਚਾਰ ਹੋਰ ਵਿਅਕਤੀਆਂ ਨੂੰ ਮੌਕੇ ਤੋਂ ਕਾਬੂ ਕਰ ਲਿਆ। ਦੂਜੇ ਪਾਸੇ ਲੋਕਾਂ ਨੇ ਮੰਗ ਕੀਤੀ ਕਿ ਰਿਹਾਇਸ਼ੀ ਖੇਤਰਾਂ 'ਚ ਚੱਲ ਰਹੇ ਹੋਟਲਾਂ ਦੇ ਲਾਈਸੈਂਸ, ਮਹਿਮਾਨਾਂ ਦੇ ਰਜਿਸਟਰ, ਪਛਾਣ ਪੱਤਰਾਂ ਦੇ ਰਿਕਾਰਡ ਤੇ ਨਿਯਮਾਂ ਦੀ ਪਾਲਣਾ ਦੀ ਜਾਂਚ ਕੀਤੀ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਹੋਟਲਾਂ ਦੀ ਆੜ ਹੇਠ ਨਾਜਾਇਜ਼ ਧੰਦੇ ਚੱਲਣਾ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਰਿਹਾਇਸ਼ੀ ਖੇਤਰਾਂ ਦੀ ਸੁਰੱਖਿਆ ਲਈ ਵੀ ਚਿੰਤਾ ਦਾ ਵਿਸ਼ਾ ਹੈ। ਏ. ਐੱਸ. ਪੀ. ਗਜ਼ਲਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤਿਉਹਾਰਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਵਿਸ਼ੇਸ਼ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਹੋਟਲ ਸੁਪਰ ਸੈਵਨ 'ਚ ਕੀਤੀ ਛਾਪੇਮਾਰੀ ਦੌਰਾਨ ਚਾਰ ਕੁੜੀਆਂ ਨੂੰ ਛੁਡਵਾਇਆ ਗਿਆ ਹੈ ਅਤੇ ਹੋਟਲ ਮੈਨੇਜਰ ਸਮੇਤ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਨਾਜਾਇਜ਼ ਗਤੀਵਿਧੀਆਂ 'ਚ ਸ਼ਾਮਲ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।

ਪਰਮਿੰਦਰ ਝੋਟਾ ਦੇ ਹੱਕ 'ਚ ਲੱਗੇ ਧਰਨੇ ਦੌਰਾਨ ਨਸ਼ੀਲੇ ਕੈਪਸੂਲਾਂ ਦੀ ਵਿਕਰੀ ਦਾ ਮਾਮਲਾ ਆਇਆ ਸਾਹਮਣੇ

ਕੌਮੀ ਪਤ੍ਰਿਕਾ

ਮਹਿਲ ਕਲਾਂ 3 ਨਵੰਬਰ। ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਮਿੰਦਰ ਸਿੰਘ ਝੋਟਾ ਦੀ ਮੌਤ ਦੇ ਮਾਮਲੇ ਨੂੰ ਲੈ ਕੇ ਪੰਜਾਬ ਬੰਦ ਦੇ ਸੱਦੇ ਦੌਰਾਨ ਮਹਿਲ ਕਲਾਂ ਦੇ ਬੱਸ ਸਟੈਂਡ ਨੇੜੇ ਇਨਸਾਫ਼ ਦੀ ਮੰਗ ਲਈ ਚੱਲ ਰਹੇ ਧਰਨੇ ਦੌਰਾਨ ਨਸ਼ੀਲੇ ਕੈਪਸੂਲਾਂ ਦੀ ਵਿਕਰੀ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ, ਅਨਾਜ ਮੰਡੀ ਦੇ ਗੇਟ ਨੰਬਰ-2 ਨੇੜੇ ਸਥਿਤ ਇੱਕ ਚਾਹ ਦੇ ਖੋਖੇ ਤੋਂ 240 ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ ਗਏ ਹਨ। ਇਸ ਤੋਂ ਇਲਾਵਾ ਹੋਰ ਨਸ਼ੀਲੀਆਂ ਗੋਲੀਆਂ ਵੀ ਮਿਲਣ ਦੀ ਪੁਲਿਸ ਨੇ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ, ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਗੁਰਜੀਤ ਸਿੰਘ ਮਾਹਮਦਪੁਰ ਦੀ ਟੀਮ ਵੱਲੋਂ ਨਸ਼ੀਲੇ ਪਦਾਰਥਾਂ ਦੀ ਵਿਕਰੀ ਸਬੰਧੀ ਜਾਣਕਾਰੀ ਮਿਲਣ 'ਤੇ ਕਾਰਵਾਈ ਕੀਤੀ ਗਈ। ਦੱਸਿਆ ਜਾਂਦਾ ਹੈ ਕਿ ਟੀਮ ਦੇ ਇੱਕ ਸਾਥੀ ਨੂੰ ਚਾਹ ਦੇ ਖੋਖੇ 'ਤੇ ਭੇਜਿਆ ਗਿਆ, ਜਿਸ ਨੇ ਸਰੀਰ ਟੁੱਟਣ ਦੀ ਗੱਲ ਕਹਿ ਕੇ ਕੈਪਸੂਲਾਂ ਦੀ ਮੰਗ ਕੀਤੀ। ਦਾਅਵੇ ਅਨੁਸਾਰ, ਖੋਖਾ ਚਲਾਉਣ ਵਾਲੇ ਵਿਅਕਤੀ ਨੇ ਉਸ ਨੂੰ 2,500 ਰੁਪਏ ਵਿੱਚ ਕੈਪਸੂਲਾਂ ਦੇ ਪੰਜ ਪੱਤੇ ਦਿੱਤੇ। ਇਸ ਤੋਂ



ਬਾਅਦ ਗੁਰਜੀਤ ਰ ਮਾਹਮਦਪੁਰ ਨੇ ਆਪਣੀ ਟੀਮ ਸਮੇਤ ਉਕਤ ਖੋਖੇ ਦੀ ਤਲਾਸ਼ੀ ਲਈ। ਟੀਮ ਅਨੁਸਾਰ, ਉੱਥੋਂ ਪ੍ਰੀਗਾਬਾਲਿਨ ਕੈਪਸੂਲਾਂ ਦੇ ਕੁੱਲ 16 ਪੱਤੇ, ਜਿਨ੍ਹਾਂ ਵਿੱਚ 240 ਕੈਪਸੂਲ ਸਨ, ਬਰਾਮਦ ਹੋਏ। ਟੀਮ ਵੱਲੋਂ ਸਬੰਧਤ ਵਿਅਕਤੀ ਦਾ ਆਧਾਰ ਕਾਰਡ ਵੀ ਆਪਣੇ ਕਬਜ਼ੇ ਵਿੱਚ ਲਏ ਜਾਣ ਦੀ ਗੱਲ ਕਹੀ ਗਈ ਹੈ। ਜ਼ਿਕਰਯੋਗ ਹੈ ਕਿ ਪਰਮਿੰਦਰ ਸਿੰਘ ਝੋਟਾ ਵੱਲੋਂ ਮਾਨਸਾ ਵਿਖੇ ਪ੍ਰੀਗਾਬਾਲਿਨ ਕੈਪਸੂਲਾਂ ਦੀ ਕਥਿਤ ਗੈਰ-ਕਾਨੂੰਨੀ ਵਿਕਰੀ ਵਿਰੁੱਧ ਮੁਹਿੰਮ ਚਲਾਈ ਗਈ ਸੀ। ਹੁਣ ਉਸ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਚੱਲ ਰਹੇ ਧਰਨੇ ਦੇ ਨੇੜੇ ਅਜਿਹੀ ਬਰਾਮਦਗੀ ਹੋਣ ਨਾਲ ਨਸ਼ਿਆਂ ਦੀ ਰੋਕਥਾਮ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸਬੰਧੀ ਸਵਾਲ ਉੱਠ ਰਹੇ ਹਨ। ਇਸ ਮੌਕੇ ਗੁਰਜੀਤ ਸਿੰਘ ਮਾਹਮਦਪੁਰ ਨੇ ਧਰਨੇ ਵਿੱਚ ਪਹੁੰਚ ਕੇ ਇਕੱਠ ਵਿੱਚ ਬਰਾਮਦ ਕੀਤੇ ਗਏ ਕੈਪਸੂਲ ਵੀ ਦਿਖਾਏ। ਇਸ ਸਬੰਧੀ ਥਾਣਾ ਮਹਿਲ ਕਲਾਂ ਦੀ ਐੱਸ.ਐੱਚ.ਓ. ਕਮਲਜੀਤ ਕੌਰ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲਿਸ ਨੇ ਸਬੰਧਤ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਉਨ੍ਹਾਂ ਅਨੁਸਾਰ, ਮੁਲਜ਼ਮ ਕੋਲੋਂ ਪ੍ਰੀਗਾਬਾਲਿਨ ਕੈਪਸੂਲਾਂ ਦੇ 16 ਪੱਤੇ, ਕੁੱਲ 240 ਕੈਪਸੂਲ ਅਤੇ ਹੋਰ ਨਸ਼ੀਲੀਆਂ ਗੋਲੀਆਂ ਦੇ ਦੋ ਪੱਤੇ, ਜਿਨ੍ਹਾਂ ਵਿੱਚ 20 ਗੋਲੀਆਂ ਸਨ, ਬਰਾਮਦ ਕੀਤੇ ਗਏ ਹਨ। ਐੱਸ.ਐੱਚ.ਓ. ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਟਰੱਕ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੀ ਮੌਤ

ਰਾਜਪੁਰਾ 3 ਨਵੰਬਰ। ਬੀਤੇ ਦਿਨ ਪਿੰਡ ਸਲੇਮਪੁਰ ਸ਼ੇਖਾਂ ਨੇੜੇ ਵਾਪਰੇ ਇਕ ਸੜਕ ਹਾਦਸੇ ਦੌਰਾਨ ਟਰੱਕ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਲਵਿੰਦਰ ਸਿੰਘ ਵਜੋਂ ਹੋਈ ਹੈ। ਪੁਲਸ ਨੇ ਟਰੱਕ ਚਾਲਕ ਖ਼?ਲਾਫ਼ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਾਦਸੇ ਸਬੰਧੀ ਝਰਮਲ ਸਿੰਘ ਵਾਸੀ ਸਲੇਮਪੁਰ ਸ਼ੇਖਾਂ ਨੇ ਥਾਣਾ ਸ਼ੰਭੂ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਦੱਸਿਆ ਕਿ ਬੀਤੇ ਦਿਨ ਉਸ ਦਾ ਚਚੇਰਾ ਭਰਾ ਬਲਵਿੰਦਰ ਸਿੰਘ ਵਾਸੀ ਸਲੇਮਪੁਰ ਸ਼ੇਖਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਸਥਿਤ ਕੰਟੇਨਰ ਫੈਕਟਰੀ ਨੇੜੇ ਜਾ ਰਿਹਾ ਸੀ।

ਲੁਧਿਆਣਾ 'ਚ ਵਕੀਲ ਨੂੰ ਮਿਲ ਰਹੀਆਂ ਧਮਕੀਆਂ

ਲੁਧਿਆਣਾ 3 ਨਵੰਬਰ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਪਮਾਨਜਨਕ ਅਤੇ ਧਮਕੀ ਭਰੀਆਂ ਟਿੱਪਣੀਆਂ ਅਤੇ ਫ਼ੋਨ ਕਾਲਾਂ ਰਾਹੀਂ ਧਮਕਾਉਣ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਪੀੜਤ ਵਕੀਲ ਦੀ ਸ਼ਿਕਾਇਤ ਦੇ ਆਧਾਰ 'ਤੇ, ਪੁਲਸ ਨੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਹੈ। ਸਾਈਬਰ ਸੈੱਲ ਦੀ ਮਦਦ ਨਾਲ ਪੁਲਸ ਹੁਣ ਧਮਕੀਆਂ ਲਈ ਵਰਤੇ ਗਏ ਸੋਸ਼ਲ ਮੀਡੀਆ ਪ੍ਰੋਫਾਈਲਾਂ ਅਤੇ ਮੋਬਾਈਲ ਨੰਬਰਾਂ ਦੇ ਵੇਰਵਿਆਂ ਦੀ ਜਾਂਚ ਕਰ ਰਹੀ ਹੈ। ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ, ਸ਼ਿਕਾਇਤਕਰਤਾ ਅਰੁਣ ਖੁਰਮੀ ਨੇ ਕਿਹਾ ਕਿ ਉਸਨੂੰ ਕੁਝ ਸਮੇਂ ਤੋਂ ਅਣਪਛਾਤੇ ਵਿਅਕਤੀਆਂ ਦੁਆਰਾ ਲਗਾਤਾਰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਦੋਸ਼ੀ ਸ਼ਿਕਾਇਤਕਰਤਾ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਖੁੱਲ੍ਹੇਆਮ ਧਮਕੀ ਭਰੀਆਂ ਟਿੱਪਣੀਆਂ ਪੋਸਟ ਕਰ ਰਹੇ ਸਨ। ਇਸ ਤੋਂ ਇਲਾਵਾ, ਉਸਨੂੰ ਅਣਪਛਾਤੇ ਨੰਬਰਾਂ ਤੋਂ ਵਾਰ-ਵਾਰ ਫੋਨ ਕਾਲ ਆ ਰਹੇ ਸਨ, ਪੀੜਤ ਨੂੰ ਧਮਕੀਆਂ ਦੇ ਰਹੇ ਸਨ ਅਤੇ ਸਥਿਤੀ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪੀੜਤ ਨੂੰ ਸੋਸ਼ਲ ਮੀਡੀਆ ਅਤੇ ਫ਼ੋਨ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਦੋਸ਼ਾਂ ਦੀ ਪੁਸ਼ਟੀ ਹੋਣ 'ਤੇ, ਪੁਲਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਭਾਰਤੀ ਕਾਨੂੰਨ ਦੀਆਂ ਸੰਬੰਧਿਤ ਧਾਰਾਵਾਂ ਤਹਿਤ ਅਣਪਛਾਤੇ ਸ਼ੱਕੀ

ਰਿਸ਼ਤੇ ਤਾਰ-ਤਾਰ: ਸ਼ੱਕ ਦੀ ਅੱਗ 'ਚ ਸੜਿਆ ਪਰਿਵਾਰ, ਪਤੀ ਨੇ ਚਾਕੂ ਮਾਰ ਕੇ ਕੀਤਾ ਪਤਨੀ ਦਾ ਕਤਲ

ਲੁਧਿਆਣਾ 3 ਨਵੰਬਰ। ਪੱਖੋਵਾਲ ਰੋਡ ਸਥਿਤ ਵਿਕਾਸ ਨਗਰ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਦਾ ਚਾਕੂ ਨਾਲ ਕਈ ਵਾਰ ਕਰ ਕੇ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਕਮਲਜੀਤ ਕੌਰ ਅਤੇ ਮੁਲਜ਼ਮ ਪਤੀ ਦੀ ਪਛਾਣ ਰਵਿੰਦਰ ਸਿੰਘ ਵਜੋਂ ਹੋਈ ਹੈ। ਔਰਤ ਲਗਭਗ ਇਕ ਹਫ਼ਤਾ ਪਹਿਲਾਂ ਹੀ ਆਸਟ?ਰੇਲੀਆ ਤੋਂ ਪਰਤੀ ਸੀ, ਜਦਕਿ ਉਸ ਦਾ ਪਤੀ 2 ਦਿਨ ਪਹਿਲਾਂ ਹੀ ਆਸਟ?ਰੇਲੀਆ ਤੋਂ ਲੁਧਿਆਣਾ ਆਇਆ ਸੀ। ਮ੍ਰਿਤਕਾ ਦੇ ਪੁੱਤਰ ਗਗਨਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਯੋਜਨਾ ਤਹਿਤ ਉਸ ਨੂੰ ਬਾਜ਼ਾਰੋਂ ਜੂਸ ਲਿਆਉਣ ਲਈ ਭੇਜਿਆ। ਜਦੋਂ ਉਹ ਸ਼ਾਮ 5 ਵਜੇ ਵਾਪਸ ਆਇਆ ਤਾਂ ਪਿਤਾ ਘਰ ਦਾ ਦਰਵਾਜ਼ਾ ਖੋਲ੍ਹ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਅੰਦਰ ਬੈੱਡਰੂਮ ਵਿਚ ਉਸ ਦੀ ਮਾਂ ਲਹੂ-ਲੁਹਾਨ ਹਾਲਤ ਵਿਚ ਪਈ ਸੀ, ਜਿਸ ਨੂੰ ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਗਗਨਦੀਪ ਅਨੁਸਾਰ ਉਸ ਦਾ ਪਿਤਾ ਅਕਸਰ ਉਸ ਦੀ ਮਾਂ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਵਾਰਦਾਤ ਤੋਂ ਬਾਅਦ ਮੁਲਜ਼ਮ ਨੇ ਵਰਤਿਆ ਹੋਇਆ ਚਾਕੂ ਧੋ ਕੇ ਵਾਪਸ ਰਸੋਈ ਵਿਚ ਰੱਖ ਦਿੱਤਾ ਸੀ। ਥਾਣਾ ਦੁੱਗਰੀ ਦੇ ਇੰਸਪੈਕਟਰ ਗੁਰਮੁਖ ਸਿੰਘ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਚੰਦ ਘੰਟਿਆਂ ਵਿਚ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ।

ਨਹਿਰ 'ਚੋਂ ਔਰਤ ਦੀ ਲਾਸ਼ ਮਿਲਣ ਨਾਲ ਫੈਲੀ ਸਨਸਨੀ, 6 ਦਿਨਾਂ ਤੋਂ ਲਾਪਤਾ ਸੀ ਔਰਤ

ਨਵਾਂਸ਼ਹਿਰ/ਮੁਕੰਦਪੁਰ 3 ਨਵੰਬਰ। ਨਵਾਂਸ਼ਹਿਰ ਦੇ ਥਾਣਾ ਮੁਕੰਦਪੁਰ ਅਧੀਨ ਪੈਂਦੇ ਪਿੰਡ ਰਹਿਣ ਦੀ ਔਰਤ ਹਰਜੀਤ ਕੌਰ (60) ਦੀ ਲਾਸ਼ ਨਹਿਰ ਵਿਚੋਂ ਬਰਾਮਦ ਕੀਤੀ ਗਈ। ਹਰਜੀਤ ਕੌਰ ਪਤਨੀ ਸਤਨਾਮ ਸਿੰਘ ਦੀ ਲਾਸ਼ ਨਹਿਰ 'ਚੋਂ ਮਿਲਣ 'ਤੇ ਇਲਾਕੇ ਵਿਚ ਸਨਸਨੀ ਫੈਲ ਗਈ। ਮ੍ਰਿਤਕਾ ਦੇ ਪਤੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਹ 11 ਤਾਰੀਖ਼ ਨੂੰ ਸੰਗਰੂਰ



ਜ਼ਿਲ੍ਹੇ ਵਿਚ ਸੰਗਤ ਰੂਪ ਵਿਚ ਅਲੀ ਸ਼ੇਰ ਪਿੰਡ ਦੇ ਗੁਰੂ ਘਰ ਵਿਖੇ ਨਤਮਸਤਕ ਹੋਣ ਗਏ ਸਨ। ਉਸ ਦੀ ਪਤਨੀ ਅਤੇ ਨੂੰਹ ਦੋਵੇਂ ਘਰ ਵਿਚ ਸਨ। ਉਸ ਦੀ ਪਤਨੀ ਘਰੋਂ ਪੈਨਸ਼ਨ ਅਤੇ ਦਵਾਈ ਲੈਣ ਦਾ ਕਹਿ ਕੇ ਘਰੋਂ ਨਿਕਲੀ ਸੀ ਪਰ ਉਹ ਵਾਪਸ ਘਰ ਨਹੀਂ ਪਰਤੀ। ਪਰਿਵਾਰ ਵੱਲੋਂ ਫੇਸਬੁੱਕ 'ਤੇ ਹੋਰ ਗਰੁੱਪਾਂ 'ਚ ਲਾਪਤਾ ਹੋਣ ਦੀ ਖ਼ਬਰ ਦਿੱਤੀ ਪਰ ਕੋਈ ਥਹੁ ਪਤਾ ਨਾ ਮਿਲਿਆ। ਅੱਜ 16 ਅਕਤੂਬਰ ਨੂੰ ਨਹਿਰ ਵਿਚ ਪਾਣੀ ਬੰਦ ਹੋਣ ਕਰਕੇ ਕਿਸੇ ਨੇ ਵੇਖਿਆ ਕਿ ਔਰਤ ਦੀ ਮੂਧੇ ਮੂੰਹ ਲਾਸ਼ ਪਈ ਹੈ। ਘਰਦਿਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਥਾਣਾ ਮੁਕੰਦਪੁਰ ਨੂੰ ਇਤਲਾਹ ਦਿੱਤੀ। ਸਲਾਹ ਇਤਲਾਹ ਮਿਲਦੇ ਹੀ ਥਾਣਾ ਮੁਖੀ ਸਬ ਇੰਸਪੈਕਟਰ ਜਸਵਿੰਦਰ ਸਿੰਘ ਸਮੇਤ ਟੀਮ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨਹਿਰ ਵਿਚੋਂ ਕੱਢਵਾ ਕੇ ਪੋਸਟਮਾਰਟਮ ਕਰਵਾਉਣ ਲਈ ਅਗਲੀ ਕਾਰਵਾਈ ਸ਼ੁਰੂ ਦਿੱਤੀ। ਪੁਲਸ ਵੱਲੋਂ ਬਿਆਨ ਲਏ ਜਾਣ ਤੋਂ ਪਹਿਲਾਂ ਕਿਸੇ ਤਰ੍ਹਾਂ ਦੀ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਮ੍ਰਿਤਕਾ ਦੋ ਬੱਚਿਆਂ ਦੀ ਮਾਂ ਸੀ। ਉਸ ਦਾ ਪੁੱਤਰ ਅਮਰੀਕਾ ਵਿਚ ਰਹਿੰਦਾ ਹੈ ਅਤੇ ਧੀ ਸੰਗਰੂਰ ਵਿਖੇ ਵਿਆਹੀ ਹੋਈ ਹੈ।

ਦੀਵਾਲੀ ਅਤੇ ਗੁਰਪੁਰਬ ਮੌਕੇ ਪਟਾਕਿਆਂ ਦੀ ਵਿਕਰੀ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਅਰਜ਼ੀਆਂ ਦੀ ਮੰਗ

ਕੌਮੀ ਪਤ੍ਰਿਕਾ

ਸ੍ਰੀ ਮੁਕਤਸਰ ਸਾਹਿਬ 3 ਨਵੰਬਰ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਦੀਵਾਲੀ ਅਤੇ ਗੁਰਪੁਰਬ ਮੌਕੇ ਪਟਾਕਿਆਂ ਦੀ ਵਿਕਰੀ ਸਬੰਧੀ ਜ਼ਿਲਾ ਪ੍ਰਸ਼ਾਸਨ ਵੱਲੋਂ ਆਰਜ਼ੀ ਲਾਇਸੰਸ ਜਾਰੀ ਕਰਨ ਲਈ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਖ-ਵੱਖ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਵਧੀਕ ਡਿਪਟੀ ਕਮਿਸ਼ਨਰ ਡੈਵੀ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਹਲਕੇ ਵਿਚ ਮੰਡੀ ਲੱਖੇਵਾਲੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਖੇਡ ਗਰਾਊਂਡ, ਮੰਡੀ ਬਰੀਵਾਲਾ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ, ਟਿੱਬੀ ਸਾਹਿਬ ਰੋਡ 'ਤੇ ਗੁਰੂ ਨਾਨਕ ਕਾਲਜ ਦੇ ਸਾਹਮਣੇ ਖੁੱਲ੍ਹੀ ਜਗ?ਹਾ, ਬਠਿੰਡਾ ਰੋਡ 'ਤੇ ਕੈਨਾਲ ਕਾਲੋਨੀ ਦੇ ਸਾਹਮਣੇ ਵਾਲੀ ਜਗ?ਹਾ, ਅਬੋਹਰ ਰੋਡ 'ਤੇ



ਦਫ਼ਤਰ ਨਗਰ ਕੌਂਸਲ ਦੇ ਸਾਹਮਣੇ ਅਤੇ ਬਰਾੜ ਟਾਇਰਜ਼ ਦੇ ਸਾਹਮਣੇ ਮਾਰਕਿਟ ਕਮੇਟੀ ਦੀ ਜਗ?ਹਾ ਪਟਾਕਿਆਂ ਦੀ ਵਿਕਰੀ ਲਈ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹਲਕਾ ਮਲੋਟ ਵਿਚ ਪੁੱਡਾ ਕਾਲੋਨੀ ਮਲੋਟ, ਚੌਕ ਪੰਨੀਵਾਲਾ ਫੱਤਾ ਨੇੜੇ ਪੰਚਾਇਤ ਮਾਰਕਿਟ, ਥਾਣਾ ਲੰਬੀ ਦੇ ਨਾਲ ਦਸ਼ਮੇਸ਼ ਸਪੋਰਟਸ ਕਲੱਬ, ਮੰਡੀ ਕਿੱਲਿਆਂਵਾਲੀ ਵਿਖੇ ਮੰਡੀ ਬੋਰਡ ਦੀ ਜਗ?ਹਾ ਅਤੇ ਹਲਕਾ ਗਿੱਦੜਬਾਹਾ ਵਿੱਚ ਭਾਰੂ ਚੌਕ ਨੇੜੇ ਅਗਰਸੈਨ ਧਰਮਸ਼ਾਲਾ ਕੋਲ ਡੀ.ਏ.ਵੀ. ਹਾਈ ਸਕੂਲ ਦੇ ਪਲੇਅ ਗਰਾਊਂਡ ਅਤੇ ਦੋਦਾ ਵਿਖੇ ਬਾਬਾ ਧਿਆਨ ਦਾਸ ਦੇ ਡੇਰੇ ਦੀ ਜਗ?ਹਾ ਨਿਰਧਾਰਤ ਕੀਤੀ ਗਈ ਹੈ। ਇਨ੍ਹਾਂ ਨਿਰਧਾਰਤ ਥਾਵਾਂ 'ਤੇ ਪਟਾਕਿਆਂ ਦੇ ਲਾਇਸੰਸ ਜਾਰੀ ਕਰਨ ਸਬੰਧੀ ਅਰਜ਼ੀਆਂ 19 ਅਕਤੂਬਰ 2026 ਤੋਂ 23 ਅਕਤੂਬਰ 2026 ਨੂੰ ਸ਼ਾਮ 05:00 ਵਜੇ ਤੱਕ ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ ਦੇ ਸੇਵਾ ਕੇਂਦਰਾਂ ਵਿਚ ਪ੍ਰਾਪਤ ਕੀਤੀਆਂ ਜਾਣਗੀਆਂ। ਇਸ ਤੋਂ ਬਾਅਦ 3 ਨਵੰਬਰ 2026 ਨੂੰ ਬਾਅਦ ਦੁਪਹਿਰ 03:30 ਵਜੇ ਡਰਾਅ ਰਾਹੀਂ ਪਟਾਕੇ ਵੇਚਣ ਦੇ ਲਾਇਸੰਸ ਜਾਰੀ ਕੀਤੇ ਜਾਣਗੇ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਅਰਜ਼ੀਆਂ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਚਾਹਵਾਨ ਵਿਅਕਤੀ ਅਰਜ਼ੀ ਫਾਰਮ ਸੇਵਾ ਕੇਂਦਰਾਂ ਤੋਂ ਪ੍ਰਾਪਤ ਕਰਕੇ ਜਮ?ਹਾ ਕਰਵਾ ਸਕਦੇ ਹਨ। ਪ੍ਰਸ਼ਾਸਨ ਵੱਲੋਂ ਜਾਰੀ ਲਾਇਸੰਸ ਤੋਂ ਬਿਨਾਂ ਪਟਾਕੇ ਵੇਚਣ ਵਾਲਿਆਂ ਖ਼?ਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਪੁਲਸ ਦਾ ਏ. ਐੱਸ. ਆਈ. 25,000 ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ, ਸੰਗਰੂਰ ਦੇ ਥਾਣੇ 'ਚ ਹੈ ਤਾਇਨਾਤ

ਚੰਡੀਗੜ੍ਹ/ਸੰਗਰੂਰ 3 ਨਵੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਦਿੜ੍ਹਬਾ, ਜ਼ਿਲ੍ਹਾ ਸੰਗਰੂਰ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ. ਐੱਸ. ਆਈ.) ਤਰਸੇਮ ਲਾਲ ਨੂੰ 25 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਏ. ਐੱਸ. ਆਈ. ਨੂੰ ਅਨਾਜ ਮੰਡੀ ਭਵਾਨੀਗੜ੍ਹ ਦੇ ਇੱਕ ਵਸਨੀਕ ਵੱਲੋਂ ਦਰਜ ਕਰਾਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਕਿਸੇ ਹੋਰ ਮਾਮਲੇ 'ਚ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਛਾਪਾ ਨਾ ਮਾਰਨ ਬਦਲੇ ਏ. ਐੱਸ. ਆਈ. ਤਰਸੇਮ ਲਾਲ ਨੇ ਉਸ ਕੋਲੋਂ 30 ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਰਿਸ਼ਵਤ ਮੰਗਣ ਸਬੰਧੀ ਹੋਈ ਗੱਲਬਾਤ ਦੀ ਰਿਕਾਰਡਿੰਗ ਵੀ ਕਰ ਲਈ ਗਈ ਸੀ। ਸ਼ਿਕਾਇਤਕਰਤਾ ਰਿਸ਼ਵਤ ਦੇਣ ਲਈ ਤਿਆਰ ਨਹੀਂ ਸੀ, ਜਿਸ ਕਾਰਨ ਉਸ ਨੇ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਏ. ਐੱਸ. ਆਈ. ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਕੋਲ ਸ਼ਿਕਾਇਤ ਦਰਜ ਕਰਵਾਈ। ਇਸ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ ਏ. ਐੱਸ. ਆਈ. ਤਰਸੇਮ ਲਾਲ ਨੂੰ ਸ਼ਿਕਾਇਤਕਰਤਾ ਤੋਂ 25 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਕਾਬੂ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਖ਼?ਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

30 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਪਟਵਾਰੀ ਗ੍ਰਿਫ਼ਤਾਰ

ਚੰਡੀਗੜ੍ਹ 3 ਨਵੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਜ਼ਿਲ੍ਹਾ ਬਰਨਾਲਾ ਦੇ ਮਾਲ ਦਫ਼ਤਰ ਤਪਾ ਵਿਖੇ ਤਾਇਨਾਤ ਪਟਵਾਰੀ ਮਨੀਸ਼ ਕੁਮਾਰ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਜ਼ਿਲ੍ਹਾ ਬਰਨਾਲਾ ਦੀ ਤਹਿਸੀਲ ਤਪਾ ਦੇ ਪਿੰਡ ਭੋਤਨਾ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਉਕਤ ਮੁਲਜ਼ਮ ਉਸ ਦੀ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ 30,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਰਿਸ਼ਵਤ ਦੇਣ ਲਈ ਰਾਜ਼ੀ ਨਾ ਹੋਣ ਕਰਕੇ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਤੱਕ ਪਹੁੰਚ ਕੀਤੀ। ਉਸ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਮੁਲਜ਼ਮ ਪਟਵਾਰੀ ਮਨੀਸ਼ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਪਾਸੋਂ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਮੁਲਜ਼ਮ ਖ਼?ਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਜਲੰਧਰ 'ਚ ਬੇਕਾਬੂ ਸਕੂਲ ਬੱਸ ਘਰ ਦੇ ਗੇਟ ਨਾਲ ਟਕਰਾਈ, 10 ਬੱਚੇ ਸਨ ਸਵਾਰ

ਕੌਮੀ ਪਤ੍ਰਿਕਾ

ਜਲੰਧਰ 3 ਨਵੰਬਰ। ਜਲੰਧਰ ਦੇ ਸੋਢਲ ਇੰਡਸਟਰੀ ਇਲਾਕੇ 'ਚ ਤੇਜ਼ ਰਫ਼ਤਾਰ ਸਕੂਲ ਬੱਸ ਇਕ ਪਿਕਅੱਪ ਗੱਡੀ ਨੂੰ ਬਚਾਉਂਦੇ ਹੋਏ ਬੇਕਾਬੂ ਹੋ ਕੇ ਇਕ ਘਰ ਦੇ ਗੇਟ ਨਾਲ ਜਾ ਟਕਰਾਈ। ਹਾਦਸੇ ਸਮੇਂ ਬੱਸ 'ਚ ਕਰੀਬ 10 ਬੱਚੇ ਸਵਾਰ ਸਨ, ਜਿਨ੍ਹਾਂ 'ਚੋਂ ਇਕ ਬੱਚੇ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ 'ਚ ਬੱਸ ਬੁਰੀ ਤਰ੍ਹਾਂ ਨੁਕਸਾਨੀ ਗਈ, ਜਦਕਿ ਘਰ ਦਾ ਗੇਟ ਟੁੱਟ ਗਿਆ ਅਤੇ ਕੰਧਾਂ 'ਚ ਤਰੇੜਾਂ ਆ ਗਈਆਂ। ਪਰਿਵਾਰ ਨੇ ਹਾਦਸੇ ਦੀ ਸੂਚਨਾ ਸਬੰਧਤ ਥਾਣਾ 1 ਦੀ ਪੁਲਸ ਨੂੰ ਦਿੱਤੀ। ਘਰ ਦੀ ਮਾਲਕਣ ਰਾਜਵੰਤ ਕੌਰ ਨੇ ਦੱਸਿਆ ਕਿ ਉਹ ਹਾਦਸੇ ਸਮੇਂ ਘਰ 'ਚ ਮੌਜੂਦ ਸਨ। ਅਚਾਨਕ ਤੇਜ਼ ਰਫ਼ਤਾਰ ਬੱਸ ਬੇਕਾਬੂ ਹੋ ਕੇ ਉਨ੍ਹਾਂ ਦੇ ਘਰ ਦੇ ਗੇਟ ਨਾਲ ਟਕਰਾ ਗਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਬਹੁਤ ਜ਼ੋਰਦਾਰ ਆਵਾਜ਼ ਆਈ, ਘਰ ਦਾ ਗੇਟ ਬੁਰੀ ਤਰ੍ਹਾਂ ਟੁੱਟ ਗਿਆ ਅਤੇ ਕੰਧਾਂ 'ਚ ਤਰੇੜਾਂ ਆ ਗਈਆਂ। ਹਾਦਸੇ ਦੌਰਾਨ ਘਰ ਦੇ ਅੰਦਰ ਖੜ੍ਹੀ ਗੱਡੀ ਬੱਸ ਦੀ ਲਪੇਟ 'ਚ ਆਉਣ ਤੋਂ ਵਾਲ-ਵਾਲ ਬਚ ਗਈ। ਰਾਜਵੰਤ ਕੌਰ ਨੇ ਕਿਹਾ ਕਿ ਇਸ ਚੌਰਾਹੇ 'ਤੇ ਪਹਿਲਾਂ ਵੀ ਕਈ ਹਾਦਸੇ ਹੋ ਚੁੱਕੇ ਹਨ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਥੇ ਸਪੀਡ ਬ੍ਰੇਕਰ ਬਣਾਏ ਜਾਣ ਤਾਂ ਜੋ ਭਵਿੱਖ 'ਚ ਅਜਿਹੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਬੱਸ ਚਾਲਕ ਖ਼?ਲਾਫ਼ ਸਕੂਲ ਪ੍ਰਸ਼ਾਸਨ ਨੂੰ ਸ਼ਿਕਾਇਤ ਦਿੱਤੀ ਗਈ ਹੈ ਅਤੇ ਮਾਮਲੇ ਦੀ ਸੂਚਨਾ ਥਾਣਾ ਨੰਬਰ-1 ਦੀ ਪੁਲਸ ਨੂੰ ਵੀ ਦੇ ਦਿੱਤੀ ਗਈ ਹੈ। ਦੂਜੇ ਪਾਸੇ ਟਿਪਸ ਸਕੂਲ ਦੀ ਬੱਸ ਦੇ ਚਾਲਕ ਸ਼ੈਲੀ ਵਾਸੀ ਮਲਿਕਾ ਚੌਕ ਨੇ



ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਸਕੂਲ ਬੱਸ ਚਲਾ ਰਿਹਾ ਹੈ। ਉਸ ਨੇ ਕਿਹਾ ਕਿ ਜਦੋਂ ਉਹ ਅੰਡਰਬ੍ਰਿਜ ਤੋਂ ਇੰਡਸਟਰੀ ਏਰੀਆ ਵੱਲ ਆ ਰਿਹਾ ਸੀ ਤਾਂ ਚੌਰਾਹੇ 'ਤੇ ਅਚਾਨਕ ਤੇਜ਼ ਰਫ਼ਤਾਰ ਪਿਕਅੱਪ ਗੱਡੀ ਸਾਹਮਣੇ ਆ ਗਈ। ਪਿਕਅੱਪ ਨੂੰ ਬਚਾਉਣ ਦੀ ਕੋਸ਼ਿਸ਼ 'ਚ ਬੱਸ ਬੇਕਾਬੂ ਹੋ ਕੇ ਘਰ ਨਾਲ ਟਕਰਾ ਗਈ। ਚਾਲਕ ਨੇ ਦਾਅਵਾ ਕੀਤਾ ਕਿ ਬੱਸ ਦੀ ਰਫ਼ਤਾਰ ਜ਼ਿਆਦਾ ਨਹੀਂ ਸੀ ਸਗੋਂ ਬਰੇਕ 'ਚ ਪ੍ਰੈਸ਼ਰ ਹੋਣ ਕਾਰਨ ਬਰੇਕ ਲਗਾਉਣ 'ਤੇ ਬੱਸ ਬੇਕਾਬੂ ਹੋ ਗਈ ਅਤੇ ਘਰ ਦੇ ਗੇਟ 'ਚ ਟਕਰਾ ਗਈ। ਹਾਦਸੇ ਤੋਂ ਬਾਅਦ ਪਿਕਅੱਪ ਗੱਡੀ ਦਾ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਉਸ ਨੇ ਹਾਦਸੇ ਦੀ ਸੂਚਨਾ ਸਕੂਲ ਪ੍ਰਬੰਧਕਾਂ ਨੂੰ ਦਿੱਤੀ, ਜਿਸ ਤੋਂ ਬਾਅਦ ਸਕੂਲ ਪ੍ਰਬੰਧਕਾਂ ਨੇ ਦੂਜੀ ਬੱਸ ਮੌਕੇ 'ਤੇ ਭੇਜੀ, ਜਿਸ ਰਾਹੀਂ ਬੱਚਿਆਂ ਨੂੰ ਸ਼ਿਫ਼ਟ ਕਰਕੇ ਸਕੂਲ ਪਹੁੰਚਾਇਆ ਗਿਆ। ਸਕੂਲ ਪ੍ਰਬੰਧਨ ਦੇ ਅਧਿਕਾਰੀ ਵੀ ਮੌਕੇ 'ਤੇ ਪਹੁੰਚੇ ਅਤੇ ਘਰ ਦੇ ਪਰਿਵਾਰ ਨਾਲ ਗੱਲਬਾਤ ਕੀਤੀ। ਫਿਲਹਾਲ ਥਾਣਾ ਨੰਬਰ-1 ਦੀ ਪੁਲਿਸ ਨੂੰ ਸ਼ਿਕਾਇਤ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫ਼ਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਘਰ ਪੇਂਟ ਕਰਨ ਆਏ ਪੇਂਟਰ ਨਾਲ ਹੀ ਪਿਆਰ ਪਾ ਬੈਠੀ ਜਨਾਨੀ ! ਫ਼ਿਰ ਆਪਣੇ ਪਤੀ ਦਾ ਕਰ’ਤਾ ਕਤਲ

ਕੌਮੀ ਪਤ੍ਰਿਕਾ

ਵਿਜੈਪੁਰਾ 3 ਨਵੰਬਰ। ਕਰਨਾਟਕ ਦੇ ਵਿਜੈਪੁਰਾ ’ਚ ਇਕ ਵਿਅਕਤੀ ਦਾ ਕਾਰ ਨਾਲ ਕੁਚਲ ਕੇ ਕਤਲ ਕਰਨ ਦੇ ਮਾਮਲੇ ’ਚ ਉਸ਼ ਦੀ 30 ਸਾਲਾ ਪਤਨੀ ਅਤੇ ਉਸ ਦੇ ਪ੍ਰੇਮੀ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਸੋਮਵਾਰ ਨੂੰ ਕਿਹਾ ਕਿ ਇਸ ਮਾਮਲੇ ’ਚ ਇਕ ਨਾਬਾਲਗ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ’ਚ ਵਿਅਕਤੀ ਦੀ ਪਤਨੀ ਅਸ਼ਵਨੀ ਅਤੇ ਉਸ ਦਾ ਪ੍ਰੇਮੀ ਆਨੰਦ ਰੌਤੱਪਾ ਕੱਲੂਰ (25) ਸ਼ਾਮਲ ਹਨ। ਪੁਲਸ ਦੇ ਅਨੁਸਾਰ, ਰਾਜਸ਼ੇਖਰ ਬਿਰਾਦਰ ਅਤੇ ਅਸ਼ਵਨੀ ਦਾ ਵਿਆਹ 10 ਸਾਲ ਪਹਿਲਾਂ ਹੋਇਆ ਸੀ ਅਤੇ ਉਨ੍ਹਾਂ ਦੇ 6 ਸਾਲ ਦੇ ਜੁੜਵਾ ਬੇਟੇ ਹਨ। ਪਰਿਵਾਰ ਏਕਤਾ ਨਗਰ, ਵਿਜੈਪੁਰਾ ’ਚ ਰਹਿੰਦਾ ਸੀ। ਵਿਜੇਪੁਰਾ ਦੇ ਪੁਲਸ ਸੁਪਰਡੈਂਟ (ਐੱਸਪੀ) ਲਕਸ਼ਮਣ ਨਿੰਬਰਗੀ ਨੇ ਕਿਹਾ ਕਿ ਇਹ ਮਾਮਲਾ 4 ਅਕਤੂਬਰ ਨੂੰ ਵਿਜੇਪੁਰਾ ਟ?ਰੈਫਿਕ ਪੁਲਸ ਸਟੇਸ਼ਨ ’ਚ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 281 (ਲਾਪਰਵਾਹੀ ਅਤੇ ਲਾਪਰਵਾਹੀ ਨਾਲ ਗੱਡੀ ਚਲਾਉਣਾ), 106(1) (ਲਾਪਰਵਾਹੀ ਨਾਲ ਮੌਤ ਦਾ ਕਾਰਨ ਬਣਨਾ) ਅਤੇ ਮੋਟਰ ਵਾਹਨ ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਗਏ ਇਕ ਸੜਕ ਹਾਦਸੇ ਦੀ ਜਾਂਚ ਦੌਰਾਨ ਸਾਹਮਣੇ ਆਇਆ। ਆਪਣੀ ਸ਼ਿਕਾਇਤ ’ਚ ਅਸ਼ਵਨੀ ਨੇ ਦਾਅਵਾ ਕੀਤਾ ਕਿ ਉਸ ਦਾ 42 ਸਾਲਾ ਪਤੀ ਰਾਜਸ਼ੇਖਰ 4 ਅਕਤੂਬਰ ਨੂੰ ਸਵੇਰੇ 5 ਤੋਂ 5:30 ਵਜੇ ਦੇ ਵਿਚਕਾਰ ਸੈਰ ਲਈ ਨਿਕਲਿਆ ਸੀ, ਉਦੋਂ ਕਿਸੇ ਅਣਪਛਾਤੇ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ’ਚ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਲਾਂਕਿ, ਹਾਦਸੇ ਦੀਆਂ ਸਥਿਤੀਆਂ ਨੂੰ ਲੈ ਕੇ ਸ਼ੱਕ ਪੈਦਾ ਹੋਇਆ ਅਤੇ ਜਾਂਚ ਦੌਰਾਨ ਸਾਜਿਸ਼ ਦਾ ਖੁਲਾਸਾ ਹੋਇਆ। ਪੁਲਸ ਦੇ ਅਨੁਸਾਰ, ਲਗਭਗ ਸੱਤ ਮਹੀਨੇ ਪਹਿਲਾਂ, ਰਾਜਸ਼ੇਖਰ ਅਤੇ ਅਸ਼ਵਨੀ ਨੇ ਇਕ ਨਵਾਂ ਘਰ ਬਣਵਾਇਆ ਸੀ ਅਤੇ ਉਸ ਨੂੰ ਪੇਂਟ ਕਰਨ ਦਾ ਕੰਮ ਕੱਲੂਰ ਨੂੰ ਸੌਂਪਿਆ ਗਿਆ ਸੀ। ਇਸ ਦੌਰਾਨ ਪੇਂਟਰ ਕੱਲੂਰ ਦੀ ਅਸ਼ਵਨੀ ਨਾਲ ਜਾਣ-ਪਛਾਣ ਅਤੇ ਦੋਵਾਂ ਵਿਚਾਲੇ ਦੋਸਤੀ ਹੋ ਗਈ। ਪੁਲਸ ਨੇ ਦੱਸਿਆ ਕਿ ਅਸ਼ਵਨੀ ਆਪਣੇ ਪਤੀ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ ਅਤੇ ਕੱਲੂਰ ਨਾਲ ਮਿਲ ਕੇ ਉਸ ਦਾ ਕਤਲ ਕਰ ਕੇ ਉਸ ਨੂੰ ਸੜਕ ਹਾਦਸੇ ਦਾ ਰੂਪ ਦੇਣ ਦੀ ਸਾਜਿਸ਼ ਰਚੀ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਇਸ ਸਾਜਿਸ਼ ਦੇ ਅਧੀਨ ਚਾਰ ਲੋਕਾਂ ਨੇ ਇਸ ਅਪਰਾਧ ਨੂੰ ਅੰਜਾਮ ਦਿੱਤਾ, ਜਿਸ ’ਚ ਇਕ ਨਾਬਾਲਗ ਵੀ ਸ਼ਾਮਲ ਸੀ। 4 ਅਕਤੂਬਰ ਨੂੰ ਸਵੇਰੇ 5:30 ਵਜੇ ਦੇ ਕਰੀਬ, ਜਦੋਂ ਰਾਜਸ਼ੇਖਰ ਸੈਰ ਲਈ ਬਾਹਰ ਗਿਆ, ਤਾਂ ਅਸ਼ਵਨੀ ਨੇ ਕੱਲੂਰ ਨੂੰ ਉਸ ਦੀ ਲੋਕੇਸ਼ਨ ਦੀ ਜਾਣਕਾਰੀ ਦਿੱਤੀ। ਕੱਲੂਰ ਨੇ ਮੋਟਰਸਾਈਕਲ ’ਤੇ ਰਾਜਸ਼ੇਖਰ ਦਾ ਪਿੱਛਾ ਕੀਤਾ ਅਤੇ ਆਪਣੇ ਸਾਥੀਆਂ ਨੂੰ ਉਸ ਦੇ ਟਿਕਾਣੇ ਬਾਰੇ ਦੱਸਿਆ। ਫਿਰ ਸਚਿਨ ਅਤੇ ਨਾਬਾਲਗ ਦੋਸ਼ੀ ਬਿਨਾਂ ਲਾਇਸੈਂਸ ਪਲੇਟ ਵਾਲੀ ਇਕ ਕਾਲੀ SUV ’ਚ ਆਏ ਅਤੇ ਰਾਜਸ਼ੇਖਰ ਨੂੰ ਕੁਚਲ ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ।

ਚੋਰ ਦੁਕਾਨ ’ਤੇ ਬੈਠੀ ਬਜ਼ੁਰਗ ਔਰਤ ਦੀਆਂ ਵਾਲੀਆਂ ਝਪਟ ਕੇ ਫ਼ਰਾਰ

ਚੌਂਕ ਮਹਿਤਾ 3 ਨਵੰਬਰ। ਚੋਰਾਂ ਵੱਲੋਂ ਦੁਕਾਨ ’ਤੇ ਬੈਠੀ ਇਕ ਬਜ਼ੁਰਗ ਔਰਤ ਦੀਆਂ ਵਾਲੀਆਂ ਝਪਟ ਲੈਣ ਦੀ ਵਾਰਦਾਤ ਸਾਹਮਣੇ ਆਈ ਹੈ। ਸਥਾਨਕ ਕਸਬਾ ਚੌਂਕ ਮਹਿਤਾ ਵਿਖੇ ਇਕ ਜਨਰਲ ਸਟੋਰ ਦੀ ਮਾਲਕ ਮਾਤਾ ਸੁਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਉਹ ਆਪਣੀ ਦੁਕਾਨ ’ਤੇ ਬੈਠੇ ਸਨ। ਸ਼ਾਮ ਕਰੀਬ 5:20 ਵਜੇ ਮੋਟਰਸਾਈਕਲ ਸਵਾਰ 2 ਵਿਅਕਤੀ ਦੁਕਾਨ ਦੇ ਸਾਹਮਣੇ ਰੁਕਦੇ ਹਨ, ਜਿਨ੍ਹਾਂ ’ਚੋਂ ਇਕ ਵਿਅਕਤੀ ਕੁਝ ਸਾਮਾਨ ਲੈਣ ਦੇ ਬਹਾਨੇ ਦੁਕਾਨ ਦੇ ਅੰਦਰ ਆਉਂਦਾ ਹੈ ਅਤੇ ਸਾਮਾਨ ਲੈਣ ਤੋਂ ਬਾਅਦ ਵਾਪਸ ਬਾਹਰ ਨਹੀਂ ਜਾਂਦਾ। ਉਕਤ ਵਿਅਕਤੀ ਦੀ ਨੀਅਤ ’ਤੇ ਸ਼ੱਕ ਹੋਣ ਕਰਕੇ ਜਦੋਂ ਮੈਂ ਉਸ ਨੂੰ ਬਾਹਰ ਜਾਣ ਲਈ ਕਿਹਾ ਤਾਂ ਉਹ ਵਿਅਕਤੀ ਮੇਰੇ ਕੰਨਾਂ ਦੀਆਂ ਵਾਲੀਆਂ ਝਪਟ ਕੇ ਫ਼ੌਰਨ ਦੌੜ ਗਿਆ ਅਤੇ ਬਾਹਰ ਮੋਟਰਸਾਈਕਲ ’ਤੇ ਬੈਠੇ ਆਪਣੇ ਦੂਜੇ ਸਾਥੀ ਦੇ ਪਿੱਛੇ ਬੈਠ ਕੇ ਦੋਵੇਂ ਰਫੂਚੱਕਰ ਹੋ ਗਏ। ਇਸ ਦੌਰਾਨ ਸ਼ੋਰ-ਸ਼ਰਾਬੇ ਦੀ ਆਵਾਜ਼ ਸੁਣ ਕੇ ਸਾਡੇ ਗੁਆਂਢੀ ਦੁਕਾਨ ’ਤੇ ਆ ਗਏ ਪਰ ਉਕਤ ਚੋਰਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ। ਉਨ੍ਹਾਂ ਮੰਗ ਕੀਤੀ ਕਿ ਸਥਾਨਕ ਕਸਬੇ ਦੀਆਂ ਮੁੱਖ ਗਲੀਆਂ ਅਤੇ ਬਾਜ਼ਾਰਾਂ ’ਚ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਜੋ ਇਸ ਤਰ੍ਹਾਂ ਵਾਪਰਦੀਆਂ ਵਾਰਦਾਤਾਂ ਨੂੰ ਠੱਲ੍ਹ ਪੈ ਸਕੇ।

50 ਲੱਖ ਦੀ ਫਿਰੌਤੀ ਨਾ ਦੇਣ ’ਤੇ ਦੁਕਾਨ ’ਤੇ ਚਲਾਈਆਂ ਗੋਲੀਆਂ, ਬਣਿਆ ਦਹਿਸ਼ਤ ਦਾ ਮਾਹੌਲ

ਬਟਾਲਾ 3 ਨਵੰਬਰ। ਬਟਾਲਾ ਦੇ ਜਲੰਧਰ ਰੋਡ ’ਤੇ ਦਿਨ-ਦਿਹਾੜੇ ਫਾਇਰਿੰਗ ਦੀ ਘਟਨਾ ਨਾਲ ਇਲਾਕੇ ’ਚ ਦਹਿਸ਼ਤ ਫੈਲ ਗਈ। ਜਾਣਕਾਰੀ ਮੁਤਾਬਕ ਜਲੰਧਰ ਰੋਡ ਸਥਿਤ ਸ਼ਰਮਾ ਕਾਰ ਸ਼ਿੰਗਾਰ ਦੀ ਦੁਕਾਨ ’ਤੇ ਦੋ ਨੌਜਵਾਨਾਂ ਨੇ ਫਾਇਰਿੰਗ ਕੀਤੀ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰਾਂ ਨੇ ਦੁਕਾਨ ’ਤੇ ਦੋ ਫਾਇਰ ਕੀਤੇ। ਇਸ ਦੌਰਾਨ ਦੁਕਾਨ ਦੇ ਕਾਊਂਟਰ ’ਤੇ ਬੈਠੇ ਮਾਲਕ ਨਰੇਸ਼ ਕੁਮਾਰ ਦੇ ਪਿਤਾ ਜਸਵਿੰਦਰ ਮੋਹਨ ਦੀ ਜਾਨ ਵਾਲ-ਵਾਲ ਬਚੀ। ਇੱਕ ਗੋਲੀ ਉਨ੍ਹਾਂ ਦੇ ਚਿਹਰੇ ਦੇ ਕੋਲੋਂ ਦੀ ਲੰਘਦੀ ਹੋਈ ਦੁਕਾਨ ਦਾ ਸ਼ੀਸ਼ਾ ਤੋੜ ਗਈ। ਦੁਕਾਨ ਮਾਲਕ ਨਰੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਵਿਦੇਸ਼ੀ ਨੰਬਰਾਂ ਤੋਂ 50 ਲੱਖ ਰੁਪਏ ਦੀ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਸਨ ਅਤੇ ਪੈਸੇ ਨਾ ਦੇਣ ’ਤੇ ਫਾਇਰਿੰਗ ਕੀਤੀ ਗਈ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਫਾਇਰਿੰਗ ਹੋਈ ਉਸ ਸਮੇਂ ਦੁਕਾਨ ਅੰਦਰ ਐਸ. ਐਸ. ਪੀ. ਬਟਾਲਾ ਦੀ ਸਰਕਾਰੀ ਗੱਡੀ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀ. ਐਸ. ਪੀ. ਸਿਟੀ ਸੁਖਇੰਦਰ ਸਿੰਘ ਸਮੇਤ ਪੁਲਸ ਅਧਿਕਾਰੀ ਮੌਕੇ ’ਤੇ ਪਹੁੰਚੇ।

ਮੈਡੀਕਲ ਸਟੋਰ ’ਤੇ ਲੱਗੇ ਨਸ਼ੀਲੀਆਂ ਗੋਲੀਆਂ ਵੇਚਣ ਦੇ ਦੋਸ਼ !

ਫ਼ਤਿਹਗੜ੍ਹ ਸਾਹਿਬ 3 ਨਵੰਬਰ। ਸਰਹਿੰਦ ਵਿਖੇ ਸਥਿਤ ਮੈਡੀਕਲ ਦੀ ਦੁਕਾਨ ਦੀ ਇਕ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿਚ ਪ੍ਰੈਗਾ ਕੈਪਸੂਲ ਸਮੇਤ ਨਸ਼ੇ ਵਜੋਂ ਵਰਤੀਆਂ ਜਾਣ ਵਾਲੀਆਂ ਦਵਾਈਆਂ ਸ਼ਰੇਆਮ ਵੇਚੇ ਜਾਣ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਵੀਡੀਓ ਬਣਾਉਣ ਵਾਲੇ ਵਿਅਕਤੀ ਨੇ ਦਾਅਵਾ ਕੀਤਾ ਕਿ ਉਕਤ ਦੁਕਾਨ ’ਤੇ ਬਿਨਾਂ ਡਾਕਟਰੀ ਪਰਚੀ ਤੋਂ ਨਸ਼ੀਲੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਵਾਇਰਲ ਵੀਡੀਓ ਹੋਣ ਤੋਂ ਬਾਅਦ ਡਰੱਗ ਇੰਸਪੈਕਟਰ ਨਵਦੀਪ ਅਤੇ ਡੀ.ਐੱਸ.ਪੀ. ਫਤਿਹਗੜ੍ਹ ਸਾਹਿਬ ਕੁਲਬੀਰ ਸਿੰਘ ਮੌਕੇ ’ਤੇ ਪਹੁੰਚੇ। ਹਾਲਾਂਕਿ, ਜਾਂਚ ਟੀਮ ਦੇ ਪਹੁੰਚਣ ਤੋਂ ਪਹਿਲਾਂ ਹੀ ਦੁਕਾਨਦਾਰ ਆਪਣੀ ਦੁਕਾਨ ਬੰਦ ਕਰਕੇ ਮੌਕੇ ਤੋਂ ਚਲਾ ਗਿਆ ਸੀ। ਮੀਡੀਆ ਨਾਲ ਗੱਲਬਾਤ ਕਰਦਿਆਂ ਡਰੱਗ ਇੰਸਪੈਕਟਰ ਨਵਦੀਪ ਨੇ ਦੱਸਿਆ ਕਿ ਉਕਤ ਜਿੰਦਲ ਮੈਡੀਕੋਜ਼ ਸਟੋਰ ਦੀ ਪਹਿਲਾਂ ਵੀ ਇਕ ਵੀਡੀਓ ਵਾਇਰਲ ਹੋਈ ਸੀ, ਜਿਸ ਦੇ ਆਧਾਰ ’ਤੇ ਜਾਂਚ ਕਰਕੇ ਦੁਕਾਨਦਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਵਿਚ ਕੁਝ ਗੰਭੀਰ ਕਮੀਆਂ ਪਾਈਆਂ ਗਈਆਂ ਹਨ ਅਤੇ ਜਲਦ ਹੀ ਵਿਭਾਗ ਵੱਲੋਂ ਮੈਡੀਕਲ ਸਟੋਰ ਦਾ ਲਾਇਸੈਂਸ ਮੁਅੱਤਲ (ਸਸਪੈਂਡ) ਕਰ ਦਿੱਤਾ ਜਾਵੇਗਾ। ਨਵਦੀਪ ਨੇ ਕਿਹਾ ਸਥਾਨਕ ਕੈਮਿਸਟ ਐਸੋਸੀਏਸ਼ਨ ਨੇ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੰਗਾਮੀ ਮੀਟਿੰਗ ਕੀਤੀ ਅਤੇ ਦੁਕਾਨ ਨੂੰ ਬੰਦ ਕਰਵਾ ਦਿੱਤਾ। ਐਸੋਸੀਏਸ਼ਨ ਨੇ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਵੇਚਣ ਵਾਲੇ ਕਿਸੇ ਵੀ ਵਿਅਕਤੀ ਦਾ ਸਾਥ ਨਹੀਂ ਦਿੱਤਾ ਜਾਵੇਗਾ। ਡੀ.ਐੱਸ.ਪੀ. ਕੁਲਬੀਰ ਸਿੰਘ ਅਨੁਸਾਰ, ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ ਹੋਣ ਤੋਂ ਤੁਰੰਤ ਬਾਅਦ ਪੁਲਸ ਹਰਕਤ ਵਿਚ ਆਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਸ ਟੀਮ ਅਤੇ ਡਰੱਗ ਵਿਭਾਗ ਵਲੋਂ ਸੰਯੁਕਤ ਰੂਪ ਵਿਚ ਕਾਨੂੰਨ ਮੁਤਾਬਕ ਬਣਦੀ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI


ਇਨਾਮਾਂ ਲਈ ਹੀ ਲਿਖਣਾ ਲੇਖਕ ਦਾ ਧਰਮ ਨਹੀਂ

ਬਲਦੇਵ ਸਿੰਘ ਆਜ਼ਾਦ

ਰੂਬਰੂ



• ਕੁਲਦੀਪ ਸਿੰਘ ਬੰਗੀ
94174-07778



ਸਾਡੇ ਸਮਾਜ 'ਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ। ਬਸ ਮੇਰਾ ਰਾਜਨੀਤੀ 'ਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ...

ਪੰਜਾਬੀ ਸਾਹਿਤ ਵਿਚ ਵਿਅੰਗ ਨੂੰ ਇਕ ਔਖੀ ਅਤੇ ਵਿਲੱਖਣ ਵਿਧਾ ਵਜੋਂ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਤ ਘੱਟ ਲੇਖਕਾਂ ਨੇ ਵਿਅੰਗ ਵਿਧਾ 'ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਇਸ ਵਿਧਾ ਦਾ ਸਾਹਿਤ ਦੇ ਖੇਤਰ ਵਿਚ ਆਪਣਾ ਇਕ ਵੱਖਰਾ ਮੁਕਾਮ ਹੈ। ਸਮਾਜ ਦੇ ਕੋਝਾਂ ਨੂੰ ਕਟਾਖਸ਼ ਰੂਪ ਵਿਚ ਕਹਿਣ ਲਈ ਇਹ ਵਿਧਾ ਬੜੀ ਸਾਰਥਿਕ ਸਿੱਧ ਹੋ ਰਹੀ ਹੈ। ਇਸ ਵਿਧਾ ਦੇ ਖੇਤਰ ਵਿਚ ਬਲਦੇਵ ਸਿੰਘ ਆਜ਼ਾਦ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਹ ਵਿਅੰਗ ਖੇਤਰ ਦਾ ਉੱਘਾ ਹਸਤਾਖ਼ਰ ਹੈ। ਉਸ ਨੇ ਆਪਣੀਆਂ ਲਿਖਤਾਂ ਵਿਚ ਢੁੱਕਵੀਂ ਅਤੇ ਪ੍ਰਭਾਵਸ਼ਾਲੀ ਬੋਲੀ-ਸ਼ੈਲੀ ਵਰਤ ਕੇ ਆਪਣੀ ਕਲਮ ਦਾ ਲੋਹਾ ਮੰਨਵਾਇਆ ਹੈ। ਉਹ ਸਾਹਿਤ ਵਿਧਾ ਦਾ ਅਜਿਹਾ ਅਨੁਭਵੀ ਖਿਡਾਰੀ ਹੈ, ਜਿਸ ਨੇ ਆਪਣੇ ਸੰਘਰਸ਼ੀ ਜੀਵਨ ਵਿਚ ਜੋ ਕੁਝ ਵੇਖਿਆ ਤੇ ਹੰਢਾਇਆ ਉਸ ਨੂੰ ਲੋਕ ਹਿਤੈਸ਼ੀ ਪੁੱਠ ਦੇ ਕੇ ਵਿਅੰਗ ਵਿਧਾ ਦੇ ਰੂਪ ਵਿਚ ਸਾਹਿਤ ਜਗਤ ਦੀ ਝੋਲੀ ਪਾਇਆ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

• ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ।

ਮੇਰਾ ਜਨਮ ਇਕ ਮਈ ਉੱਨੀ ਸੌ ਚੁਰੰਜਾ ਈਸਵੀ (01-05-1954) ਨੂੰ ਪਿੰਡ ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਤਾ ਗੁਰਬਚਨ ਕੌਰ ਅਤੇ ਪਿਤਾ ਜਗੀਰ ਸਿੰਘ ਆਜ਼ਾਦ ਦੇ ਘਰ ਹੋਇਆ। ਅਸੀਂ ਸੱਤ ਭੈਣ ਭਰਾ ਹਾਂ। ਮੇਰਾ ਪਿਛੋਕੜ ਸੁਤੰਤਰਤਾ ਸੈਨਾਨੀ ਪਰਿਵਾਰ ਦਾ ਹੈ। ਪਿਤਾ ਜੀ ਆਪਣੇ ਨਾਮ ਨਾਲ ਉਸ ਸਮੇਂ ਵੀ ਆਜ਼ਾਦ ਲਾਉਂਦੇ ਸਨ ਜਦੋਂ ਸਾਡਾ ਭਾਰਤ ਦੇਸ਼ ਗੁਲਾਮ ਸੀ। ਮੈਨੂੰ ਆਪਣੇ ਪਿਤਾ ਜੀ ਅਤੇ ਪਰਿਵਾਰ 'ਤੇ ਮਾਣ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੀ ਦੂਰ ਦ੍ਰਿਸ਼ਟੀ ਕਾਰਨ ਸਾਨੂੰ ਪੜ੍ਹਨ ਦੀ ਮਹੱਤਤਾ ਸਮਝਾਉਣ ਦੇ ਨਾਲ-ਨਾਲ ਵਧੀਆ ਸੰਸਕਾਰ ਦਿੱਤੇ। ਪਿਤਾ ਜੀ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲਾਹੌਰ ਅਤੇ ਮੁਲਤਾਨ ਵਿਖੇ ਆਪਣੇ ਸਮਿਆਂ ਵਿਚ ਜੇਲ੍ਹ ਵੀ ਕੱਟੀ।

• ਤੁਹਾਡੀ ਵਿੱਦਿਅਕ ਯੋਗਤਾ ਅਤੇ ਕਿੱਤਾ?

ਮੇਰੀ ਮੁੱਢਲੀ ਸਿੱਖਿਆ ਆਪਣੇ ਪਿੰਡ ਲੱਖੇਵਾਲੀ ਦੀ ਹੈ, ਜਦੋਂ ਕਿ ਮੈਟ੍ਰਿਕ ਦੀ ਪੜ੍ਹਾਈ ਨਾਲ ਲੱਗਦੇ ਪਿੰਡ ਭਾਗਸਰ ਤੋਂ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਅਤੇ ਬੀ. ਐੱਡ. ਖ਼ਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਪਾਸ ਕੀਤੀ। ਇਸ ਤਰ੍ਹਾਂ ਮੇਰੀ ਵਿੱਦਿਅਕ ਯੋਗਤਾ ਐੱਮ. ਏ. ਐੱਮ.ਐੱਡ ਹੈ ਕਿੱਤੇ ਵਜੋਂ ਸੰਨ ਉੱਨੀ ਸੌ ਉਨਾਸੀ (1979) ਵਿਚ ਮੇਰੀ ਪਹਿਲੀ ਨਿਯੁਕਤੀ ਪਿੰਡ ਸ਼ਾਮਖੇੜਾ ਬਤੌਰ ਐੱਸ. ਐੱਸ. ਅਧਿਆਪਕ ਵਜੋਂ ਹੋਈ ਤੇ ਮੈਂ ਸਰਕਾਰੀ ਸੇਵਾ ਵਿਚ ਆਇਆ। ਇਸ ਮਹਿਕਮੇ ਵਿਚ ਮੈਂ ਲਗਪਗ ਤੇਤੀ ਸਾਲ ਤਨ ਦੇਹੀ ਨਾਲ ਸੇਵਾ ਕੀਤੀ। ਮਹਿਕਮੇ ਵਿਚ ਤਰੱਕੀ ਹੋਣ ਕਰਕੇ ਮੈਂ ਤੀਹ ਅਪ੍ਰੈਲ ਦੋ ਹਜ਼ਾਰ ਬਾਰ੍ਹਾਂ ਵਿਚ ਜਦ ਸੇਵਾ ਮੁਕਤ ਹੋਇਆ ਤਾਂ ਬਤੌਰ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹਾਂ।

• ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ ਤੇ ਸਾਹਿਤਕ ਉਸਤਾਦ ਕੌਣ ਨੇ?

ਮੈਨੂੰ ਸਾਹਿਤ ਦੀ ਚੇਟਕ ਆਪਣੇ ਘਰੋਂ ਹੀ ਲੱਗੀ। ਮੇਰੇ ਪਿਤਾ ਜੀ ਆਪਣੇ ਸਮੇਂ ਦੇ ਮਸ਼ਹੂਰ ਸਟੇਜੀ ਕਵੀ ਸਨ। ਉਨ੍ਹਾਂ ਦਿਨਾਂ ਵਿਚ ਪਿਤਾ ਜੀ ਦੀ ਸਟੇਜੀ ਕਵਿਤਾ ਦੀ ਇਕ ਕਿਤਾਬ ਵੀ ਆਈ, ਜਿਸ ਦਾ ਨਾਂ 'ਅਜ਼ਾਦ ਦੇ ਤੀਰ' ਸੀ। ਉਨ੍ਹਾਂ ਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਕੇਵਲ ਜ਼ਿੰਦਗੀ ਦੀ ਜੀਵਨ ਜਾਚ ਹੀ ਨਹੀਂ ਸਿਖਾਈ ਬਲਕਿ ਪਰਿਵਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਾਹਿਤਕ ਗੁਰ ਵੀ ਸਿਖਾਏ। ਪਿਤਾ ਜੀ ਹੀ ਮੇਰੇ ਸਾਹਿਤਕ ਉਸਤਾਦ ਹਨ। ਪਰਿਵਾਰਕ ਮਾਹੌਲ ਸਾਹਿਤਕ ਹੋਣ ਕਰਕੇ ਮੈਂ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦਾ ਆਪਣੇ ਸਮੇਂ ਬੈਸਟ ਸਟੇਜੀ ਕਵੀ ਵੀ ਰਿਹਾ ਹਾਂ ਤੇ ਕਾਲਜ ਦੇ ਮੈਗਜ਼ੀਨ ਵਿਚ ਮੇਰੀਆਂ ਰਚਨਾਵਾਂ ਦਾ ਛਪਣਾ ਵੀ ਮੇਰੀ ਸਾਹਿਤਕ ਚੇਟਕ ਦਾ ਇਕ ਹਿੱਸਾ ਹੈ ਜਿਸ ਨਾਲ ਚੜ੍ਹਦੀ ਉਮਰੇ ਇਕ ਲੇਖਕ ਅਤੇ ਸਾਹਿਤਕਾਰ ਵਜੋਂ ਮੇਰੀ ਪਛਾਣ ਬਣਨੀ ਸ਼ੁਰੂ ਹੋ ਗਈ ਜੋ ਮੈਨੂੰ ਚੰਗੀ ਲੱਗਦੀ ਜਿਸ ਸਦਕਾ ਮੈਂ ਸਾਹਿਤਕ ਕਿਤਾਬਾਂ ਨੂੰ ਆਪਣਾ ਪੱਕਾ ਸਾਥੀ ਬਣਾ ਲਿਆ ਤੇ ਲਿਖਣਾ ਸ਼ੁਰੂ ਕੀਤਾ।

• ਤੁਸੀਂ ਕਿਸ-ਕਿਸ ਵਿਧਾ ਵਿਚ ਹੱਥ ਅਜਮਾਇਆ?

ਮੈਂ ਪੰਜਾਬੀ ਸਾਹਿਤ ਵਿਚ ਗੀਤ, ਗ਼ਜ਼ਲਾਂ ਤੋਂ ਇਲਾਵਾ ਮਿੰਨੀ ਕਹਾਣੀਆਂ ਵੀ ਲਿਖੀਆਂ ਹਨ। ਹਰ ਵਿਧਾ ਦੀ ਆਪਣੀ ਵਿਸ਼ੇਸ਼ਤਾ ਹੈ ਅਤੇ ਹਰ ਵਿਧਾ ਦੀ ਸਾਹਿਤ ਵਿਚ ਆਪਣੀ-ਆਪਣੀ ਥਾਂ ਹੈ। ਸਾਨੂੰ ਕਿਸੇ ਵੀ ਵਿਧਾ ਨੂੰ ਘਟਾ ਕੇ ਜਾਂ ਵਧਾ ਕੇ ਨਹੀਂ ਵੇਖਣਾ ਚਾਹੀਦਾ, ਪਰ ਮੇਰੀ ਸੰਤੁਸ਼ਟੀ ਵਿਅੰਗ ਲਿਖ ਕੇ ਹੀ ਹੁੰਦੀ ਹੈ। ਲੇਖਕ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜੋ ਸਮਾਜ ਵਿਚ ਵਾਪਰਦਾ ਹੈ, ਉਸ ਨੂੰ ਪੇਸ਼ ਕਰਨਾ ਉਸ ਦਾ ਧਰਮ ਹੈ, ਫਰਜ਼ ਹੈ। ਇਸ ਫ਼ਰਜ਼ ਨੂੰ ਨਿਭਾਉਣ ਲਈ ਮੈਨੂੰ ਇਹ ਵਿਧਾ ਸਭ ਤੋਂ ਉੱਤਮ ਲੱਗੀ। ਮੇਰਾ ਪਹਿਲਾ ਵਿਅੰਗ 'ਕੱਦੂ ਡਾਕਟਰ ਜ਼ਿੰਦਾਬਾਦ' ਅਜੀਤ ਅਖ਼ਬਾਰ ਵਿਚ ਛਪਿਆ ਜਿਸ ਦੇ ਪੱਖ ਅਤੇ ਵਿਰੋਧ ਵਿਚ ਬੜੀਆਂ ਚਿੱਠੀਆਂ ਲੱਗੀਆਂ ਜਿਸ ਨੇ ਮੈਨੂੰ ਬੜਾ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਦਲੀਪ ਸਿੰਘ ਭੁਪਾਲ ਨੇ ਨਿੱਜੀ ਰੂਪ ਵਿਚ ਕਿਹਾ ਕਿ ਤੁਸੀਂ ਇਸ ਵਿਧਾ ਵਿਚ ਵਧੀਆ ਲਿਖ ਸਕਦੇ ਹੋ ਫਿਰ ਮੈਂ ਵਿਅੰਗ ਲਿਖਣ ਵੱਲ ਹੋ ਗਿਆ, ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਖੇਤਰ ਵਿਚ ਜੋ ਮੇਰੀ ਪਛਾਣ ਹੈ ਉਹ ਤੁਹਾਡੇ ਸਾਹਮਣੇ ਹੈ।

• ਆਪਣੀ ਲਿਖਣ ਪ੍ਰਕਿਰਿਆ ਬਾਰੇ ਚਾਨਣਾ ਪਾਓ?

ਮੈਂ ਆਪਣੇ ਪੜ੍ਹਦੇ ਸਮੇਂ ਕਾਲਜ ਦੇ ਛਪਦੇ ਰਸਾਲੇ ਤੋਂ ਲੈ ਕੇ ਵੱਖ-ਵੱਖ ਤਰ੍ਹਾਂ ਦੇ ਮੈਗਜ਼ੀਨ, ਰਸਾਲੇ ਅਤੇ ਨਾਮਵਰ ਪੰਜਾਬੀ ਅਖ਼ਬਾਰਾਂ ਵਿਚ ਆਪਣੀ ਹਾਜ਼ਰੀ ਲਵਾ ਚੁੱਕਾ ਹਾਂ। ਜੇ ਕਿਤਾਬਾਂ ਦੀ ਗੱਲ ਕਰੀਏ ਤਾਂ ਹੁਣ ਤਕ ਕਿਤਾਬੀ ਰੂਪ ਵਿਚ ਮੇਰੀਆਂ ਵਿਅੰਗ ਦੀਆਂ ਚਾਰ ਪੁਸਤਕਾਂ ਆ ਚੁੱਕੀਆਂ ਹਨ ਜਿਨ੍ਹਾਂ ਦੇ ਨਾਂ 'ਕਾਕਾ ਵਿਕਾਊ ਹੈ' 'ਫੂਕ ਸ਼ਾਸਤਰ ਜ਼ਿੰਦਾਬਾਦ' 'ਆਪਾਂ ਕੀ ਲੈਣਾ' 'ਜ਼ਿੰਦਗੀ ਦੇ ਗੀਤ' ਕਾਵਿ ਵਿਅੰਗ ਅਤੇ ਹੁਣੇ-ਹੁਣੇ ਨਵੀਂ ਕਿਤਾਬ ਦਾ ਨਾਂ 'ਗੋਡੇ ਘੁੱਟ ਤੇ ਮੌਜਾਂ ਲੁੱਟ' ਮੇਰੀ ਪੰਜਵੀਂ ਕਿਤਾਬ ਬਹੁਤ ਜਲਦ ਪਾਠਕਾਂ ਦੇ ਹੱਥਾਂ ਵਿਚ ਆਉਣ ਵਾਲੀ ਹੈ ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੀ ਵੰਨ ਸੁਵੰਨਤਾ ਪਾਠਕਾਂ ਨੂੰ ਪੜ੍ਹਨ ਲਈ ਮਿਲੇਗੀ, ਮੈਨੂੰ ਪੂਰੀ ਉਮੀਦ ਹੈ ਕਿ ਇਹ ਕਿਤਾਬ ਉਨ੍ਹਾਂ ਦੀ ਆਸ 'ਤੇ ਪੂਰੀ ਤਰ੍ਹਾਂ ਖ਼ਰੀ ਉਤਰੇਗੀ।

• ਸਾਹਿਤਕ ਸਭਾਵਾਂ ਦੀ ਸਾਹਿਤ ਨੂੰ ਕਿੰਨੀ ਕੁ ਦੇਣ ਹੈ?

ਸਾਹਿਤ ਸਭਾ ਕਿਸੇ ਲੇਖਕ ਜਾਂ ਸਿਖਾਂਦਰੂ ਲਈ ਇਕ ਤਰ੍ਹਾਂ ਦੀ ਵਰਕਸ਼ਾਪ ਦਾ ਕੰਮ ਕਰਦੀ ਹੈ। ਮੈਂ ਖ਼ੁਦ ਸਾਹਿਤ ਸਭਾ ਜੈਤੋ, ਅਬੋਹਰ, ਸ੍ਰੀ ਮੁਕਤਸਰ ਸਾਹਿਬ ਦਾ ਸਰਗਰਮ ਮੈਂਬਰ ਰਿਹਾ ਹਾਂ। ਇਕ ਪੰਜਾਬੀ ਹਾਸ ਵਿਅੰਗ ਅਕੈਡਮੀ ਪੰਜਾਬ ਬਣੀ ਹੋਈ ਹੈ ਜਿਸ ਦੇ ਕੇ.ਐੱਲ. ਗਰਗ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਹਾਂ। ਅਸੀਂ ਕਾਫ਼ੀ ਮਿਹਨਤ ਨਾਲ ਇਸ ਸੰਸਥਾ ਦੇ ਝੰਡੇ ਥੱਲੇ ਸਾਹਿਤਕ ਪੁਸਤਕਾਂ ਵੀ ਛਪਵਾਈਆਂ ਅਤੇ ਸਕੂਲਾਂ, ਕਾਲਜਾਂ ਵਿਚ ਸਮਾਗਮਾਂ ਦਾ ਪ੍ਰਬੰਧ ਵੀ ਕਰਦੇ ਹਾਂ ਤਾਂ ਜੋ ਬੱਚੇ ਸਾਹਿਤ ਵੱਲ ਪ੍ਰੇਰਿਤ ਹੋਣ। ਸਮਾਜ ਨੂੰ ਚੇਤਨ ਕਰਨ ਵਿਚ ਮੈਂ ਸਮਝਦਾ ਹਾਂ ਕਿ ਸਾਹਿਤਕ ਸਭਾਵਾਂ ਬਹੁਤ ਵੱਡਾ ਰੋਲ ਨਿਭਾਉਂਦੀਆਂ ਹਨ ਜੇ ਉਹ ਕਿਸੇ ਧੜੇਬੰਦੀ ਅਤੇ ਆਪੂ ਚੌਧਰ ਵਰਗੀ ਬੀਮਾਰੀ ਦਾ ਸ਼ਿਕਾਰ ਨਾ ਹੋਣ। ਸੋ ਮੈਂ ਸਾਹਿਤਕ ਸਭਾਵਾਂ ਦਾ ਹੋਣਾ ਕਿਸੇ ਵੀ ਭਾਸ਼ਾ ਲਈ ਸ਼ੁਭ ਸ਼ਗਨ ਮੰਨਦਾ ਹਾਂ।

• ਰਾਜਨੀਤੀ ਵਿਚ ਆਉਣ ਦਾ ਤੁਹਾਡਾ ਸਬੱਬ ਕਿਵੇਂ ਬਣਿਆ?

ਸਮਾਜਿਕ ਗਿਰਾਵਟ ਨੂੰ ਵੇਖਦੇ ਹੋਏ ਸੋਚਿਆ ਕਲਮ ਦੇ ਨਾਲ-ਨਾਲ ਜੇ ਲੋਕ ਸ਼ਕਤੀ ਮਿਲੇ ਤਾਂ ਸਮਾਜ ਵਿਚ ਸੁਧਾਰ ਤੇਜ਼ੀ ਨਾਲ ਸੰਭਵ ਹੋ ਸਕਦਾ ਹੈ। ਅੱਜ ਸਾਡੇ ਸਮਾਜ ਵਿਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਤੇ ਪਰੇਸ਼ਾਨ ਹੈ, ਬਸ ਮੇਰਾ ਰਾਜਨੀਤੀ ਵਿਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਅਲਾਮਤਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ। ਪਰ ਰਾਜਨੀਤੀ ਦੀ ਖੇਡ ਆਮ ਬੰਦੇ ਨੂੰ ਬਹੁਤ ਘੱਟ ਮਾਫਕ ਹੈ ਕਿਉਂਕਿ ਹਰ ਰਾਜਨੀਤਕ ਬੰਦਿਆਂ ਦੀ ਕਹਿਣੀ ਕਰਨੀ ਵਿਚ ਉੱਨੀ ਇਕਾਨਵੇਂ ਵਾਲਾ ਫ਼ਰਕ ਹੁੰਦਾ ਹੈ ਜਦੋਂ ਕਿ ਸਾਨੂੰ ਲੇਖਕਾਂ ਨੂੰ ਉੱਨੀ ਇੱਕੀ ਵੀ ਮਾਫ਼ਕ ਨਹੀਂ ਆਉਂਦਾ, ਮੈਂ ਰਾਜਨੀਤੀ ਵਿਚ ਆ ਕੇ ਇਸ ਗੱਲ ਨੂੰ ਸਿਰਫ਼ ਭਾਂਪਿਆ ਹੀ ਨਹੀਂ, ਹੱਡੀਂ ਵੀ ਹੰਢਾਇਆ ਹੈ।

• ਤੁਹਾਨੂੰ ਸਾਹਿਤਕਾਰਾਂ ਤੇ ਰਾਜਨੀਤਕ ਲੋਕਾਂ ਵਿਚ ਕੋਈ ਵੱਡਾ ਫ਼ਰਕ ਲੱਗਾ?

ਕਾਫੀ ਜ਼ਿਆਦਾ ਫ਼ਰਕ ਹੈ ਜੋ ਮੈਂ ਮਹਿਸੂਸ ਕੀਤਾ। ਸਾਹਿਤਕਾਰ ਚੰਗੀ ਮਾਨਸਿਕਤਾ ਵਾਲੇ ਲੋਕਾਂ ਦਾ ਅਜਿਹਾ ਸਮੂਹ ਹੈ ਜੋ ਸਮਾਜ ਦਾ ਭਲਾ ਲੋਚਦੇ ਹਨ ਪਰ ਰਾਜਨੀਤਕ ਗਿਰਾਵਟ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਿਲ ਹੈ। ਸਾਰਾ ਵਰਤਾਰਾ ਤੇ ਘਟੀਆ ਪੱਧਰ ਦੀ ਰਾਜਨੀਤੀ ਵੇਖ ਕੇ ਮਨ ਦੁਖੀ ਹੁੰਦਾ ਹੈ। ਪ੍ਰੰਤੂ ਜਿਸ ਤਰ੍ਹਾਂ ਰਾਜਨੀਤੀ ਵਿਚ ਗਿਰਾਵਟ ਆਈ ਹੈ, ਉਸੇ ਤਰ੍ਹਾਂ ਸਾਹਿਤਕ ਖੇਤਰ ਵਿਚ ਵੀ ਨਿਘਾਰ, ਗੁੱਟਬੰਦੀ, ਮੌਕਾਪ੍ਰਸਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ, ਜੋ ਬਹੁਤ ਘਾਤਕ ਹੈ। ਸਾਹਿਤ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ ਜਿਸ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ, ਜੇ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ ਤਾਂ ਸਾਡੇ ਹੱਥ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਪੈਣਾ। ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮਾਫ਼ ਨਹੀਂ ਕਰਨਾ, ਹਰੇਕ ਖੇਤਰ ਵਿਚ ਅਸੀਂ ਅਜਿਹਾ ਮਾਹੌਲ ਤਿਆਰ ਕਰ ਰਹੇ ਹਾਂ, ਜਿਸ ਨੂੰ ਸੋਚ ਕੇ ਬੜੀ ਚਿੰਤਾ ਹੁੰਦੀ ਹੈ।

• ਜ਼ਿੰਦਗੀ ਦਾ ਕੋਈ ਤਜਰਬਾ ਜੋ ਸਾਂਝਾ ਕਰਨਾ ਚਾਹੋਗੇ?

ਆਪਣੇ ਪ੍ਰਿੰਸੀਪਲ ਬਣਨ ਸਮੇਂ ਸਕੂਲ ਵਿਚ ਹਰ ਸਾਲ ਨਾਮਵਰ ਲੇਖਕਾਂ ਨੂੰ ਸਾਲਾਨਾ ਪ੍ਰੋਗਰਾਮ ਕਰ ਕੇ ਬੱਚਿਆਂ ਦੇ ਰੂਬਰੂ ਕਰਵਾਉਂਦੇ ਰਹੇ ਹਾਂ ਜਿਸ ਵਿਚ ਪ੍ਰੋ. ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ, ਗੁਰਸ਼ਰਨ ਭਾਅ ਜੀ, ਬਲਦੇਵ ਸਿੰਘ ਸੜਕਨਾਮਾ ਆਦਿ ਅਨੇਕਾਂ ਅਦਬੀ ਸ਼ਖ਼ਸੀਅਤਾਂ ਦੇ ਨਾਂ ਜ਼ਿਕਰਯੋਗ ਹਨ ਜੋ ਬੱਚਿਆਂ ਦੇ ਸਨਮੁੱਖ ਕੀਤੇ, ਜਿਸ ਕਰਕੇ ਸਾਡੇ ਸਕੂਲ ਦੇ ਬੱਚੇ ਸਾਹਿਤ ਨਾਲ ਜੁੜੇ ਅਤੇ ਅੱਜ ਵਧੀਆ ਲੇਖਕ ਬਣਨ ਤੋਂ ਇਲਾਵਾ ਦੇਸ ਦੇ ਵਧੀਆ ਜ਼ਿੰਮੇਵਾਰ ਨਾਗਰਿਕ ਬਣ ਆਪਣਾ ਯੋਗਦਾਨ ਪਾ ਰਹੇ ਹਨ। ਸਾਨੂੰ ਅਜਿਹੇ ਤਜਰਬੇ ਤੇ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਮੇਰੀ ਕੌਮ ਦੇ ਨਿਰਮਾਤਾਵਾਂ ਨੂੰ ਇਹ ਛੋਟੀ ਜੀ ਬੇਨਤੀ ਹੈ।

• ਸਾਹਿਤਕ ਇਨਾਮਾਂ ਨੂੰ ਕਿਵੇਂ ਦੇਖਦੇ ਹੋ?

ਮੈਂ ਇਨਾਮਾਂ ਲਈ ਨਹੀਂ ਲਿਖਦਾ। ਜੋ ਇਨਾਮਾਂ ਲਈ ਲਿਖਦਾ ਹੈ ਮੈਂ ਉਸ ਨੂੰ ਲੇਖਕ ਹੀ ਨਹੀਂ ਮੰਨਦਾ ਪਰ ਅੱਜ ਜੁਗਾੜਬੰਦੀ ਜ਼ੋਰਾਂ 'ਤੇ ਹੈ। ਮੈਂ ਇਨਾਮਾਂ ਤੇ ਲੇਖਕਾਂ ਨੂੰ ਵੱਖਰਾ-ਵੱਖਰਾ ਕਰਕੇ ਵੇਖਦਾ ਹਾਂ। ਮੇਰਾ ਮੰਨਣਾ ਹੈ ਕਿ ਕਿਸੇ ਵੀ ਲੇਖਕ ਦੀ ਪਛਾਣ ਲਿਖਤ ਕਰਕੇ ਬਣਦੀ ਹੈ ਨਾ ਕਿ ਕਿਸੇ ਵੱਡੇ ਇਨਾਮ ਦੀ ਪ੍ਰਾਪਤੀ ਨਾਲ। ਵੈਸੇ ਕਿਸੇ ਵੀ ਕੰਮ ਵਿਚ ਦਿੱਤੀ ਗਈ ਸ਼ਾਬਾਸ਼ੇ, ਹਰ ਇਕ ਦਾ ਉਤਸ਼ਾਹ ਤਾਂ ਵਧਾਉਂਦੀ ਹੈ। ਮੈਨੂੰ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ, ਸਾਹਿਤ ਸਭਾ ਮੰਡੀ ਬਰੀਵਾਲਾ, ਸਾਹਿਤ ਸਭਾ ਜਲਾਲਾਬਾਦ, ਫ਼ਰੀਦਕੋਟ, ਸਾਹਿਤ ਸਭਾ ਕੋਟਕਪੂਰਾ ਤੋਂ ਇਲਾਵਾ ਪਿਆਰਾ ਸਿੰਘ ਦਾਤਾ ਐਵਾਰਡ ਹਾਸ ਵਿਅੰਗ ਅਕੈਡਮੀ ਵੱਲੋਂ ਅਤੇ ਮੀਰਜ਼ਾਦਾ ਮੈਗਜ਼ੀਨ ਐਵਾਰਡ ਸਾਹਿਤ ਦੇ ਖੇਤਰ ਵਿਚ ਮਿਲ ਚੁੱਕਾ ਹੈ।

• ਪਰਿਵਾਰਕ ਸਹਿਯੋਗ ਕਿੰਨਾ ਕੁ ਮਿਲਦੈ?

ਪਰਿਵਾਰ ਨੂੰ ਸਾਹਿਤਕ ਗੁੜ੍ਹਤੀ ਤਾਂ ਸ਼ੁਰੂ ਤੋਂ ਹੀ ਮਿਲੀ ਹੋਈ ਹੈ। ਸੋ ਮੇਰਾ ਸਾਰਾ ਪਰਿਵਾਰ ਹੀ ਸਾਹਿਤਕ ਰੰਗ ਵਿਚ ਰੰਗਿਆ ਹੋਇਆ ਹੈ। ਮੇਰੀ ਧਰਮ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਵੀ ਬਤੌਰ ਅਧਿਆਪਕਾ ਸੇਵਾ ਮੁਕਤ ਹੋਈ ਹੈ ਜੋ ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ ਹੈ। ਜਿਸ ਦੇ ਪੂਰਨ ਸਹਿਯੋਗ ਕਰਕੇ ਹੀ ਮੈਂ ਕੁਝ ਕਰਨ ਯੋਗ ਹੋਇਆ ਹਾਂ, ਜਿਸ ਨੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਮੈਨੂੰ ਮੁਕਤ ਕੀਤਾ ਤੇ ਮੈਂ ਸਾਹਿਤਕ ਖੇਤਰ ਵਿਚ ਕੁਝ ਯੋਗਦਾਨ ਪਾ ਸਕਿਆ ਹਾਂ। ਸੋ ਮੈਨੂੰ ਪਰਿਵਾਰ ਦਾ ਪੂਰਾ ਸਹਿਯੋਗ ਹੈ।

• ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸੋ ਤੇ ਪਾਠਕਾਂ ਨੂੰ ਕੋਈ ਸੰਦੇਸ਼ ਦਿਉ।

ਇਕ ਚੰਗੇ ਸਮਾਜ ਦੀ ਸਿਰਜਣਾ ਲਈ ਹਮੇਸ਼ਾ ਤੱਤਪਰ ਹਾਂ। ਕਲਮ ਨਾਲ ਸਮਾਜ ਦੀ ਸੇਵਾ ਇਸ ਤਰ੍ਹਾਂ ਕਰਾਂ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕੇ ਇਹ ਮੇਰੀ ਦਿਲੀ ਇੱਛਾ ਹੈ, ਇਹ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ। ਦੂਸਰੀ ਮੇਰੀ ਇਹੋ ਬੇਨਤੀ ਹੈ ਨਾ ਕਿ ਸੰਦੇਸ਼ ਕਿ ਆਪਣੇ ਬੱਚਿਆਂ ਨੂੰ ਪੜ੍ਹਾਓ ਚੰਗਾ ਸਾਹਿਤ ਪੜ੍ਹੋ, ਸਾਹਿਤ ਨਾਲ ਜੁੜੋ ਇਹ ਚੰਗੀ ਜ਼ਿੰਦਗੀ ਜਿਊਣਾ ਸਿਖਾਉਂਦਾ ਹੈ।

ਸੋ ਪੰਜਾਬੀਓ ਜਾਗੋ, ਜਾਗਦਿਆਂ ਦੀਆਂ ਕੱਟੀਆਂ ਸੁੱਤਿਆਂ ਦੇ ਕੱਟੇ ਇੰਨਾ ਹੀ ਕਹਾਂਗਾ ਜੀ, ਬਾਕੀ ਸਾਰੇ ਤੁਸੀਂ ਆਪ ਸਿਆਣੇ ਹੋ। •

• ਨਾਮਵਰ ਵਿਅੰਗਕਾਰ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋ?

ਮੈਂ ਕਾਫੀ ਵਿਅੰਗਕਾਰਾਂ ਤੋਂ ਪ੍ਰਭਾਵਿਤ ਹਾਂ। ਕੇ. ਐੱਲ. ਗਰਗ, ਜੇ. ਐੱਲ ਨੰਦਾ, ਡਾ. ਧਰਮ ਸਿੰਘ, ਗੁਰਨਾਮ ਸਿੰਘ ਤੀਰ ਆਦਿ ਕਾਫੀ ਨਾਂ ਸ਼ਾਮਿਲ ਹਨ। ਅਸਲ ਵਿਚ ਮੈਨੂੰ ਉਹ ਹਰ ਲੇਖਕ ਹੀ ਪ੍ਰਭਾਵਿਤ ਕਰਦਾ ਹੈ ਜੋ ਚੰਗੇ ਸਮਾਜ ਦੀ ਸਿਰਜਣਾ ਲੋਚਦਾ ਹੈ ਅਤੇ ਸਮਾਜ ਦੀਆਂ ਅਨੈਤਿਕ ਕਦਰਾਂ, ਕੀਮਤਾਂ, ਗ਼ਲਤ ਰਸਮਾਂ, ਰਿਵਾਜਾਂ ਦੇ ਬਖੀਏ ਉਧੇੜਦਾ ਹੈ ਫਿਰ ਉਹ ਚਾਹੇ ਨਵਾਂ ਨਾਂ ਹੋਵੇ ਜਾਂ ਸਥਾਪਤ। ਮੈਂ ਹਰ ਉਸ ਲੇਖਕ ਦੀ ਦਿਲੋਂ ਕਦਰ ਕਰਦਾ ਹਾਂ ਜੋ ਸਮਾਜ ਭਲਾਈ ਲਈ ਸੋਚਦਾ ਹੈ।

• ਪ੍ਰੋ. ਧਰਮਜੀਤ ਮਾਨ
9478460084



ਕਈ ਵਾਰ ਕੰਧ ਵੀ ਬਣ ਜਾਂਦੀ ਹੈ ਸਲਾਹਕਾਰ

ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ...

ਮੁਸੀਬਤ 'ਚ ਫਸਿਆ ਬੰਦਾ ਸਾਥ ਤਲਾਸ਼ਦਾ ਹੈ ਜੇ ਨਾ ਮਿਲੇ ਤਾਂ ਹੌਸਲਾ ਛੱਡਦਾ ਹੈ। ਕਰੀਬੀ ਦੋਸਤ ਮਿੱਤਰਾਂ ਅਤੇ ਸਕੇ ਸਬੰਧੀਆਂ ਵਲੋਂ ਕਿਨਾਰਾ ਕਰ ਲੈਣ ਦੀ ਹਾਲਤ 'ਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ। ਗੱਲ ਵਿਚਾਰਾਂ ਦੀ ਹੁੰਦੀ ਹੈ, ਇਕਾਗਰ ਹੋਣ ਨਾਲ ਵਿਚਾਰਾਂ ਦਾ ਪ੍ਰਵਾਹ ਤੇਜ਼ੀ ਨਾਲ ਵੱਧਦਾ ਹੈ ਅਤੇ ਕਿਸੇ ਚੰਗੇ ਨਤੀਜੇ 'ਤੇ ਪਹੁੰਚਣ ਲਈ ਇਕ ਉਮੀਦ ਮਿਲ ਜਾਂਦੀ ਹੈ।

ਪੈਸੇ ਦੀ ਦੌੜ 'ਚ ਇਨਸਾਨੀਅਤ ਨਾਂ ਦੀ ਚੀਜ਼ ਮਨਫ਼ੀ ਹੋ ਗਈ ਹੈ। ਜੇਬ 'ਚ ਪੈਸਾ ਹੋਵੇ ਮਿੱਤਰਾਂ ਦੀ ਗਿਣਤੀ ਵੱਧਦੀ ਹੈ, ਪੈਸਾ ਖ਼ਤਮ ਹੋ ਜਾਵੇ ਜਾਂ ਫਿਰ ਮੰਗ ਕੇ ਟਾਈਮ ਟਪਾਉਣ ਦੀ ਗੱਲ ਆ ਜਾਵੇ ਤਾਂ ਦੋਸਤ ਮਿੱਤਰਾਂ ਦੀ ਗਿਣਤੀ ਇਕਦਮ ਘੱਟਦੀ ਹੈ। ਅਜਿਹੇ ਮਾਹੌਲ 'ਚ ਬੇਜਾਨ ਜਾਂ ਬੇਜ਼ੁਬਾਨ ਚੀਜ਼ਾਂ ਵੀ ਕਈ ਵਾਰ ਇਨਸਾਨ ਦਾ ਸਹਾਰਾ ਬਣ ਜਾਂਦੀਆਂ ਹਨ।

ਰੁਜ਼ਗਾਰ ਦੀ ਤਲਾਸ਼ 'ਚ ਤਕਰੀਬਨ ਦਸ ਸਾਲ ਪਹਿਲਾਂ ਮੈਂ ਇਕ ਪ੍ਰਾਈਵੇਟ ਕਾਲਜ 'ਚ ਪਹੁੰਚਿਆ। ਅਖ਼ਬਾਰ 'ਚ ਪੜ੍ਹਿਆ ਸੀ ਕਿ ਉਸ ਕਾਲਜ 'ਚ ਅੰਗਰੇਜ਼ੀ ਅਧਿਆਪਕ ਦੀ ਜ਼ਰੂਰਤ ਹੈ। ਮਿੱਥੀ ਤਰੀਕ ਅਤੇ ਸਮੇਂ 'ਤੇ ਮੈਂ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਪਹੁੰਚ ਗਿਆ। ਕਾਫ਼ੀ ਉਮੀਦਵਾਰ ਨੌਕਰੀ ਦੀ ਆਸ ਨਾਲ ਪਹਿਲਾਂ ਤੋਂ ਹੀ ਖੜ੍ਹੇ ਸਨ। ਤਕਰੀਬਨ ਗਿਆਰਾਂ ਵਜੇ ਦੇ ਕਰੀਬ ਇੰਟਰਵਿਊ ਲਈ ਆਵਾਜ਼ ਪੈਣੀ ਸ਼ੁਰੂ ਹੋ ਗਈ। ਮੈਂ ਆਪਣੀ ਵਾਰੀ ਦੀ ਉਡੀਕ ਕਰਨ ਲੱਗਿਆ। ਕੁਝ ਦੂਰੀ 'ਤੇ ਦੋ ਨੌਜਵਾਨ ਖੜ੍ਹੇ ਗੱਲਾਂ ਕਰ ਰਹੇ ਸੀ। ਮੈਂ ਹੌਲੀ-ਹੌਲੀ ਤੁਰਦਾ ਉਨ੍ਹਾਂ ਕੋਲ ਚਲਿਆ ਗਿਆ। ਪਤਾ ਲੱਗਿਆ ਕਿ ਉਹ ਵੀ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਹੀ ਆਏ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਿਆ। ਉਹ ਇਕ ਦੂਜੇ ਨੂੰ ਕਹਿ ਰਹੇ ਸਨ ਕਿ ਇੱਥੇ ਨੌਕਰੀ ਮਿਲਣੀ ਮੁਸ਼ਕਿਲ ਹੈ ਕਿਉਂਕਿ ਇਕ ਤਾਂ ਪੋਸਟ ਸਿਰਫ਼ ਇਕ ਹੈ ਅਤੇ ਦੂਜਾ ਉਮੀਦਵਾਰ ਕਾਫ਼ੀ ਹਨ ਅਤੇ ਕਈਆਂ ਦੀਆਂ ਸਿਫਾਰਸ਼ਾਂ ਕਾਫ਼ੀ ਉੱਤੋਂ ਆਈਆਂ ਹੋਈਆਂ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਵੀ ਆਸ ਤੋਂ ਬੇਆਸ ਹੋਣ ਲੱਗਿਆ।

ਚਾਹ ਦਾ ਕੱਪ ਪੀਣ ਲਈ ਮੈਂ ਕੰਟੀਨ ਵੱਲ ਨੂੰ ਹੋ ਤੁਰਿਆ। ਕਾਲਜ 'ਚ ਛੁੱਟੀਆਂ ਹੋਣ ਕਾਰਨ ਕੰਟੀਨ 'ਚ ਕੋਈ ਜ਼ਿਆਦਾ ਰੌਣਕ ਨਹੀਂ ਸੀ। ਚਾਹ ਦਾ ਕੱਪ ਹੱਥ 'ਚ ਫੜ ਕੇ ਮੈਂ ਮਨ ਨਾਲ ਵਿਚਾਰਾਂ ਕਰਨ ਲੱਗਿਆ। ਮੇਰੀ ਨਿਗ੍ਹਾ ਸਾਹਮਣੇ ਕੰਧ 'ਤੇ ਟਿਕੀ ਹੋਈ ਸੀ ਅਤੇ ਮਨ 'ਚ ਵਿਚਾਰਾਂ ਦਾ ਜੋੜ-ਤੋੜ ਚੱਲ ਰਿਹਾ ਸੀ। ਵਿਚਾਰ ਆਇਆ ਕਿ ਇੱਥੇ ਕੰਮ ਨਹੀਂ ਬਣਨਾ ਚੱਲਦੇ ਆਂ ਪਰ ਦੂਜੇ ਵਿਚਾਰ ਨੇ ਪਹਿਲੇ ਵਿਚਾਰ ਨੂੰ ਗ਼ਲਤ ਠਹਿਰਾਉਂਦੇ ਹੋਏ ਮੈਨੂੰ ਇੰਟਰਵਿਊ ਦੇਣ ਤਕ ਦਾ ਇੰਤਜ਼ਾਰ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਵੀ ਕਈ ਥਾਈਂ ਇੰਟਰਵਿਊ ਦੇ ਆਇਆ ਸਾਂ ਕੰਮ ਵੀ ਬਣ ਗਿਆ ਸੀ ਬੱਸ ਗੱਲ ਘੱਟ ਮਿਹਨਤਾਨੇ 'ਤੇ ਅੜ ਜਾਂਦੀ ਸੀ। ਚਾਹ ਪੀਂਦੇ-ਪੀਂਦੇ ਅੱਖਾਂ ਸਾਹਮਣੇ ਖੜ੍ਹੀ ਬੇਜਾਨ ਤੇ ਬੇਜ਼ੁਬਾਨ ਕੰਧ ਮੇਰਾ ਸਲਾਹਕਾਰ ਬਣਕੇ ਮੈਨੂੰ ਔਖ ਅਤੇ ਉਲਝਣ 'ਚੋਂ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਅੰਤ ਵਿਚਾਰ ਆਇਆ ਕਿ ਇੰਟਰਵਿਊ 'ਚ ਹਾਜ਼ਿਰ ਹੋ ਕੇ ਦੇਖ ਲਿਆ ਜਾਵੇ ਅਤੇ ਜੋ ਹੋਵੇਗਾ ਉਸ ਨੂੰ ਪਰਵਾਨ ਕਰ ਲਿਆ ਜਾਵੇ।


ਇਹ ਸੋਚ ਕੇ ਮੈਂ ਖ਼ਾਲੀ ਕੱਪ ਟੇਬਲ 'ਤੇ ਧਰ ਕੇ ਬਣਦੇ ਪੈਸੇ ਦੇ ਕੇ ਇੰਟਰਵਿਊ ਵਾਲੇ ਥਾਂ 'ਤੇ ਆ ਗਿਆ। ਹੁਣ ਮੇਰਾ ਮਨ ਟਿੱਕ ਚੁੱਕਾ ਸੀ। ਨੌਕਰੀ ਨਾ ਮਿਲਣ ਦੀ ਹਾਲਤ 'ਚ ਮੈਨੂੰ ਨਿਰਾਸ਼ਾ ਦਾ ਕੋਈ ਭੈਅ ਨਹੀਂ ਸੀ ਰਿਹਾ। ਅਖੀਰ ਮੇਰਾ ਨਾਂ ਲੈ ਕੇ ਆਵਾਜ਼ ਮਾਰੀ ਗਈ। ਸੱਤ ਜਣਿਆਂ ਦੇ ਇੰਟਰਵਿਊ ਪੈਨਲ ਅੱਗੇ ਮੈਂ ਪੇਸ਼ ਹੋਇਆ। ਮੈਨੂੰ ਬੈਠਣ ਲਈ ਕਿਹਾ ਗਿਆ ਅਤੇ ਫਿਰ ਪ੍ਰਸ਼ਨਾਂ ਦੀ ਝੜੀ ਲੱਗ ਗਈ। ਅੱਠ ਪ੍ਰਸ਼ਨਾਂ ਦੇ ਜਵਾਬ ਦੇਣ ਤੋਂ ਬਾਅਦ ਮੇਰਾ ਹੌਸਲਾ ਵੱਧ ਗਿਆ। ਇਕ ਵੱਡੀ ਉਮਰ ਦੇ ਵਿਅਕਤੀ ਨੇ, ਜੋ ਸ਼ਾਇਦ ਰਿਟਾਇਰਡ ਪ੍ਰੋਫੈਸਰ ਸਨ, ਮੈਨੂੰ ਇਕ ਅੰਗਰੇਜ਼ੀ ਲੇਖਕ ਦੁਆਰਾ ਕੁਝ ਲਿਖੀਆਂ ਪੁਸਤਕਾਂ ਬਾਰੇ ਪੁੱਛਿਆ, ਸ਼ਾਇਦ ਉਹ ਮੈਨੂੰ ਉਲਝਾਉਣਾ ਚਾਹੁੰਦੇ ਸਨ, ਮੈਂ ਬੜੀ ਇਨਮਾਨਦਾਰੀ ਨਾਲ ਦੱਸ ਦਿਤਾ ਕਿ ਮੈਨੂੰ ਇਸ ਪ੍ਰਸ਼ਨ ਦਾ ਜਵਾਬ ਨਹੀਂ ਪਤਾ। ਉਨ੍ਹਾਂ ਮੈਨੂੰ ਇਕ ਪ੍ਰਸ਼ਨ ਹੋਰ ਕੀਤਾ। ਮੈਂ ਸਹੀ ਜਵਾਬ ਦੇ ਦਿੱਤਾ। ਆਪਸ 'ਚ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਬਾਹਰ ਬੈਠ ਕੇ ਇੰਤਜ਼ਾਰ ਕਰਨ ਲਈ ਕਿਹਾ। ਜਦੋਂ ਸਾਰੇ ਉਮੀਦਵਾਰ ਇੰਟਰਵਿਊ ਦੇ ਕੇ ਚਲੇ ਗਏ ਤਾਂ ਉਨ੍ਹਾਂ ਮੈਨੂੰ ਅੰਦਰ ਬੁਲਾ ਕੇ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਤੁਸੀਂ ਇਸ ਨੌਕਰੀ ਲਈ ਚੁਣ ਲਏ ਗਏ ਹੋ। ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ। ਇਹ ਮੇਰੀ ਇਕ ਕਾਲਜ ਅਧਿਆਪਕ ਦੇ ਤੌਰ 'ਤੇ ਸ਼ੁਰੂਆਤ ਸੀ। ਕੁਝ ਹੋਰ ਰਸਮੀ ਗੱਲਾਂ ਕਰਨ ਤੋਂ ਬਾਅਦ ਮੈਂ ਇਜਾਜ਼ਤ ਲੈ ਕੇ ਘਰ ਨੂੰ ਤੁਰ ਪਿਆ।

ਆਖਰੀ ਵੇਲੇ ਸਹਾਰਾ ਬਣੀ ਕੰਧ ਮੇਰੇ ਲਈ ਵੱਡੀ ਸਿਫ਼ਾਰਿਸ਼ ਸਾਬਿਤ ਹੋਈ। ਕੰਧ 'ਤੇ ਨਜ਼ਰਾਂ ਟਿਕਾ ਕੇ ਸੋਚਣ ਨਾਲ ਅੰਦਰੂਨੀ ਸ਼ਕਤੀ ਨੇ ਮੈਨੂੰ ਫ਼ੈਸਲਾਕੁੰਨ ਵਿਚਾਰਾਂ ਵੱਲ ਮੋੜ ਦਿੱਤਾ ਅਤੇ ਮੇਰੇ ਅਧਿਆਪਨ ਕਿੱਤੇ ਦੀ ਸ਼ੁਰੂਆਤ ਹੋ ਗਈ। •

• ਬਲਰਾਜ ਪੰਨੀਵਾਲਾ ਫੱਤਾ
73474 56563

ਅਜੋਕੀ ਜ਼ਿੰਦਗੀ ਵਿੱਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ...

ਸਹਿਜਤਾ ਦੇ ਅਰਥ



ਸਹਿਜ ਰਹਿਣ ਦੇ ਅਰਥ ਆਪਣੇ ਆਪ ਵਿਚ ਬਹੁਤ ਵੱਡੇ ਹੁੰਦੇ ਹਨ। ਸਹਿਜਤਾ ਮਨੁੱਖੀ ਜ਼ਿੰਦਗੀ ਦਾ ਸ਼ਿੰਗਾਰ ਹੈ। ਸਹਿਜਤਾ ਦਾ ਦੂਜਾ ਅਰਥ ਸਹਿਣਸ਼ੀਲਤਾ ਤੋਂ ਹੈ। 'ਸਹਿਜ ਪੱਕੇ ਸੋ ਮੀਠਾ ਹੋਏ'। ਸਹਿਜ ਨਾਲ ਕੀਤੇ ਗਏ ਕੰਮਾਂ ਤੋਂ ਸਫਲਤਾਵਾਂ ਉਪਜਦੀਆਂ ਹਨ। ਸਹਿਜ ਨਾਲ ਚੱਲਣ ਵਾਲੇ ਲੋਕ ਜ਼ਿੰਦਗੀ ਦੇ ਰੂ-ਬ-ਰੂ ਹੋ ਚੁੱਕੇ ਹੁੰਦੇ ਹਨ। ਸਹਿਜ ਕਦੇ ਵੀ ਜ਼ਿੰਦਗੀ ਵਿਚ ਕਾਹਲ ਨੂੰ ਪੈਦਾ ਨਹੀਂ ਹੋਣ ਦਿੰਦਾ।

ਸਹਿਜ ਨਾਲ ਚੱਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਕਾਹਲ ਨਾਲ ਚੱਲਣ ਵਾਲੇ ਲੋਕ ਅਕਸਰ ਹੀ ਡਿੱਗਦੇ ਢਹਿੰਦੇ ਰਹਿੰਦੇ ਹਨ। ਸਹਿਜ ਨਾਲ ਕੀਤੇ ਗਏ ਔਖੇ ਤੋਂ ਔਖੇ ਕੰਮ ਵੀ ਸੌਖੇ ਹੀ ਪ੍ਰਤੀਤ ਹੁੰਦੇ ਹਨ। ਬਹੁਤੇ ਲੋਕ ਸਹਿਜ ਨਾਲ ਹਰ ਕੰਮ ਨੂੰ ਦੇਖਦੇ ਹਨ ਤੇ ਫਿਰ ਉਸ ਕੰਮ ਨੂੰ ਕਰਦੇ ਹਨ।

ਬਹੁਤ ਵਾਰੀ ਸਹਿਜਤਾ ਮੁਸ਼ਕਿਲਾਂ ਅਤੇ ਤਾਅਨਿਆਂ ਦੇ ਦੌਰ ਵਿੱਚੋਂ ਗੁਜ਼ਰਦੀ ਹੈ। ਸਹਿਜਤਾ ਵਿਚ ਕੁਝ ਵੀ ਗੁਆਚਣ ਦਾ ਡਰ ਨਹੀਂ ਹੁੰਦਾ। ਦੁੱਖਾਂ ਨਾਲ ਆਹਢਾ ਲਾ ਕੇ ਵੀ ਜ਼ਿੰਦਗੀ ਨੂੰ ਸਹਿਜਤਾ ਦੀ ਪਗਡੰਡੀ 'ਤੇ ਤੋਰਦਿਆਂ ਜ਼ਿੰਦਗੀ ਨੂੰ ਬਹਾਰਾਂ ਵਿਚ ਗੁਜ਼ਾਰ ਜਾਂਦੇ ਹਨ। ਸਹਿਜਤਾ ਦੀ ਤੋਰ ਤੁਰਦਿਆਂ ਕਿਸੇ ਨਾਲ ਵੀ ਨਫ਼ਰਤ ਦੇ ਬੋਲ ਨਹੀਂ ਬੋਲੇ ਜਾਂਦੇ। ਸਹਿਜਤਾ ਦਾ ਇਕ ਆਪਣਾ ਹੀ ਰੰਗ, ਰੂਪ ਅਤੇ ਮੁਕਾਮ ਹੁੰਦਾ ਹੈ।

ਦੱਸਣ ਵਾਲੇ ਮੇਰੇ ਪਿੰਡ ਦੇ ਇਕ ਬਜ਼ੁਰਗ ਬਾਬੇ ਬਾਰੇ ਦੱਸਦੇ ਹਨ ਕਿ ਉਹ ਬਹੁਤ ਸਹਿਜ ਸੀ। ਕੋਈ ਵੀ ਕੰਮ ਨੂੰ ਕਾਹਲ ਨਾਲ ਕਰਨ ਲਈ ਕਹਿੰਦਾ ਤਾਂ ਅੱਗੋਂ ਉਸਦਾ ਜਵਾਬ ਹੁੰਦਾ ਸੀ, ਰੁੱਕ ਜਾਓ, ਦੇਖ ਤਾਂ ਲਓ ਕੀ ਹੁੰਦਾ ? ਪਰ ਬਹੁਤੇ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਦੇ ਆਦੀ ਹੁੰਦੇ ਹਨ ਕਿ ਉਹ ਕਰਨ ਤੋਂ ਬਾਅਦ ਹੀ ਦੇਖਦੇ ਨੇ ਕਿ ਕੀ ਹੋਇਆ ਹੈ ? ਕਹਿੰਦੇ ਹਨ ਉਹ ਕਦੇ ਵੀ ਕਿਸੇ ਨਾਲ ਜ਼ਿਆਦਾ ਨਹੀਂ ਬੋਲਦਾ ਸੀ। ਭਾਂਵੇ ਉਹ ਬੰਦਿਆਂ ਦੇ ਵਿਚ ਸੱਥ ਵਿਚ ਵੀ ਬੈਠਦਾ ਪਰ ਕਦੇ ਵੀ ਕਿਸੇ ਨਾਲ ਉਚੀ ਆਵਾਜ਼ ਵਿਚ ਗੱਲ ਨਹੀਂ ਕਰਦਾ ਸੀ। ਉਸਦੀ ਸਹਿਜਤਾ ਦੇ ਇਹੋ ਜਿਹੇ ਅਰਥ ਸਨ ਕਿ ਉਸ ਨੂੰ ਦੋ ਸਾਲਾਂ ਬਾਅਦ ਕੋਈ ਵਪਾਰੀ ਫ਼ਸਲ ਦੇ ਪੈਸੇ ਵਾਪਸ ਕਰਨ ਆਇਆ ਤਾਂ ਉਸ ਨੇ ਪੈਸੇ ਗਿਣਨ ਦੀ ਬਜਾਏ ਚੁੱਪ ਚਾਪ ਜੇਬ ਵਿਚ ਪਾ ਲਏ। ਪਰ ਜਦੋਂ ਉਸ ਨੂੰ ਉਨ੍ਹਾਂ ਪੈਸੇ ਗਿਣਨ ਲਈ ਕਿਹਾ ਤਾਂ ਉਸ ਦਾ ਕਹਿਣਾ ਸੀ ਜਿਹੜੇ ਬੰਦੇ ਦੋ ਸਾਲਾਂ ਬਾਅਦ ਪੈਸੇ ਵਾਪਸ ਕਰਨ ਆ ਗਏ ਨੇ ਉਹ ਘੱਟ ਨਹੀਂ ਦੇ ਸਕਦੇ। ਉਸਦੀ ਜ਼ਿੰਦਗੀ ਦੀਆਂ ਹੋਰ ਕਹਾਣੀਆਂ ਵੀ ਸਹਿਜਤਾ ਦੇ ਅਰਥਾਂ ਦੇ ਰੂ ਬ ਰੂ ਕਰਵਾਉਂਦੀਆਂ ਨੇ।

ਪਰ ਅਜੋਕੇ ਦੌਰ ਦੀ ਜ਼ਿੰਦਗੀ ਵਿਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ। ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ। ਇਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਖਲਾਅ ਹੈ। ਜਿਹੜਾ ਸਮਾਜ ਨੂੰ ਬੇਹੂਦੇ ਮੁਕਾਮ ਹਾਸਲ ਕਰਨ ਦੇ ਰਾਹ ਤੋਰ ਰਿਹਾ ਹੈ। ਬਹੁਤੇ ਵਾਰੀ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਅਸੀਂ ਸਹਿਜਤਾ ਦਾ ਪੱਲਾ ਛੱਡ ਕੇ ਕਿਸ ਰਾਹੇ ਤੁਰ ਰਹੇ ਹਾਂ। ਸੋ ਜ਼ਿੰਦਗੀ ਦੇ ਰਾਹ 'ਤੇ ਤੁਰਦਿਆਂ ਸਹਿਜਤਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। •

ਪੁਸਤਕ ਚਰਚਾ

ਪੁਸਤਕ 'ਦੁਰਗਾਂ ਅਤੇ ਰਾਜ-ਮਹਿਲਾਂ ਦੀ ਧਰਤੀ (ਰਾਜਸਥਾਨ)' ਪੰਜ ਦੋਸਤਾਂ ਗੁਰਮੇਲ ਸਿੰਘ ਚੰਦ ਨਵਾਂ, ਬਲਦੇਵ ਸਿੰਘ ਨਾਵਲਕਾਰ, ਕਹਾਣੀਕਾਰ ਜਿੰਦਰ, ਨਾਵਲਕਾਰ ਹਰਮਹਿੰਦਰ ਸਿੰਘ ਚਾਹਿਲ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੇ ਰਾਜਸਥਾਨ ਸਫ਼ਰ ਦਾ ਬ੍ਰਿਤਾਂਤ ਹੈ। ਗੁਰਮੇਲ ਸਿੰਘ ਚੰਦ ਨਵਾਂ ਇਸ ਪੁਸਤਕ ਵਿਚ ਜਿੱਥੇ ਰਾਜਸਥਾਨ ਦੇ ਕੁਦਰਤੀ ਮਾਹੌਲ ਦਾ ਚਿਤਰਣ ਕਰਦਾ ਹੈ, ਉੱਥੇ ਰਾਜਸਥਾਨ ਦੇ ਲੋਕਾਂ ਦੇ ਰਹਿਣ-ਸਹਿਣ ਤੇ ਇਤਿਹਾਸਕ ਸਥਾਨਾਂ ਦਾ ਵਰਨਣ ਕਰਦਾ ਹੋਇਆ ਪਾਠਕਾਂ ਨੂੰ ਆਪਣੇ ਨਾਲ ਸਫ਼ਰ 'ਤੇ ਲੈ ਤੁਰਦਾ ਹੈ। ਪੁਸਤਕ ਵਿਚ ਕੁੱਲ 16 ਲੇਖ ਹਨ। ਲੇਖਕ ਦੀ ਸ਼ਿਲਪ-ਕਲਾ ਅਜਿਹੀ ਹੈ ਕਿ ਇਕ ਵਾਰ ਕਿਤਾਬ ਸ਼ੁਰੂ ਕਰਨ ਤੋਂ ਬਾਅਦ ਪਾਠਕ ਇਸ ਨੂੰ ਇੱਕੋ ਬੈਠਕ 'ਚ ਸਮਾਪਤ ਕਰਨਾ ਲੋਚਦਾ ਹੈ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਪ੍ਰਿਥਵੀ ਰਾਜ ਚੌਹਾਨ ਦੀ ਨਗਰੀ ਅਜਮੇਰ, ਤੀਰਥ ਨਗਰੀ ਪੁਸ਼ਕਰ, ਮਾਊਂਟ ਆਬੂ, ਦਿਲਵਾੜਾ ਜੈਨ ਮੰਦਿਰ, ਚਿਤੌੜਗੜ੍ਹ ਦੇ ਕਿਲ੍ਹੇ, ਗੁਲਾਬੀ ਸ਼ਹਿਰ ਜੈਪੁਰ, ਸੁਨਹਿਰੀ ਸ਼ਹਿਰ ਜੈਸਲਮੇਰ, ਜੋਧਪੁਰ, ਉਨ੍ਹੀਵੀਂ ਸਦੀ ਦੇ ਰਾਜਸਥਾਨ : ਚੋਖੀ ਢਾਣੀ ਜੈਪੁਰ, ਝੀਲਾਂ ਦੇ ਸ਼ਹਿਰ ਉਦੈਪੁਰ ਦੇ ਖ਼ੂਬਸੂਰਤ ਨਜ਼ਾਰਿਆਂ, ਵੇਖਣਯੋਗ ਥਾਵਾਂ ਤੇ ਸਬੰਧਤ ਸ਼ਹਿਰਾਂ ਦੇ ਇਤਿਹਾਸਕ ਪਹਿਲੂਆਂ ਨੂੰ ਆਕਰਸ਼ਕ ਲਿਖਣ-ਸ਼ੈਲੀ 'ਚ ਪੇਸ਼ ਕੀਤਾ ਹੈ।

ਅਕਸਰ ਅਜਿਹਾ ਹੁੰਦਾ ਹੈ ਕਿ ਸਫ਼ਰ ਦੌਰਾਨ ਬਹੁਤ ਸਾਰੇ ਪਹਿਲੂ ਮਨ ਦੇ ਵਲਵਲਿਆਂ 'ਚ ਵਹਿ ਜਾਂਦੇ ਹਨ। ਬਹੁਤ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਵੇਖਣ ਤੇ ਮਾਨਣਯੋਗ ਬਹੁਤ ਸਾਰੇ ਪੱਖ ਸਫ਼ਰ ਦੌਰਾਨ ਆਪਣੀ ਹੀ ਗੱਡੀ ਦੀ ਉੱਡਦੀ ਹੋਈ ਧੂੜ ਦੀ ਪਰਤ ਹੇਠ ਨੱਪੇ ਜਾਂਦੇ ਨੇ ਤੇ ਯਾਤਰੂ ਉਨ੍ਹਾਂ ਨੂੰ ਅਣਗੌਲਿਆਂ ਕਰ ਕੇ ਅਗਾਂਹ ਨਿਕਲ ਜਾਂਦਾ ਹੈ। ਬਹੁਤ ਵਾਰ ਅਜਿਹਾ ਵੀ ਹੁੰਦਾ ਹੈ ਕਿ ਯਾਤਰੂ ਕੋਲ ਅਹਿਸਾਸ ਤਾਂ ਹੁੰਦੇ ਹਨ ਪਰ ਸ਼ਿਲਪ-ਕਲਾ ਨਹੀਂ ਹੁੰਦੀ। ਗੁਰਮੇਲ ਸਿੰਘ ਕੋਲ ਸਫ਼ਰ ਨੂੰ ਮਾਣਨ ਦਾ ਹੁਨਰ ਵੀ ਹੈ, ਇਤਿਹਾਸ ਬਾਰੇ ਪੜਚੋਲਵੀਂ ਨਜ਼ਰ ਵੀ ਤੇ ਸਫ਼ਰ ਦੌਰਾਨ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਢਾਲਣ ਦਾ ਹੁਨਰ ਵੀ। ਕੁਝ ਥਾਵਾਂ 'ਤੇ ਸ਼ਾਬਦਿਕ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ। ਕੁੱਲ ਮਿਲਾ ਕੇ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

• ਇਬਲੀਸ



ਪਾਲ ਢਿੱਲੋਂ ਗ਼ਜ਼ਲ ਖੇਤਰ ਦਾ ਜਾਣਿਆ ਪਛਾਣਿਆ ਨਾਂ ਹੈ। ਆਮ ਤੌਰ 'ਤੇ ਗ਼ਜ਼ਲ ਦਾ ਵਿਸ਼ਾ ਇਸ਼ਕ, ਬਿਰਹਾ ਅਤੇ ਪ੍ਰੇਮੀ ਦੁਆਲੇ ਘੁੰਮਦਾ ਵੇਖਿਆ ਜਾਂਦਾ ਹੈ ਪਰ ਪਾਲ ਢਿੱਲੋਂ ਨੇ ਹੱਥਲੀ ਪੁਸਤਕ 'ਚ ਸ਼ੁਮਾਰ ਕੀਤੀਆਂ ਪਚਾਸੀ ਗ਼ਜ਼ਲਾਂ 'ਚ ਵਿਸ਼ੇ ਪੱਖੋਂ ਸੰਤੁਲਨ ਬਣਾ ਕੇ ਰੱਖਿਆ ਹੈ। ਪ੍ਰੇਮ-ਪਿਆਰ ਦੇ ਕਿੱਸੇ ਪੜ੍ਹਨ ਅਤੇ ਕੁਦਰਤ ਦੀਆਂ ਗੱਲਾਂ ਕਰਨ ਦੇ ਨਾਲ-ਨਾਲ ਢਿੱਲੋਂ ਨੇ ਸਮਾਜ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਵੀ ਆਪਣੀਆਂ ਗ਼ਜ਼ਲਾਂ ਦਾ ਬਾਖੂਬੀ ਵਿਸ਼ਾ ਬਣਾਇਆ ਅਤੇ ਨਿਭਾਇਆ ਹੈ।

ਕਿਸਾਨਾਂ ਲਈ ਸਮੱਸਿਆ ਬਣੀਆਂ ਅਤੇ ਸੜਕੀ ਹਾਦਸਿਆਂ ਦੇ ਪ੍ਰਮੁੱਖ ਕਾਰਨਾਂ 'ਚੋਂ ਇਕ ਬੇਸਹਾਰਾ ਗਊਆਂ ਅਤੇ ਸਾਨ੍ਹਾਂ ਦੀ ਸਮੱਸਿਆ ਦੀ ਜੜ੍ਹ ਇਨਸਾਨ ਦੀ ਮਤਲਬਪ੍ਰਸਤੀ ਨੂੰ ਦੱਸਦਿਆਂ ਢਿੱਲੋਂ ਨੇ ਬੜੇ ਕਮਾਲ ਦਾ ਵਰਨਣ ਕੀਤਾ ਹੈ-

ਲੱਖਾਂ ਦੇ ਵਿਚ ਵਿਕਦੇ ਸਨ ਜੋ ਦੇਖੋ
ਫਿਰਨ ਅਵਾਰਾ,
ਸਾਡੇ ਰਿਜ਼ਕ ਦੇ ਪਾਤਰ ਸਨ ਜੋ ਬੱਗਾ,
ਸਾਵਾ, ਨਾਰਾ।

ਇਕ ਗ਼ਜ਼ਲ ਦੇ ਸ਼ੇਅਰ ਵਿਚ ਢਿੱਲੋਂ ਪੰਜਾਬ 'ਚ ਫੈਲੀ ਰਿਸ਼ਵਤਖੋਰੀ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਜੇ ਸੂਬੇ 'ਚ ਇਹ ਬੁਰਾਈ ਨਾ ਹੁੰਦੀ ਤਾਂ ਪੰਜਾਬ ਨੇ ਵੀ ਕੈਨੇਡਾ ਹੀ ਹੋਣਾ ਸੀ। ਲੇਖਕ ਨੇ ਬੜੀ ਬੇਬਾਕੀ ਨਾਲ ਵੋਟਾਂ ਖ਼ਰੀਦਣ ਦੇ ਗੋਰਖ ਧੰਦੇ 'ਤੇ ਵੀ ਉਂਗਲ ਧਰੀ ਹੈ।



ਇਕ ਸ਼ੇਅਰ ਵਿਚ ਲੇਖਕ ਨੇ ਬਚਪਨ 'ਚ ਮਿਲਦੀਆਂ ਮਾਂ ਦੀਆਂ ਘੂਰੀਆਂ ਅਤੇ ਬਾਪ ਦੀਆਂ ਗਾਲਾਂ ਨੂੰ ਮਾਪਿਆਂ ਦਾ ਤੋਹਫ਼ਾ ਕਹਿ ਕੇ ਯਾਦ ਕੀਤਾ ਹੈ। ਲੇਖਕ ਨੇ ਕੁੜੀਆਂ ਅਤੇ ਚਿੜੀਆਂ ਦੀ ਘਟਦੀ ਗਿਣਤੀ ਬਾਰੇ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਵੀ ਗ਼ਜ਼ਲ ਵਿਚ ਕੀਤਾ ਹੈ। ਗ਼ਜ਼ਲ ਦਾ ਉਰਦੂ ਅਤੇ ਫਾਰਸੀ ਭਾਸ਼ਾ ਨਾਲ ਤਾਂ ਬੜਾ ਗਹਿਰਾ ਨਾਤਾ ਹੈ। ਪਰ ਗ਼ਜ਼ਲ 'ਬਿਜਲੀ ਚਮਕੇ, ਕੱਕਰ ਵਰ੍ਹਦਾ' 'ਚ ਇਸਤੇਮਾਲ ਕੀਤਾ ਹਿੰਦੀ ਦਾ ਸ਼ਬਦ 'ਪਰਿਯਾਸ' ਅੱਖੜਦਾ ਹੈ। ਤਰੰਨਮ 'ਚ ਗਾਈਆਂ ਜਾ ਸਕਣ ਵਾਲੀਆਂ ਗ਼ਜ਼ਲਾਂ ਦੀ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

'ਪ੍ਰਤਾਪ' ਪੁਸਤਕ ਇਕ ਅਜਿਹਾ ਮਿੰਨੀ ਕਹਾਣੀ ਸੰਗ੍ਰਹਿ ਹੈ ਜਿਸ 'ਚ ਲੇਖਕ ਨੇ ਅਜੋਕੇ ਮਾਹੌਲ 'ਤੇ ਵਿਅੰਗ ਦਾ ਸੁਰ ਵਰਤਿਆ ਹੈ। ਇਹ ਕਹਾਣੀ ਸੰਗ੍ਰਹਿ ਮੁੱਖ ਤੌਰ 'ਤੇ ਅੰਧ ਵਿਸ਼ਵਾਸਾਂ, ਭ੍ਰਿਸ਼ਟਾਚਾਰ, ਰਾਜਨੀਤਕ ਮਸਲਿਆਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਅਧਾਰ 'ਤੇ ਲਿਖਿਆ ਗਿਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਪ੍ਰਤਾਪ' ਇਕ ਪ੍ਰਭਾਵਸ਼ਾਲੀ ਕਹਾਣੀ ਹੈ ਜਿਸ ਵਿਚ ਲੇਖਕ ਨੇ ਬਹੁਤ ਵਧੀਆ ਢੰਗ ਨਾਲ ਲੋਕਾਂ ਦੀ ਸੋਚ ਨੂੰ ਦਰਸਾਇਆ ਹੈ ਕਿ ਗੁਰੂ ਦੇ ਦਿਹਾੜੇ 'ਤੇ ਪਿੰਡ ਦੇ ਟਾਂਵੇ-ਟਾਂਵੇ ਲੋਕ ਪਹੁੰਚਦੇ ਹਨ ਪਰ ਜਦ ਕੈਨੇਡਾ ਵਾਲੇ ਸਰਦਾਰ ਦੇ ਘਰ ਭੋਗ ਹੁੰਦਾ ਹੈ ਤਾਂ ਸਾਰਾ ਪਿੰਡ ਪਹੁੰਚਦਾ ਹੈ। ਇਸ ਤਰ੍ਹਾਂ ਲੇਖਕ ਨੇ ਅੱਜ ਦੇ ਮਨੁੱਖ ਦੀ ਸੋਚ 'ਤੇ ਕੇਂਦਰਿਤ ਕੀਤਾ ਹੈ।

ਪਹਿਲੀ ਕਹਾਣੀ 'ਹਿੰਮਤ' ਵੀ ਗ਼ਰੀਬਾਂ ਦੀ ਦਾਸਤਾਨ ਹੈ ਕਿ ਕਿਵੇਂ ਇਕ ਗ਼ਰੀਬ ਔਰਤ ਘਰ ਦਾ ਕੰਮ ਤੇ ਬਾਹਰ ਮਜ਼ਦੂਰੀ ਵੀ ਕਰਦੀ ਹੈ। ਇੰਨੀ ਥੱਕ ਟੁੱਟ ਜਾਂਦੀ ਹੈ ਕਿ ਉਹ ਨਹੀਂ ਚਾਹੁੰਦੀ ਉਹਨੂੰ ਸੁੱਤੀ ਪਈ ਨੂੰ ਜਗਾਇਆ ਜਾਏ। 'ਵਿਹਲਾ' ਕਹਾਣੀ ਸਿੱਖਿਆ ਦੀ ਦਸ਼ਾ ਨੂੰ ਬਿਆਨ ਕਰਦੀ ਹੋਈ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਕਹਾਣੀ 'ਹਿੱਕ ਤੇ ਮੂੰਗ' ਵਿਚ ਰਾਜਨੀਤਕ ਦਸ਼ਾ ਨੂੰ ਬਿਆਨਿਆ ਹੈ। ਲੇਖਕ ਦੀਆਂ ਹੋਰ ਕਹਾਣੀਆਂ ਜਿਵੇਂ ਖੂੰਖਾਰ, ਵਾਈਟ ਪੇਪਰ, ਲੋਕ ਰਾਜ, ਕੋਟਾ, ਖ਼ਾਤਰ, ਵਿਕਾਸ, ਦੁਨੀਆਦਾਰੀ, ਦੰਦੀਆਂ , ਸਬਕ ਆਦਿ ਵਿਚ ਵੱਖ-ਵੱਖ ਵਿਸ਼ੇ ਪੇਸ਼ ਕੀਤੇ ਗਏ ਹਨ। 'ਹੀਰ' ਕਹਾਣੀ ਵਿਚ ਲੇਖਕ ਨੇ ਹੀਰ ਤੇ ਸਾਹਿਬਾਂ ਦੀ ਇਕ ਸਾਹਿਤਕਾਰ ਵਲੋਂ ਵਡਿਆਈ ਦਿਖਾਈ ਹੈ ਕਿ ਕਿਸ ਤਰ੍ਹਾਂ ਉਹ ਮੰਚ 'ਤੇ ਉਨ੍ਹਾਂ ਦੀ ਸ਼ੋਭਾ ਕਰਦਾ ਹੈ ਪਰ ਜਦ ਉਸ ਦੀ ਆਪਣੀ ਕੁੜੀ ਹੀਰ ਬਣਨ ਬਾਰੇ ਕਹਿੰਦੀ ਹੈ ਤਾਂ ਉਸ ਨੂੰ ਮਨ੍ਹਾਂ ਕੀਤਾ ਜਾਂਦਾ ਹੈ। ਇਸ ਸੰਗ੍ਰਹਿ ਵਿਚਲੀਆਂ ਹੋਰ ਵੀ ਕਹਾਣੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਸਮਾਜ ਦੇ ਹਾਲਾਤ ਪ੍ਰਤੀ ਜਾਣੂ ਹੋ ਸਕਦੇ ਹਾਂ। ਲੇਖਕ ਦੀਆਂ ਸਾਰੀਆਂ ਕਹਾਣੀਆਂ ਅਗਾਂਹਵਧੂ ਸੋਚ ਦੀਆਂ ਧਾਰਨੀ ਹਨ। ਭਾਸ਼ਾ ਪੱਖੋਂ ਲੇਖਕ ਨੇ ਸਪੱਸ਼ਟਤਾ ਵਰਤੀ ਹੈ।



ਰੋਹਿਤ ਕੁਮਾਰ ਦੀ ਲਿਖੀ ਪੁਸਤਕ 'ਗੰਦਾ ਖ਼ੂਨ' ਮਿੰਨੀ ਕਹਾਣੀਆਂ ਦੀ ਇਕ ਅਜਿਹੀ ਪੁਸਤਕ ਹੈ ਜੋ ਵਰਤਮਾਨ ਹਾਲਾਤ ਨੂੰ ਦਰਸਾਉਂਦੀ ਹੈ। ਸਾਰੀਆਂ ਕਹਾਣੀਆਂ ਅਜੋਕੀ ਸਮਾਜਿਕ ਹਾਲਤ ਦਾ ਵਰਨਣ ਕਰਦੀਆਂ ਹਨ। ਇਸ ਪੁਸਤਕ ਵਿਚ ਕਰੀਬ 104 ਕਹਾਣੀਆਂ ਹਨ ਜਿਨ੍ਹਾਂ ਦੇ ਵੱਖ-ਵੱਖ ਵਿਸ਼ੇ ਹਨ। ਜ਼ਿਆਦਾਤਰ ਕਹਾਣੀਆਂ ਔਰਤਾਂ ਨਾਲ ਸਬੰਧਤ ਹਨ। ਉਹ ਔਰਤਾਂ ਜੋ ਮਜਬੂਰੀਵੱਸ ਗ਼ਲਤ ਕੰਮ ਵੀ ਕਰਦੀਆਂ ਹਨ ਤੇ ਮਰਦ ਉਨ੍ਹਾਂ ਦੇ ਇਸ ਕੰਮ ਦਾ ਫ਼ਾਇਦਾ ਉਠਾਉਂਦੇ ਹਨ। ਪੁਸਤਕ ਵਿਚਲੀਆਂ ਕਹਾਣੀਆਂ ਸ਼ਰਮ, ਫ਼ਿਕਰ, ਨਾਸੂਰ, ਪਾਪ, ਅਤੀਤ, ਯਾਰਮਾਰ, ਠੰਢਾ ਚੁੱਲ੍ਹਾ, ਟਾਇਮ ਟੇਬਲ, ਸੌਦਾ, ਫ਼ਰਕ, ਪਖੰਡੀ ਸਾਧ, ਸਵਾ ਸ਼ੇਰ ਆਦਿ ਦਰਸਾਉਂਦੀਆਂ ਹਨ ਕਿ ਸਾਡਾ ਸਮਾਜ ਕਿੰਨਾ ਗੰਧਲਾ ਹੁੰਦਾ ਜਾ ਰਿਹਾ ਹੈ ਜਿਸ ਵਿਚ ਔਰਤਾਂ ਨੂੰ ਸਿਰਫ਼ ਇਕ ਕਠਪੁਤਲੀ ਸਮਝਿਆ ਜਾਂਦਾ ਹੈ।

ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਹਾਣੀਆਂ ਹਨ ਜਿਵੇਂ ਖਿਝ, ਕਾਗਜ਼, ਮਿਹਨਤ, ਟੇਸਟ, ਅੱਤਵਾਦੀ ਆਦਿ ਜਿਨ੍ਹਾਂ ਵਿਚ ਲੇਖਕ ਨੇ ਉਨਾਂ ਵਿਸ਼ਿਆਂ ਦਾ ਵਰਨਣ ਕੀਤਾ ਹੈ ਜੋ ਅੱਜ ਦੇ ਸਮੇਂ 'ਚ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਜਿਵੇਂ ਰਿਸ਼ਵਤਖੋਰੀ, ਨਸ਼ੇ, ਭਰੂਣ ਹੱਤਿਆ ਆਦਿ। ਕਈ ਕਹਾਣੀਆਂ ਵਿਚ ਲੇਖਕ ਨੇ ਬਹੁਤ ਵਧੀਆ ਤਰੀਕੇ ਨਾਲ ਔਰਤਾਂ ਦੀ ਮਜਬੂਰੀ ਨੂੰ ਦਰਸਾਇਆ ਹੈ ਕਿ ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਹੇਰਵਾ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਇਕ ਔਰਤ ਆਪਣੇ ਬੱਚੇ ਨੂੰ ਬਚਾਉਣ ਲਈ ਪੈਸਿਆਂ ਲਈ ਹੱਥ ਪੱਲੇ ਮਾਰਦੀ ਹੈ ਪਰ ਅੰਤ 'ਚ ਉਸ ਨੂੰ ਆਪਣੀ ਇੱਜ਼ਤ ਦਾਅ 'ਤੇ ਲਾਉਣੀ ਪੈਂਦੀ ਹੈ। ਇਸੇ ਤਰ੍ਹਾਂ ਨਲਾਇਕ ਕਹਾਣੀ ਬੱਚਿਆਂ ਦੇ ਆਪਣੇ ਮਾਪਿਆਂ ਦੀ ਖ਼ਬਰਸਾਰ ਨਾ ਲੈਣ ਅਤੇ ਦੂਰ ਰਹਿਣਾ ਨੂੰ ਚਿਤਰਦੀ ਹੈ।

ਡਰ, ਰੱਬ ਦਾ ਰੂਪ, ਆਖਰੀ ਬੋਲ, ਬਲਾਤਕਾਰੀ ਸਾਧ ਆਦਿ ਕਹਾਣੀਆਂ ਵਿਚ ਲੇਖਕ ਨੇ ਛੋਟੀਆਂ ਕੁੜੀਆਂ ਨਾਲ ਹੋ ਰਹੇ ਕੁਕਰਮਾਂ ਦਾ ਜ਼ਿਕਰ ਬਹੁਤ ਹੀ ਖੁੱਲ੍ਹੇ ਢੰਗ ਨਾਲ ਕੀਤਾ ਹੈ। ਕਹਾਣੀਆਂ ਅਜੋਕੀ ਸਮਾਜਿਕ ਹਾਲਤ ਤਾਂ ਬਿਆਨਦੀਆਂ ਹਨ ਪਰ ਕਿਤੇ-ਕਿਤੇ ਤਿੱਖੇਪਨ ਦੀ ਘਾਟ ਮਹਿਸੂਸ ਹੁੰਦੀ ਹੈ। ਸ਼ੈਲੀ ਪੱਖੋਂ ਲੇਖਕ ਦੀਆਂ ਕਹਾਣੀਆਂ ਵਿਚ ਸਪੱਸ਼ਟਤਾ ਹੈ।



• ਇੰਦਰਪ੍ਰੀਤ ਕੌਰ

ਕੇਵਲ ਸਿੰਘ ਢਿੱਲੋਂ ਦੀ ਅਗਵਾਈ 'ਤੇ ਚੌਧਰੀ ਸ਼ਿਆਮ ਲਾਲ ਗੁੱਜਰ ਬੀਜੇਪੀ 'ਚ ਸ਼ਾਮਲ

➢ ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਦੇ ਪ੍ਰਧਾਨ ਨੇ ਸੈਂਕੜੇ ਸਾਥੀਆਂ ਸਮੇਤ ਭਾਜਪਾ ਦਾ ਫੜਿਆ ਪੱਲਾ
➢ ਪੰਜਾਬ ਦੇ ਹਾਲਾਤ ਚਿੰਤਾਜਨਕ, ਨਸ਼ਿਆਂ ਦਾ ਖ਼ਾਤਮਾ ਸਭ ਤੋਂ ਵੱਡੀ ਤਰਜੀਹ: ਢਿੱਲੋਂ ➢ ਨਸ਼ਾ, ਗੈਂਗਸਟਰਵਾਦ ਤੇ ਕਾਨੂੰਨ-ਵਿਵਸਥਾ 'ਤੇ ਢਿੱਲੋਂ ਦਾ ਸਰਕਾਰ 'ਤੇ ਹਮਲਾ, ਭਾਜਪਾ ਸਰਕਾਰ ਨੂੰ ਦੱਸਿਆ ਇੱਕੋ ਇੱਕ ਹੱਲ

ਮੁਹਾਲੀ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਣਜੀਤ ਸਿੰਘ ਗਿੱਲ ਦੀ ਪ੍ਰੇਰਨਾ ਸਦਕਾ ਸ਼੍ਰੋਮਣੀ ਅਕਾਲੀ ਦਲ ਦੇ ਬੀਸੀ ਵਿੰਗ ਦੇ ਜ਼ਿਲ੍ਹਾ ਮੋਹਾਲੀ ਪ੍ਰਧਾਨ ਚੌਧਰੀ ਸ਼ਿਆਮ ਲਾਲ ਗੁੱਜਰ ਆਪਣੇ ਸੈਂਕੜੇ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ। ਖਰੜ ਹਲਕੇ ਦੇ ਪਿੰਡ ਗੁੜਾ ਵਿਖੇ ਰੱਖੇ ਸਮਾਗਮ ਦੌਰਾਨ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਉਂਦਿਆਂ ਨਿੱਘਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ।



ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਚੌਧਰੀ ਸ਼ਿਆਮ ਲਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੰਜਾਬ ਦੇ ਭਲੇ ਲਈ ਬਹੁਤ ਵਧੀਆ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ÷ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ÷ ਦੇ ਮੰਤਰ ਨਾਲ ਹਰ ਵਰਗ ਨੂੰ ਨਾਲ ਲੈ ਕੇ ਚੱਲ ਰਹੀ ਹੈ ਅਤੇ ਇਸੇ ਭਰੋਸੇ ਦੇ ਕਾਰਨ ਵੱਖ-ਵੱਖ ਭਾਈਚਾਰਿਆਂ ਦੇ ਲੋਕ ਭਾਜਪਾ ਨਾਲ ਜੁੜ ਰਹੇ ਹਨ।


ਢਿੱਲੋਂ ਨੇ ਕਿਹਾ ਕਿ ਅੱਜ ਗੁੱਜਰ ਭਾਈਚਾਰੇ ਵੱਲੋਂ ਵੱਡੀ ਗਿਣਤੀ ਵਿੱਚ ਭਾਜਪਾ ਨਾਲ ਜੁੜਨਾ ਬੇਹੱਦ ਖ਼ੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਗੁੱਜਰ ਭਾਈਚਾਰਾ ਆਪਣੀ ਮਿਹਨਤ ਅਤੇ ਸਮਾਜ ਪ੍ਰਤੀ ਯੋਗਦਾਨ ਲਈ ਜਾਣਿਆ ਜਾਂਦਾ ਹੈ ਅਤੇ ਪੰਜਾਬ ਦੀ ਤਰੱਕੀ ਵਿੱਚ ਇਸ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਿਆਮ ਲਾਲ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਾਮਲ ਹੋਣ ਨਾਲ ਭਾਜਪਾ ਹੋਰ ਮਜ਼ਬੂਤ ਹੋਈ ਹੈ।

ਸੂਬਾ ਪ੍ਰਧਾਨ ਨੇ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਬਹੁਤ ਚਿੰਤਾਜਨਕ ਹਨ। ਨਸ਼ਾ, ਗੈਂਗਸਟਰਵਾਦ, ਫਿਰੌਤੀਆਂ, ਕਤਲ, ਵਿਗੜੀ ਕਾਨੂੰਨ-ਵਿਵਸਥਾ, ਵਧਦਾ ਕਰਜ਼ਾ ਅਤੇ ਮਾਲੀ ਹਾਲਾਤ ਨੇ ਸੂਬੇ ਨੂੰ ਸੰਕਟ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਨਸ਼ਿਆਂ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਸਰਕਾਰ ਦੀ ਨਾਕਾਮੀ ਸਾਹਮਣੇ ਲਿਆਉਣ ਵਾਲਿਆਂ ਨਾਲ ਧੱਕੇਸ਼ਾਹੀ ਕੀਤੀ ਜਾਂਦੀ ਹੈ। ਢਿੱਲੋਂ ਨੇ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਗੋਲੀਆਂ ਚੱਲ ਰਹੀਆਂ ਹਨ ਅਤੇ ਕਤਲ ਦੀਆਂ ਘਟਨਾਵਾਂ ਹੋ ਰਹੀਆਂ ਹਨ। ਉਨ੍ਹਾਂ ਮਾਨਸਾ ਦੇ ਪਰਮਿੰਦਰ ਸਿੰਘ ਝੋਟਾ ਅਤੇ ਪਿੰਡ ਭੰਮੇ ਕਲਾਂ ਦੇ ਨੌਜਵਾਨ ਦਲਜੀਤ ਜੀਤੂ ਦੇ ਮਾਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨਸਾਫ਼ ਦੇਣ ਦੀ ਬਜਾਏ ਪੀੜਤ ਪਰਿਵਾਰਾਂ ਨੂੰ ਹੋਰ ਧੱਕੇਸ਼ਾਹੀ ਸਹਿਣੀ ਪੈ ਰਹੀ ਹੈ।

ਢਿੱਲੋਂ ਨੇ ਕਿਹਾ ਕਿ ਅੱਜ ਸਭ ਤੋਂ ਵੱਡਾ ਮਸਲਾ ਪੰਜਾਬ ਦੀਆਂ ਨਸਲਾਂ ਨੂੰ ਬਚਾਉਣ ਦਾ ਹੈ। ਜੇਕਰ ਸਾਡੇ ਧੀਆਂ-ਪੁੱਤ ਹੀ ਸੁਰੱਖਿਅਤ ਨਹੀਂ ਰਹਿਣਗੇ ਤਾਂ ਹੋਰ ਸੁੱਖ-ਸਹੂਲਤਾਂ ਦਾ ਕੋਈ ਅਰਥ ਨਹੀਂ ਰਹਿੰਦਾ। ਇਸ ਲਈ ਨਸ਼ਿਆਂ ਦਾ ਖ਼ਾਤਮਾ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ।

ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਨਸ਼ਾ ਮੁਕਤ ਪੰਜਾਬ ਯਾਤਰਾ ਰਾਹੀਂ ਸੂਬੇ ਨੂੰ ਨਸ਼ਿਆਂ ਤੋਂ ਮੁਕਤ ਬਣਾਉਣ ਦਾ ਸੰਕਲਪ ਲਿਆ ਹੈ ਅਤੇ ਕੇਂਦਰ ਸਰਕਾਰ ਦੀਆਂ ਮੁਹਿੰਮਾਂ ਨਾਲ 31 ਦਸੰਬਰ 2029 ਤੱਕ ਨਸ਼ਿਆਂ ਦੇ ਖ਼ਾਤਮੇ ਲਈ ਪੂਰੀ ਵਚਨਬੱਧਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇੱਕ ਮਜ਼ਬੂਤ ਅਤੇ ਇਮਾਨਦਾਰ ਸਰਕਾਰ ਦੀ ਲੋੜ ਹੈ ਅਤੇ ਭਾਜਪਾ ਦੇ ਸੁਸ਼ਾਸਨ ਅਤੇ ਵਿਕਾਸ ਦੇ ਟਰੈਕ ਰਿਕਾਰਡ ਦੇ ਆਧਾਰ 'ਤੇ ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਭਾਰਤੀ ਜਨਤਾ ਪਾਰਟੀ ਹੀ ਦੇ ਸਕਦੀ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਹਰ ਵਰਗ ਤੱਕ ਪਾਰਟੀ ਦੀਆਂ ਨੀਤੀਆਂ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਰਣਜੀਤ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਸੰਜੀਵ ਵਿਸ਼ਿਸ਼ਟ,ਚੌਧਰੀ ਓਮ ਪ੍ਰਕਾਸ਼ ਚੇਅਰਮੈਨ ਹਰਿਆਣਾ ਸਰਕਾਰ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ

US ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਵਧਿਆ ਸਿਆਸੀ ਘਮਸਾਨ



ਵਾਸ਼ਿੰਗਟਨ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
US ਕਾਂਗਰਸ ਦੇ ਦੋਵਾਂ ਸਦਨਾਂ 'ਤੇ ਕੰਟਰੋਲ ਤੈਅ ਕਰਨ ਵਾਲੀਆਂ ਅਹਿਮ ਮੱਧ-ਮਿਆਦੀ (Mid-Term) ਚੋਣਾਂ 'ਚ ਸਿਰਫ਼ ਕੁੱਝ ਹੀ ਦਿਨ ਬਾਕੀ ਰਹਿ ਗਏ ਹਨ ਅਤੇ ਚੋਣ ਮੁਕਾਬਲਾ ਪੂਰੀ ਤਰ੍ਹਾਂ ਭੱਖ ਗਿਆ ਹੈ। ਰੀਪਬਲੀਕਨ ਰਾਸ਼ਟਰਪਤੀ Donald Trump ਵਲੋਂ ਵੋਟਰਾਂ ਨੂੰ ਇਹ ਅਪੀਲ ਕਰਨ ਤੋਂ ਬਾਅਦ ਕਿ ਉਹ ਇਸ ਚੋਣ ਨੂੰ ਉਨ੍ਹਾਂ ਦੇ ਆਪਣੇ ਰਾਸ਼ਟਰਪਤੀ ਕਾਰਜਕਾਲ 'ਤੇ ਇੱਕ ਜਨਮਤ ਸੰਗ੍ਰਹਿ (Referendum) ਵਜੋਂ ਦੇਖਣ, ਸਾਬਕਾ ਡੈਮੋਕ੍ਰੈਟਿਕ ਰਾਸ਼ਟਰਪਤੀ ਬਰਾਕ ਓਬਾਮਾ ਵੀ ਮੈਦਾਨ 'ਚ ਉਤਰ ਆਏ ਹਨ। ਕਲੀਵਲੈਂਡ ਅਤੇ ਡੀਟ੍ਰੋਇਟ 'ਚ ਰੈਲੀਆਂ ਨੂੰ ਸੰਬੋਧਨ ਕਰਦਿਆਂ, ਓਬਾਮਾ ਨੇ Trump ਪ੍ਰਸ਼ਾਸ਼ਨ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗਾਏ, ਈਰਾਨ ਬਾਰੇ ਉਨ੍ਹਾਂ ਦੀ ਨੀਤੀ ਦਾ ਮਜ਼ਾਕ ਉਡਾਇਆ ਅਤੇ White House ਦੇ ਨਵੀਨੀਕਰਣ ਦੇ ਤਰੀਕੇ ਦੀ ਸਖ਼ਤ ਆਲੋਚਨਾ ਕੀਤੀ।

3 ਨਵੰਬਰ ਦੀ ਚੋਣ ਨੂੰ ਦੱਸਿਆ ਇੱਕ ਸਰਕਟ ਬ੍ਰੇਕਰ ਅਤੇ ਅਬਦੁੱਲ ਅਲ-ਸਈਦ ਲਈ ਵੋਟਾਂ ਦੀ ਕੀਤੀ ਮੰਗ: ਮਿਸ਼ੀਗਨ 'ਚ ਡੈਮੋਕ੍ਰੈਟਿਕ ਪਾਰਟੀ ਵਲੋਂ ਅਮਰੀਕੀ ਸੈਨੇਟ ਦੇ ਉਮੀਦਵਾਰ ਅਬਦੁੱਲ ਅਲ-ਸਈਦ ਲਈ ਪ੍ਰਚਾਰ ਕਰਦਿਆਂ ਓਬਾਮਾ ਨੇ 3 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਨੂੰ ਇੱਕ ਸਰਕਟ ਬ੍ਰੇਕਰ (ਭਾਵ, ਗ਼ਲਤ ਚੀਜ਼ਾਂ ਨੂੰ ਰੋਕਣ ਵਾਲਾ ਕਦਮ) ਕਰਾਰ ਦਿੱਤਾ। ਉਨ੍ਹਾਂ ਰੈਲੀ 'ਚ ਕਿਹਾ ਕਿ Trump ਪ੍ਰਸ਼ਾਸ਼ਨ ਦੀਆਂ ਮਨਮਾਨੀਆਂ ਅਤੇ ਗ਼ਲਤ ਕਾਰਵਾਈਆਂ ਨੂੰ ਰੋਕਣ ਲਈ ਅਤੇ ਸਰਕਾਰ 'ਚ ਜਵਾਬਦੇਹੀ ਬਹਾਲ ਕਰਨ ਲਈ ਇਸ ਸਰਕਟ ਬ੍ਰੇਕਰ ਨੂੰ ਸਰਗਰਮ ਕਰਨਾ ਬਹੁਤ ਜ਼ਰੂਰੀ ਹੈ। ਖ਼ਾਸ ਤੌਰ 'ਤੇ, ਮਿਸ਼ੀਗਨ 'ਚ ਡੈਮੋਕ੍ਰੈਟਿਕ ਉਮੀਦਵਾਰ ਅਲ-ਸਈਦ ਨੂੰ ਸਾਬਕਾ ਅਮਰੀਕੀ ਪ੍ਰਤੀਨਿਧੀ ਅਤੇ ਰੀਪਬਲੀਕਨ ਆਗੂ ਮਾਈਕ ਰੌਜਰਜ਼ ਤੋਂ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

Trump ਜਨਤਕ ਫ਼ੰਡਾਂ ਦੀ ਹੇਰਾਫ਼ੇਰੀ ਕਰਨ 'ਚ ਮਾਹਿਰ: Trump ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਰੀਪਬਲੀਕਨ ਆਗੂਆਂ 'ਤੇ ਸਿੱਧਾ ਹਮਲਾ ਕਰਦਿਆਂ ਓਬਾਮਾ ਨੇ ਕਿਹਾ, "ਅਸੀਂ ਅਜਿਹਾ ਰਾਸ਼ਟਰਪਤੀ ਪਹਿਲਾਂ ਕਦੇ ਨਹੀਂ ਦੇਖਿਆ ਜੋ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਖੁੱਲ੍ਹੇਆਮ ਹੜੱਪਣ ਜਾਂ ਧੋਖਾਧੜੀ ਨਾਲ ਹਾਸਿਲ ਕਰਨ 'ਚ ਇੰਨਾ ਮਾਹਿਰ ਹੋਵੇ।" ਉਨ੍ਹਾਂ ਅੱਗੇ ਕਿਹਾ ਕਿ ਅਜਿਹਾ ਰਾਸ਼ਟਰਪਤੀ ਪਹਿਲਾਂ ਕਦੇ ਨਹੀਂ ਦੇਖਿਆ ਗਿਆ ਜਿਸ ਨੇ ਆਪਣੇ ਅਹੁਦੇ ਦੀ ਵਰਤੋਂ ਨਿੱਜੀ ਲਾਭ ਲਈ ਇੰਨੀ ਗ਼ਲਤ ਤਰੀਕੇ ਨਾਲ ਕੀਤੀ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਰੀਪਬਲੀਕਨ ਪਾਰਟੀ ਅਸਲ 'ਚ ਇੱਕ ਭ੍ਰਿਸ਼ਟ, ਅਯੋਗ ਜਾਂ ਨਾਕਾਮ ਪ੍ਰਸ਼ਾਸ਼ਨ ਦਾ ਸਮਾਨਾਰਥੀ ਬਣ ਗਈ ਹੈ। ਜਨਤਕ ਰਾਏ। ਵੀ ਕੁੱਝ ਅਜਿਹਾ ਹੀ ਬਿਆ ਉਨ੍ਹਾਂ ਦਲੀਲ ਦਿੱਤੀ ਕਿ ਚੱਲ ਰਹੇ ਟਕਰਾਅ ਨੇ ਅਸਲ 'ਚ ਈਰਾਨ ਦੇ ਆਰਥਿਕ ਪ੍ਰਭਾਵ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਹੋਰਮੂਜ਼ ਜਲਡਮਰੂ 'ਚ ਜਹਾਜ਼ਾਂ 'ਤੇ ਹਮਲਾ ਕਰਨ ਦੀਆਂ ਈਰਾਨੀ ਧਮਕੀਆਂ ਨੇ ਵਿਸ਼ਵ ਤੇਲ ਨਿਰਯਾਤਕਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਨਾਲ ਈਰਾਨ ਨੂੰ ਵਿਸ਼ਵ ਤੇਲ ਸਪਲਾਈ ਦੇ ਇੱਕ ਅਹਿਮ ਰਸਤੇ 'ਤੇ ਇੱਕ ਤਰ੍ਹਾਂ ਦੀ 'ਵੀਟੋ ਸ਼ਕਤੀ '(ਰੋਕਣ ਦਾ ਅਧਿਕਾਰ) ਮਿਲ ਗਈ ਹੈ।

ਇਸ ਤੋਂ ਇਲਾਵਾ ਓਬਾਮਾ ਨੇ ਪ੍ਰਸ਼ਾਸ਼ਨ ਦੀਆਂ ਤਰਜੀਹਾਂ 'ਤੇ ਸਵਾਲ ਚੁੱਕੇ। ਉਨ੍ਹਾਂ ਨੇ ਰੱਖਿਆ ਸਕੱਤਰ ਪੀਟ ਹੈਗਸੈੱਥ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਫ਼ੌਜੀ ਜਵਾਨਾਂ ਦੇ ਚਿਹਰੇ ਦੀ ਬਣਤਰ ਅਤੇ ਟੈਸਟੋਸਟਰੋਨ ਦੇ ਪੱਧਰ ਵਰਗੇ ਮਾਮੂਲੀ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰ ਰਹੇ ਹਨ। White House ਦੀ ਨਵੀਂ ਸਜਾਵਟ 'ਤੇ ਟਿੱਪਣੀ ਕਰਦਿਆਂ ਓਬਾਮਾ ਨੇ ਕਿਹਾ, "ਉਨ੍ਹਾਂ ਨੇ White House ਨੂੰ ਅਜਿਹਾ ਬਣਾ ਦਿੱਤਾ ਹੈ ਜਿਵੇਂ ਸੱਦਾਮ ਹੁਸੈਨ ਨੇ ਉਥੇ ਕੋਈ ਚੀਜ਼ ਕੇਕ ਫ਼ੈਕਟਰੀ ਖੋਲ੍ਹ ਦਿੱਤੀ ਹੋਵੇ।"

Trump ਨੇ ਤਿੱਖਾ ਪਲਟਵਾਰ ਕਰਦਿਆਂ ਓਬਾਮਾ ਨੂੰ ਦੱਸਿਆ ਬੇਹੱਦ ਅਯੋਗ: ਇਨ੍ਹਾਂ ਤਿੱਖੇ ਹਮਲਿਆਂ ਦੇ ਜਵਾਬ 'ਚ Trump ਨੇ ਆਪਣੇ ਸੋਸ਼ਲ ਮੀਡੀਆ ਪਲੈਟਫ਼ੌਰਮ Truthe Social 'ਤੇ ਪਲਟਵਾਰ ਕੀਤਾ। ਉਨ੍ਹਾਂ ਨੇ ਓਬਾਮਾ ਨੂੰ ਬੇਹੱਦ ਅਯੋਗ ਰਾਸ਼ਟਰਪਤੀ ਕਰਾਰ ਦਿੱਤਾ ਅਤੇ ਸੈਨੇਟ ਉਮੀਦਵਾਰ ਅਲ-ਸਈਦ 'ਤੇ ਗੰਭੀਰ ਨਿੱਜੀ ਦੋਸ਼ ਲਗਾਏ। ਈਰਾਨ ਦੇ ਮੁੱਦੇ 'ਤੇ ਓਬਾਮਾ ਪ੍ਰਸ਼ਾਸ਼ਨ ਨੂੰ ਨਿਸ਼ਾਨਾ ਬਣਾਉਂਦੇ ਹੋਏ Trump ਨੇ ਕਿਹਾ ਕਿ ਓਬਾਮਾ ਨੇ 2015 ਦੇ ਪ੍ਰਮਾਣੂ ਸਮਝੌਤੇ ਰਾਹੀਂ ਈਰਾਨ ਨੂੰ ਅਰਬਾਂ ਡਾਲਰ ਦਿੱਤੇ ਅਤੇ ਉਨ੍ਹਾਂ ਲਈ ਪ੍ਰਮਾਣੂ ਹਥਿਆਰ ਹਾਸਿਲ ਕਰਨ ਦਾ ਰਾਹ ਪੱਧਰਾ ਕੀਤਾ, ਇੱਕ ਅਜਿਹਾ ਸਮਝੌਤਾ ਜਿਸ ਤੋਂ US ਨੇ ਖ਼ੁਦ Trump ਦੇ ਪਹਿਲੇ ਕਾਰਜਕਾਲ ਦੌਰਾਨ ਆਪਣੇ ਆਪ ਨੂੰ ਵੱਖ ਕਰ ਲਿਆ ਸੀ।

ਯੁੱਧ ਨਸ਼ਿਆਂ ਵਿਰੁੱਧ: ਅਹਿਮਦਗੜ੍ਹ ਵਿੱਚ ਨਸ਼ਾ ਤਸਕਰੀ ਦੇ ਮੁਲਜ਼ਮ ਦਾ ਘਰ ਢਾਹਿਆ; ਰਿਕਾਰਡ ਦੀ ਪੜਤਾਲ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਾਅਦ ਕਾਨੂੰਨ ਅਨੁਸਾਰ ਕਾਰਵਾਈ

ਮਲੇਰਕੋਟਲਾ, 3 ਨਵੰਬਰ
ਕੌਮੀ ਪੱਤ੍ਰਿਕਾ ਬਿਊਰੋ-
ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਆਪਣਾ ਸਖ਼ਤ ਰੁਖ਼ ਜਾਰੀ ਰੱਖਦਿਆਂ ਮਾਲੇਰਕੋਟਲਾ ਪੁਲਿਸ ਨੇ ਅੱਜ ਵਾਰਡ ਨੰਬਰ 4, ਅਹਿਮਦਗੜ੍ਹ ਵਿਖੇ ਨਸ਼ਾ ਤਸਕਰੀ ਦੇ ਇੱਕ ਮੁਲਜ਼ਮ ਦਾ ਘਰ ਢਾਹ ਦਿੱਤਾ। ਇਹ ਕਾਰਵਾਈ ਲਾਗੂ ਕਾਨੂੰਨ ਅਨੁਸਾਰ ਕੀਤੀ ਗਈ। ਕਾਰਵਾਈ ਤੋਂ ਪਹਿਲਾਂ ਜਾਇਦਾਦ ਦੀ ਮਾਲਕੀ ਅਤੇ ਸਬੰਧਤ ਰਿਕਾਰਡ ਦੀ ਪੜਤਾਲ ਕੀਤੀ ਗਈ ਅਤੇ ਸਮਰੱਥ ਅਧਿਕਾਰੀ ਤੋਂ ਪ੍ਰਵਾਨਗੀ ਲਈ ਗਈ। ਮੁਲਜ਼ਮ ਦੀ ਪਛਾਣ ਸਲੀਮ ਪੁੱਤਰ ਗਾਮਾ ਰਾਮ ਵਾਸੀ ਵਾਰਡ ਨੰਬਰ 4, ਅਹਿਮਦਗੜ੍ਹ, ਜ਼ਿਲ੍ਹਾ ਮਾਲੇਰਕੋਟਲਾ ਵਜੋਂ ਹੋਈ ਹੈ।

ਇਹ ਕਾਰਵਾਈ ਸੀਨੀਅਰ ਕਪਤਾਨ ਪੁਲਿਸ (ਐੱਸ.ਐੱਸ.ਪੀ.) ਹਰਕਮਲ ਪ੍ਰੀਤ ਸਿੰਘ ਖੱਖ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤੀ ਗਈ। ਕਾਰਵਾਈ ਦੀ ਅਗਵਾਈ ਐੱਸ.ਪੀ. (ਡੀ) ਸ੍ਰੀ ਰਮਨਦੀਪ ਸਿੰਘ ਭੁੱਲਰ, ਡੀ.ਐੱਸ.ਪੀ. ਅਹਿਮਦਗੜ੍ਹ ਸ੍ਰੀ ਇੰਦਰਪਾਲ ਸਿੰਘ ਚੌਹਾਨ ਅਤੇ ਐੱਸ.ਐੱਚ.ਓ. ਥਾਣਾ ਸਿਟੀ ਅਹਿਮਦਗੜ੍ਹ ਐੱਸ.ਆਈ. ਬਲੌਰ ਸਿੰਘ ਨੇ ਕੀਤੀ। ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ ਅਤੇ ਕਾਰਵਾਈ ਸ਼ਾਂਤੀਪੂਰਵਕ ਮੁਕੰਮਲ ਹੋਈ।



ਮੁਲਜ਼ਮ ਖ਼ਿਲਾਫ਼ ਦੋ ਅਪਰਾਧਿਕ ਮਾਮਲੇ ਦਰਜ ਹਨ। ਪਹਿਲਾ ਮਾਮਲਾ ਮੁਕੱਦਮਾ ਨੰਬਰ 14 ਮਿਤੀ 22.05.2017 ਅ/ਧ 3 ਰੇਲਵੇ ਐਕਟ, ਥਾਣਾ ਜੀ.ਆਰ.ਪੀ. ਸੰਗਰੂਰ ਵਿਖੇ ਦਰਜ ਹੈ। ਦੂਜਾ ਮਾਮਲਾ ਮੁਕੱਦਮਾ ਨੰਬਰ 90 ਮਿਤੀ 04.09.2026 ਅ/ਧ 22 ਐੱਨ.ਡੀ.ਪੀ.ਐੱਸ. ਐਕਟ, ਥਾਣਾ ਸਿਟੀ ਅਹਿਮਦਗੜ੍ਹ ਵਿਖੇ ਦਰਜ ਹੈ, ਜਿਸ ਵਿੱਚ ਉਸ ਪਾਸੋਂ 20 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਸਨ।

ਕਾਰਵਾਈ ਸਬੰਧੀ ਗੱਲ ਕਰਦਿਆਂ ਐੱਸ.ਐੱਸ.ਪੀ. ਖੱਖ ਨੇ ਕਿਹਾ ਕਿ ਨਸ਼ਿਆਂ ਦੀ ਅਸਲ ਕੀਮਤ ਘਰਾਂ ਅੰਦਰ ਚੁਕਾਈ ਜਾਂਦੀ ਹੈ। ਸਾਡੀਆਂ ਗਲੀਆਂ ਵਿੱਚ ਵਿਕਣ ਵਾਲੀ ਹਰ ਗੋਲੀ ਕਿਸੇ ਨਾ ਕਿਸੇ ਪਰਿਵਾਰ ਤੱਕ ਪਹੁੰਚਦੀ ਹੈ। ਉਹ ਉਸ ਮਾਂ ਤੱਕ ਪਹੁੰਚਦੀ ਹੈ ਜੋ ਦੇਰ ਰਾਤ ਤੱਕ ਦਰਵਾਜ਼ੇ 'ਤੇ ਉਡੀਕ ਕਰਦੀ ਹੈ, ਉਸ ਪਿਤਾ ਤੱਕ ਜੋ ਚੁੱਪ-ਚਾਪ ਆਪਣੀ ਉਮਰ ਭਰ ਦੀ ਕਮਾਈ ਇਲਾਜ 'ਤੇ ਖ਼ਰਚ ਕਰ ਦਿੰਦਾ ਹੈ, ਅਤੇ ਉਨ੍ਹਾਂ ਬੱਚਿਆਂ ਤੱਕ ਜੋ ਨਸ਼ੇ ਕਾਰਨ ਆਪਣੇ ਮਾਤਾ ਜਾਂ ਪਿਤਾ ਨੂੰ ਗੁਆਉਂਦੇ ਦੇਖ ਕੇ ਵੱਡੇ ਹੁੰਦੇ ਹਨ। ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਇਸੇ ਦਰਦ ਤੋਂ ਮੁਨਾਫ਼ਾ ਕਮਾਉਂਦੇ ਹਨ।

ਮਾਲੇਰਕੋਟਲਾ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਕੋਈ ਪਨਾਹ ਨਹੀਂ ਮਿਲੇਗੀ, ਉਨ੍ਹਾਂ ਕਿਹਾ।

ਉਨ੍ਹਾਂ ਅੱਗੇ ਕਿਹਾ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੀਤੀ ਗਈ ਹੈ। ਸਾਡੀ ਲੜਾਈ ਨਸ਼ਿਆਂ ਅਤੇ ਇਨ੍ਹਾਂ ਨੂੰ ਫੈਲਾਉਣ ਵਾਲਿਆਂ ਵਿਰੁੱਧ ਹੈ, ਨਾ ਕਿ ਪਰਿਵਾਰ ਦੇ ਬੇਕਸੂਰ ਮੈਂਬਰਾਂ ਵਿਰੁੱਧ, ਉਨ੍ਹਾਂ ਕਿਹਾ।

ਐੱਸ.ਐੱਸ.ਪੀ. ਖੱਖ ਨੇ ਇਸ ਧੰਦੇ ਵਿੱਚ ਸ਼ਾਮਲ ਲੋਕਾਂ ਨੂੰ ਵੀ ਅਪੀਲ ਕੀਤੀ। ਪਿੱਛੇ ਹਟ ਕੇ ਇਮਾਨਦਾਰੀ ਦੀ ਜ਼ਿੰਦਗੀ ਚੁਣਨ ਲਈ ਕਦੇ ਵੀ ਦੇਰ ਨਹੀਂ ਹੁੰਦੀ। ਨਸ਼ੇ ਦੀ ਲਤ ਨਾਲ ਜੂਝ ਰਿਹਾ ਕੋਈ ਵੀ ਵਿਅਕਤੀ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਅਤੇ ਓਟ ਕਲੀਨਿਕਾਂ ਵਿੱਚ ਮੁਫ਼ਤ ਇਲਾਜ ਪ੍ਰਾਪਤ ਕਰ ਸਕਦਾ ਹੈ, ਅਤੇ ਮਾਲੇਰਕੋਟਲਾ ਪੁਲਿਸ ਮਦਦ ਮੰਗਣ ਵਾਲੇ ਹਰ ਪਰਿਵਾਰ ਦੇ ਨਾਲ ਖੜ੍ਹੀ ਹੈ, ਉਨ੍ਹਾਂ ਕਿਹਾ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੀ ਵਿਕਰੀ ਜਾਂ ਤਸਕਰੀ ਸਬੰਧੀ ਕੋਈ ਵੀ ਜਾਣਕਾਰੀ ਨੇੜਲੇ ਥਾਣੇ ਜਾਂ ਸੇਫ਼ ਪੰਜਾਬ ਹੈਲਪਲਾਈਨ 9779-100-200 'ਤੇ ਸਾਂਝੀ ਕੀਤੀ ਜਾਵੇ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

'ਮਨ ਕੀ ਬਾਤ' ਚਿੱਤਰਕਲਾ ਪ੍ਰਦਰਸ਼ਨੀ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ 25 ਸਾਲਾਂ ਦੇ ਜਨਤਕ ਜੀਵਨ ਅਤੇ ਰਾਸ਼ਟਰ ਸੇਵਾ ਦਾ ਜਸ਼ਨ

ਨਵੀਂ ਦਿੱਲੀ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵ ਪੰਜਾਬੀ ਸੰਗਠਨ ਵੱਲੋਂ ਕਰਵਾਏ 'ਮਨ ਕੀ ਬਾਤ' ਚਿੱਤਰਕਲਾ ਪ੍ਰਦਰਸ਼ਨੀ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ। ਇਹ ਪ੍ਰਦਰਸ਼ਨੀ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ 25 ਸਾਲਾਂ ਦੇ ਵਿਲੱਖਣ ਜਨਤਕ ਜੀਵਨ ਅਤੇ ਲੋਕ ਸੇਵਾ ਦੇ ਸਫ਼ਰ ਨੂੰ ਸਮਰਪਿਤ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਸ ਵਿਸ਼ੇਸ਼ ਸਮਾਰੋਹ ਵਿੱਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਸ਼ਮੂਲੀਅਤ ਕਰਕੇ ਸਮਾਗਮ ਦੀ ਰੌਣਕ ਵਧਾਈ। ਉਨ੍ਹਾਂ ਕਿਹਾ ਕਿ ਇਹ ਪ੍ਰਦਰਸ਼ਨੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਤਕ ਜੀਵਨ, ਭਾਰਤ ਦੇਸ਼ ਪ੍ਰਤੀ ਸਮਰਪਣ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਕਲਾਤਮਕ ਢੰਗ ਨਾਲ ਦਰਸਾਉਣ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਪ੍ਰਦਾਨ ਕਰਨ ਲਈ ਰਾਜ ਸਭਾ ਮੈਂਬਰ ਅਤੇ ਵਿਸ਼ਵ ਪੰਜਾਬੀ ਸੰਗਠਨ ਦੇ ਕੌਮਾਂਤਰੀ ਪ੍ਰਧਾਨ ਡਾ. ਵਿਕਰਮਜੀਤ ਸਿੰਘ ਸਾਹਨੀ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਦੇਸ਼ ਦੀਆਂ ਪ੍ਰਾਪਤੀਆਂ, ਲੋਕ ਸੇਵਾ ਦੀ ਭਾਵਨਾ ਅਤੇ ਰਾਸ਼ਟਰੀ ਵਿਕਾਸ ਦੇ ਸਫ਼ਰ ਨੂੰ ਉਜਾਗਰ ਕਰਨ ਦੇ ਨਾਲ-ਨਾਲ ਕਲਾ ਰਾਹੀਂ ਸਮਾਜ ਨੂੰ ਸਕਾਰਾਤਮਕ ਸੰਦੇਸ਼ ਦੇਣ ਵਿੱਚ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ।



'ਨਸ਼ਾ ਕਰੇ ਬਰਬਾਦ, ਜ਼ਿੰਦਗੀ ਨਾਲ ਕਰ ਪਿਆਰ' ਦੇ ਨਾਅਰੇ ਨਾਲ ਵਿਦਿਆਰਥੀਆਂ ਨੇ ਘਰ-ਘਰ ਪਹੁੰਚਾਇਆ ਨਸ਼ਾ ਮੁਕਤੀ ਦਾ ਸੁਨੇਹਾ



ਮਲੇਰਕੋਟਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਨਸ਼ਿਆਂ ਵਿਰੁੱਧ ਜਾਗਰੂਕਤਾ ਨੂੰ ਜਨ-ਜਨ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪੁਲਿਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੀ.ਐਸ.ਪੀ. (ਐਚ) ਸੁਮੀਤ ਸੂਦ ਅਤੇ ਥਾਣਾ ਸਿਟੀ-2 ਦੇ ਐਸ.ਐਚ.ਓ. ਬਲਜੀਤ ਸਿੰਘ ਦੀ ਅਗਵਾਈ ਹੇਠ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਲੋਹਾ ਬਾਜ਼ਾਰ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ। ਇਹ ਰੈਲੀ ਨਸ਼ਿਆਂ ਦੇ ਪ੍ਰਭਾਵ ਪੱਖੋਂ ਸੰਵੇਦਨਸ਼ੀਲ ਵਜੋਂ ਪਛਾਣੇ ਗਏ ਖੇਤਰ ਵਿੱਚ ਪਹੁੰਚੀ, ਜਿੱਥੇ ਘਰ-ਘਰ ਨਸ਼ਾ ਮੁਕਤੀ ਦਾ ਸੁਨੇਹਾ ਦਿੱਤਾ ਗਿਆ।

ਇਸ ਮੌਕੇ ਡੀ.ਐਸ.ਪੀ. ਸੁਮੀਤ ਸੂਦ ਨੇ ਕਿਹਾ ਕਿ ਐਸ.ਐਸ.ਪੀ. ਹਰਕਮਲ ਪ੍ਰੀਤ ਸਿੰਘ ਖੱਖ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ ਨਸ਼ਾ ਤਸਕਰੀ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ 'ਤੇ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਿਸ ਕਾਰਵਾਈ ਤੱਕ ਸੀਮਤ ਨਹੀਂ, ਸਗੋਂ ਲੋਕਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ ਇਸ ਸਮਾਜਿਕ ਚੁਣੌਤੀ ਦਾ ਟਿਕਾਊ ਹੱਲ ਸੰਭਵ ਹੈ।

ਰੈਲੀ ਦੌਰਾਨ ਵਿਦਿਆਰਥੀਆਂ ਨੇ 'ਨਸ਼ਾ ਕਰੇ ਬਰਬਾਦ, ਜ਼ਿੰਦਗੀ ਨਾਲ ਕਰ ਪਿਆਰ' ਸਮੇਤ ਨਸ਼ਾ ਵਿਰੋਧੀ ਨਾਅਰਿਆਂ ਰਾਹੀਂ ਲੋਕਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ। ਐਸ.ਐਚ.ਓ. ਬਲਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਨਫ਼ਰਤ ਜਾਂ ਸਮਾਜਿਕ ਤਿਰਸਕਾਰ ਦੀ ਬਜਾਏ ਹਮਦਰਦੀ, ਇਲਾਜ ਅਤੇ ਮੁੜ ਵਸੇਬੇ ਲਈ ਸਹਿਯੋਗ ਦੀ ਲੋੜ ਹੈ।

ਡੀ.ਐਸ.ਪੀ. ਸੁਮੀਤ ਸੂਦ ਵਲੋਂ ਸਕੂਲੀ ਵਿਦਿਆਰਥੀਆਂ ਰਾਹੀਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰੀ ਸਬੰਧੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਅਜਿਹੀ ਭਾਗੀਦਾਰੀ ਨਸ਼ਾ ਮੁਕਤ ਮਾਲੇਰਕੋਟਲਾ ਦੀ ਸਿਰਜਣਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

ਬ੍ਰਿਟਿਸ਼ ਸਰਕਾਰ ਨੇ ਜਾਰੀ ਕੀਤੀ ਐਡਵਾਈਜ਼ਰੀ: ਭਰ ਲਓ ਰਾਸ਼ਨ, ਫ਼ੋਨ-ਪਾਵਰਬੈਂਕ ਵੀ ਕਰ ਲਓ ਫ਼ੁੱਲ ਚਾਰਜ..!

ਲੰਡਨ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਇੱਕ ਪਾਸੇ ਜਿੱਥੇ ਦੁਨੀਆਂ ਦੇ ਕਈ ਦੇਸ਼ਾਂ 'ਚ ਜੰਗ ਕਾਰਨ ਤਬਾਹੀ ਆਈ ਹੋਈ ਹੈ, ਉੱਥੇ ਹੀ ਕਈ ਦੇਸ਼ ਅਜਿਹੇ ਵੀ ਹਨ ਜਿੱਥੇ ਕੁਦਰਤੀ ਮਾਰ ਦੇ ਖ਼ਦਸ਼ਿਆਂ ਕਾਰਨ ਹਾਹਾਕਾਰ ਮੱਚੀ ਹੋਈ ਹੈ। ਇਸੇ ਦੌਰਾਨ ਬ੍ਰਿਟਿਸ਼ ਸਰਕਾਰ ਨੇ ਦੇਸ਼ ਦੇ ਨਾਗਰਿਕਾਂ ਨੂੰ ਅਚਾਨਕ ਆਉਣ ਵਾਲੀਆਂ ਕੁਦਰਤੀ ਆਫ਼ਤਾਂ, ਖ਼ਰਾਬ ਮੌਸਮ ਅਤੇ ਸਾਈਬਰ ਹਮਲਿਆਂ ਤੋਂ ਬਚਾਅ ਲਈ ਇੱਕ ਅਹਿਮ ਐਡਵਾਈਜ਼ਰੀ ਜਾਰੀ ਕੀਤੀ ਹੈ। ਸਰਕਾਰ ਨੇ ਇੱਕ ਰਾਸ਼ਟਰੀ ਮੁਹਿੰਮ ਸ਼ੁਰੂ ਕੀਤੀ ਹੈ ਜਿਸ 'ਚ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਘਰਾਂ 'ਚ ਘੱਟੋ-ਘੱਟ ਤਿੰਨ ਦਿਨ ਬਿਨਾਂ ਬਿਜਲੀ, ਪਾਣੀ, ਫ਼ੋਨ ਨੈੱਟਵਰਕ ਅਤੇ ਇੰਟਰਨੈੱਟ ਦੇ ਰਹਿਣ ਲਈ ਜ਼ਰੂਰੀ ਚੀਜ਼ਾਂ ਦਾ ਇੰਤਜ਼ਾਮ ਕਰ ਕੇ ਰੱਖਣ।

ਇੱਕ ਤਾਜ਼ਾ ਸਰਵੇ ਅਨੁਸਾਰ ਬ੍ਰਿਟੇਨ ਦੇ ਸਿਰਫ਼ 13 ਫ਼ੀਸਦੀ ਲੋਕ ਹੀ ਕਿਸੇ ਅਜਿਹੀ ਐਮਰਜੈਂਸੀ ਦਾ ਸਾਹਮਣਾ ਕਰਨ ਲਈ ਤਿਆਰ ਹਨ। ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਪ੍ਰਸ਼ਾਸ਼ਨ ਨੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਦੀ ਤਿਆਰੀ ਵਜੋਂ ਇਹ ਕਦਮ ਚੁੱਕਿਆ ਹੈ।

ਇਸ ਮੁਹਿੰਮ ਤਹਿਤ UK ਦੀ ਸੁਰੱਖਿਆ ਏਜੰਸੀ ਅਤੇ ਸਰਕਾਰ ਵਲੋਂ ਨਾਗਰਿਕਾਂ ਨੂੰ ਘਰਾਂ 'ਚ ਇਹ ਜ਼ਰੂਰੀ ਚੀਜ਼ਾਂ ਸਟੋਰ ਕਰਨ ਦੀ ਸਲਾਹ ਦਿੱਤੀ ਗਈ ਹੈ:



ਪਾਣੀ - ਇੱਕ ਵਿਅਕਤੀ ਰੋਜ਼ਾਨਾ ਔਸਤਨ ਘੱਟੋ-ਘੱਟ ਤਿੰਨ ਲੀਟਰ ਪਾਣੀ ਪੀ ਜਾਂਦਾ ਹੈ। ਇਸ ਹਿਸਾਬ ਨਾਲ ਤਿੰਨ ਦਿਨਾਂ ਲਈ ਪ੍ਰਤੀ ਵਿਅਕਤੀ ਨੌਂ ਲੀਟਰ ਬੋਤਲ ਬੰਦ ਪਾਣੀ ਅਤੇ ਖਾਣਾ ਬਣਾਉਣ ਅਤੇ ਸਫ਼ਾਈ ਲਈ ਵੱਖਰਾ ਪਾਣੀ ਸਟੋਰ ਕਰਨ ਦੀ ਸਲਾਹ ਦਿੱਤੀ ਗਈ ਹੈ।

ਖਾਣ-ਪੀਣ ਦਾ ਸਾਮਾਨ: ਨਾਗਰਿਕਾਂ ਨੂੰ ਖ਼ਰਾਬ ਨਾ ਹੋਣ ਵਾਲਾ ਸੁੱਕਾ ਭੋਜਨ ਜਿਵੇਂ ਕਿ ਡੱਬਾ ਬੰਦ ਮਾਸ, ਮੱਛੀ, ਸਬਜ਼ੀਆਂ, ਡਰਾਈ ਫ਼੍ਰੂਟਸ ਅਤੇ ਗਿਰੀ ਵਾਲੇ ਫ਼ਲ ਸਟੋਰ ਕਰਨ ਦੀ ਸਲਾਹ ਦਿੱਤੀ ਗਈ ਹੈ।

ਰੌਸ਼ਨੀ ਤੇ ਸਰਦੀ ਤੋਂ ਬਚਾਅ: ਹਨੇਰੇ 'ਚ ਟਾਰਚ, ਉਨ੍ਹਾਂ ਦੀਆਂ ਵਾਧੂ ਬੈਟਰੀਆਂ, ਕੰਬਲ, ਸਲੀਪਿੰਗ ਬੈਗ਼ ਅਤੇ ਗਰਮ ਕੱਪੜੇ ਰੱਖਣ ਦੀ ਅਪੀਲ ਕੀਤੀ ਗਈ ਹੈ।

ਸੰਚਾਰ ਦੇ ਸਾਧਨ: ਨਾਗਰਿਕਾਂ ਨੂੰ ਕਮਿਊਨੀਕੇਸ਼ਨ ਲਈ ਬੈਟਰੀ ਨਾਲ ਚੱਲਣ ਵਾਲਾ FM ਰੇਡੀਓ ਅਤੇ ਫ਼ੋਨ ਚਾਰਜ ਕਰਨ ਲਈ ਪਾਵਰ ਬੈਂਕ ਆਦਿ ਦਾ ਇੰਤਜ਼ਾਮ ਕਰ ਕੇ ਰੱਖਣ ਲਈ ਕਿਹਾ ਗਿਆ ਹੈ।

ਪੈਸੇ ਅਤੇ ਡੌਕਿਊਮੈਂਟਸ: ਲੋਕਾਂ ਨੂੰ ਕੁੱਝ ਨਕਦ ਪੈਸੇ, ATM Cards ਅਤੇ ਜ਼ਰੂਰੀ ਦਸਤਾਵੇਜ਼ਾਂ ਦੀਆਂ ਫ਼ੋਟੋ ਕਾਪੀਆਂ ਵੀ ਨਾਲ ਰੱਖਣ ਲਈ ਕਿਹਾ ਗਿਆ ਹੈ।

ਦਵਾਈਆਂ ਅਤੇ ਸਫ਼ਾਈ: ਸਿਹਤ ਦੀ ਤੰਦਰੁਸਤੀ ਲਈ ਫ਼ਸਟ-ਏਡ ਕਿੱਟ, ਜ਼ਰੂਰੀ ਦਵਾਈਆਂ, ਵੈੱਟ ਵਾਈਪਸ, ਹੈਂਡ ਸੈਨੇਟਾਈਜ਼ਰ, ਛੋਟੇ ਬੱਚਿਆਂ ਦਾ ਦੁੱਧ ਤੇ ਡਾਇਪਰ ਅਤੇ ਪਾਲਤੂ ਜਾਨਵਰਾਂ ਦੀ ਖ਼ੁਰਾਕ ਵੀ ਨਾਲ ਹੀ ਸਟੋਰ ਕਰਨ ਲਈ ਕਿਹਾ ਗਿਆ ਹੈ।

UK ਦੇ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੇ ਸੰਸਦ 'ਚ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਆਏ ਭਿਆਨਕ ਤੂਫ਼ਾਨਾਂ, ਹੜ੍ਹਾਂ ਅਤੇ ਗਰਮੀਆਂ 'ਚ ਜੰਗਲਾਂ 'ਚ ਲੱਗੀ ਅੱਗ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਆਧੁਨਿਕ ਸੁਵਿਧਾਵਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਕਿਸੇ ਵੀ ਸਮੇਂ ਖ਼ਤਰਨਾਕ ਹੋ ਸਕਦੀ ਹੈ।

ਸਰਕਾਰ ਨੇ ਮਿਡਲ ਈਸਟ ਦੇ ਜੰਗੀ ਹਾਲਾਤ ਅਤੇ ਸਮੁੰਦਰੀ ਇੰਟਰਨੈੱਟ ਕੇਬਲਾਂ 'ਤੇ ਮੰਡਰਾ ਰਹੇ ਖ਼ਤਰਿਆਂ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਹੈ ਤਾਂ ਜੋ ਐਮਰਜੈਂਸੀ ਦੇ ਸਮੇਂ ਨਾਗਰਿਕਾਂ ਨੂੰ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ ਤੇ ਉਹ ਅਜਿਹੇ ਹਾਲਾਤ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ।

ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਨੇ ਮਹਿਲਾ ਕਰਮਚਾਰੀਆਂ ਲਈ ਕਲਿਆਣਕਾਰੀ ਲਾਭ ਵਧਾਉਣ, ਪੈਨਸ਼ਨ ਦੁੱਗਣੀ ਕਰਨ ਅਤੇ ਵਿੱਦਿਅਕ ਸਹਾਇਤਾ ਯੋਜਨਾਵਾਂ ਦੇ ਵਿਸਤਾਰ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
: ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ??ਕਰਨ ਅਤੇ ਉਨ੍ਹਾਂ ਦੇ ਕਲਿਆਣ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਉਂਦੇ ਹੋਏ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ (ਸੀਐੱਲਡਬਲਿਊਬੀ), ਯੂ.ਟੀ. ਚੰਡੀਗੜ੍ਹ ਨੇ ਆਪਣੀ 9ਵੀਂ ਮੀਟਿੰਗ ਵਿੱਚ ਵਿਭਿੰਨ ਕਲਿਆਣਕਾਰੀ ਯੋਜਨਾਵਾਂ ਵਿੱਚ ਮਹੱਤਵਪੂਰਨ ਸੰਸ਼ੋਧਨਾਂ ਅਤੇ ਨਵੀਆਂ ਪਹਿਲਾਂ ਨੂੰ ਮਨਜ਼ੂਰੀ ਦਿੱਤੀ।



ਇਹ ਮੀਟਿੰਗ ਕਿਰਤ ਸਕੱਤਰ-ਅਤੇ-ਚੇਅਰਪਰਸਨ, ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ, ਸ਼੍ਰੀਮਤੀ ਅਨੁਰਾਧਾ ਐੱਸ. ਚਗਤੀ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਕਿਰਤ ਕਮਿਸ਼ਨਰ-ਅਤੇ-ਵੈਲਫੇਅਰ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਅਤੇ ਅਸਿਸਟੈਂਟ ਲੇਬਰ ਕਮਿਸ਼ਨਰ-ਅਤੇ-ਸਕੱਤਰ, ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ,(ਸੀਐੱਲਡਬਲਿਊਬੀ), ਯੂ.ਟੀ. ਚੰਡੀਗੜ੍ਹ, ਸ਼੍ਰੀ ਆਕਾਸ਼ ਮਿੱਤਲ ਉਪਸਥਿਤ ਰਹੇ।

ਮੀਟਿੰਗ ਦੇ ਦੌਰਾਨ ਬੋਰਡ ਨੇ ਮਹਿਲਾ ਕਰਮਚਾਰੀਆਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ, ਪਾਤਰ ਲਾਭਾਰਥੀਆਂ ਦੀ ਸਮਾਜਿਕ ਸੁਰੱਖਿਆ ਵਧਾਉਣ ਅਤੇ ਸਿੱਖਿਆ ਤੇ ਡਿਜੀਟਲ ਸੁਵਿਧਾਵਾਂ ਤੱਕ ਉਨ੍ਹਾਂ ਦੀ ਪਹੁੰਚ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਕਈ ਮਹੱਤਵਪੂਰਨ ਕਲਿਆਣਕਾਰੀ ਪ੍ਰਸਤਾਵਾਂ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ।

ਕੰਨਿਆਦਾਨ ਯੋਜਨਾ ਦੇ ਤਹਿਤ ਬੋਰਡ ਨੇ ਅਣਵਿਆਹੀਆਂ ਮਹਿਲਾ ਕਰਮਚਾਰੀਆਂ ਨੂੰ ਖ਼ੁਦ ਦੇ ਵਿਆਹ ਲਈ ਵੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਦਾ ਪ੍ਰਾਵਧਾਨ ਸ਼ਾਮਲ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਯੋਜਨਾ ਦਾ ਦਾਇਰਾ ਵਧੇਗਾ ਅਤੇ ਮਹਿਲਾ ਕਰਮਚਾਰੀਆਂ ਨੂੰ ਪ੍ਰਤੱਖ ਤੌਰ 'ਤੇ ਲਾਭ ਮਿਲ ਸਕੇਗਾ।

ਮਾਤ੍ਰਤਵ (ਜਣੇਪਾ) ਲਾਭ ਯੋਜਨਾ ਦੇ ਤਹਿਤ ਮਹਿਲਾ ਕਰਮਚਾਰੀਆਂ ਨੂੰ ਤਨਖਾਹ ਮੁਆਵਜ਼ਾ ਅਤੇ ਪੋਸ਼ਣ ਸਬੰਧੀ ਜ਼ਰੂਰਤਾਂ ਲਈ 21,000 ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਨਵਜੰਮੇ ਬੱਚੇ ਦੇ ਨਾਮ 'ਤੇ ?10,000 ਦੀ ਫਿਕਸਡ ਡਿਪਾਜ਼ਿਟ ਰਸੀਦ (ਐੱਫਡੀਆਰ) ਦਾ ਪ੍ਰਾਵਧਾਨ ਵੀ ਸਵੀਕ੍ਰਿਤ ਕੀਤਾ ਗਿਆ ਹੈ। ਇਸ ਪਹਿਲ ਦਾ ਉਦੇਸ਼ ਜਣੇਪੇ ਦੌਰਾਨ ਮਹਿਲਾ ਕਰਮਚਾਰੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਵਿੱਖ ਨੂੰ ਸੁਰੱਖਿਅਤ ਬਣਾਉਣ ਵਿੱਚ ਸਹਾਇਤਾ ਕਰਨਾ ਹੈ।

ਇੱਕ ਹੋਰ ਮਹੱਤਵਪੂਰਨ ਨਿਰਣੇ ਵਿੱਚ ਬੋਰਡ ਨੇ ਵਿਧਵਾ ਪੈਨਸ਼ਨ ਅਤੇ ਦਿੱਵਯਾਂਗਤਾ ਪੈਨਸ਼ਨ ਯੋਜਨਾਵਾਂ ਦੇ ਤਹਿਤ ਮਾਸਿਕ ਪੈਨਸ਼ਨ ?1,000 ਤੋਂ ਵਧਾ ਕੇ 2,000 ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਿਰਣੇ ਨਾਲ ਪਾਤਰ ਲਾਭਾਰਥੀਆਂ ਨੂੰ ਮਿਲਣ ਵਾਲੀ ਮਾਸਿਕ ਵਿੱਤੀ ਸਹਾਇਤਾ ਦੁੱਗਣੀ ਹੋ ਜਾਵੇਗੀ।

ਕਰਮਚਾਰੀਆਂ ਨੂੰ ਨਿਰੰਤਰ ਸਿੱਖਿਆ ਅਤੇ ਕੌਸ਼ਲ ਵਿਕਾਸ ਲਈ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਬੋਰਡ ਨੇ ਸਕਾਲਰਸ਼ਿਪ ਸਕੀਮ ਦਾ ਵਿਸਤਾਰ ਸਵੈ-ਅਧਿਐਨ ਦੇ ਜ਼ਰੀਏ ਸਿੱਖਿਆ ਪ੍ਰਾਪਤ ਕਰ ਰਹੇ ਕਾਰਜਰਤ ਕਰਮਚਾਰੀਆਂ ਤੱਕ ਕਰਨ ਨੂੰ ਵੀ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ।

ਇਸ ਤੋਂ ਇਲਾਵਾ, ਡਿਜੀਟਲ ਸਿੱਖਿਆ ਦੇ ਵਧਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਬੋਰਡ ਨੇ ਨਵੀਂ ਡਿਜੀਟਲ ਸਿੱਖਿਆ ਯੋਜਨਾ ਸ਼ੁਰੂ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਇਸ ਦੇ ਤਹਿਤ ਪਾਤਰ ਲਾਭਾਰਥੀਆਂ ਵਿੱਚ ਲੈਪਟੌਪ ਜਾਂ ਹੋਰ ਨਿਰਧਾਰਿਤ ਡਿਜੀਟਲ ਸਿਖਲਾਈ ਉਪਕਰਣ ਦੀ ਖਰੀਦ ਲਈ ?25,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਇਹ ਲਾਭ ਨਿਰਧਾਰਿਤ ਸ਼ਰਤਾਂ ਦੇ ਅਨੁਸਾਰ ਜੀਵਨਕਾਲ ਵਿੱਚ ਇੱਕ ਵਾਰ ਉਪਲਬਧ ਹੋਵੇਗਾ।

ਬੋਰਡ ਦੁਆਰਾ ਲਏ ਗਏ ਇਹ ਨਿਰਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਕਲਿਆਣ, ਮਹਿਲਾ ਸਸ਼ਕਤੀਕਰਣ, ਸਮਾਜਿਕ ਤੇ ਆਰਥਿਕ ਸੁਰੱਖਿਆ ਅਤੇ ਸਿੱਖਿਆ ਅਤੇ ਡਿਜੀਟਲ ਸਮਾਵੇਸ਼ਣ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹਨ।

ਸਵੀਕ੍ਰਿਤ ਸਾਰੇ ਕਲਿਆਣਕਾਰੀ ਉਪਾਵਾਂ ਨੂੰ ਸਬੰਧਿਤ ਯੋਜਨਾਵਾਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪਾਤਰਤਾ ਮਾਪਦੰਡਾਂ ਦੇ ਅਨੁਸਾਰ ਲਾਗੂ ਕੀਤਾ ਜਾਵੇਗਾ।

ਸੰਪਾਦਕੀ

ਉੱਤਰ-ਪੂਰਬੀ ਰਾਜਾਂ ਦੇ ਲੋਕ ਨਸਲੀ ਪੱਖਪਾਤ ਦਾ ਸ਼ਿਕਾਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਮਈ ਵਿੱਚ ਉੱਤਰ-ਪੂਰਬ ਨੂੰ ਸਾਡੇ 'ਵੰਨ-ਸਵੰਨੇ ਦੇਸ਼ ਦਾ ਸਭ ਤੋਂ ਰੰਗ-ਬਰੰਗਾ ਖੇਤਰ' ਦੱਸਿਆ ਸੀ। ਅਫ਼ਸੋਸ ਦੀ ਗੱਲ ਹੈ ਕਿ ਭਾਰਤ ਦੀ ਇਸ ਵਡਮੁੱਲੀ ਵੰਨ-ਸਵੰਨਤਾ ਨੂੰ ਵਾਰ-ਵਾਰ ਸ਼ਰਮਸਾਰ ਕੀਤਾ ਜਾ ਰਿਹਾ ਹੈ ਕਿਉਂਕਿ ਉੱਤਰ-ਪੂਰਬੀ ਰਾਜਾਂ ਦੇ ਲੋਕ ਨਸਲੀ ਪੱਖਪਾਤ ਦਾ ਸ਼ਿਕਾਰ ਹੋ ਰਹੇ ਹਨ। ਦੇਹਰਾਦੂਨ ਵਿੱਚ ਤ੍ਰਿਪੁਰਾ ਦੀ ਵਿਦਿਆਰਥਣ ਅੰਜੇਲ ਚਕਮਾ ਦੇ ਕਤਲ ਤੋਂ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਬਾਅਦ ਨਵੀਂ ਦਿੱਲੀ ਵਿੱਚ ਅਰੁਣਾਚਲ ਪ੍ਰਦੇਸ਼ ਦੀਆਂ ਤਿੰਨ ਔਰਤਾਂ ਨੂੰ ਉਨ੍ਹਾਂ ਦੇ ਗੁਆਂਢੀਆਂ ਵੱਲੋਂ 'ਧੰਦੇ ਵਾਲੀਆਂ' (ਵੇਸਵਾਵਾਂ) ਸੱਦਿਆ ਗਿਆ ਅਤੇ 'ਮੋਮੋਜ਼ ਵੇਚਣ' ਲਈ ਕਿਹਾ ਗਿਆ। ਉਨ੍ਹਾਂ ਨੂੰ ਆਪਣੇ ਹੀ ਦੇਸ਼ ਤੇ ਉਹ ਵੀ ਰਾਸ਼ਟਰੀ ਰਾਜਧਾਨੀ ਵਿੱਚ 'ਬਾਹਰਲਾ' ਕਰਾਰ ਦਿੱਤਾ ਗਿਆ। ਇਹ ਮਹਿਜ਼ ਗੁੱਸੇ ਵਿੱਚ ਕੀਤੀ ਗਈ ਬਦਸਲੂਕੀ ਨਹੀਂ ਸੀ; ਇਹ ਉਨ੍ਹਾਂ ਦੀ ਪਛਾਣ ਅਤੇ ਨਸਲ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਹਮਲਾ ਸੀ। ?ਇੱਕ ਵਿਅਕਤੀ ਅਤੇ ਉਸ ਦੀ ਪਤਨੀ 'ਤੇ ਹੋਰ ਦੋਸ਼ਾਂ ਦੇ ਨਾਲ-ਨਾਲ ਧਰਮ, ਨਸਲ, ਜਨਮ ਸਥਾਨ ਆਦਿ ਦੇ ਆਧਾਰ 'ਤੇ ਦਵੈਸ਼ ਪੈਦਾ ਕਰਨ ਦੇ ਕਥਿਤ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੇ ਇਸ ਸ਼ਰਮਨਾਕ ਰਵੱਈਏ ਨੇ ਉਸ ਗੰਭੀਰ ਸਮੱਸਿਆ ਨੂੰ ਪ੍ਰਤੱਖ ਕਰ ਦਿੱਤਾ ਹੈ ਜੋ ਸਰਕਾਰ ਦੇ ਉੱਚੇ-ਸੁੱਚੇ ਨਾਅਰੇ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਨੂੰ ਝੂਠਾ ਸਾਬਤ ਕਰਦੀ ਹੈ। 2014 ਵਿੱਚ ਨੀਡੋ ਤਾਨੀਆ ਦੀ ਮੌਤ ਤੋਂ ਲੈ ਕੇ 2025 ਵਿੱਚ ਅੰਜੇਲ ਚਕਮਾ ਦੀ ਹੱਤਿਆ ਤੱਕ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਉੱਤਰ-ਪੂਰਬ ਦੇ ਵਿਦਿਆਰਥੀਆਂ ਜਾਂ ਕਾਮਿਆਂ ਨੂੰ ਉਨ੍ਹਾਂ ਦੇ ਸਰੀਰਕ ਨਕਸ਼ਾਂ, ਖਾਣ-ਪੀਣ ਅਤੇ ਉਨ੍ਹਾਂ ਦੀਆਂ ਭਾਸ਼ਾਵਾਂ ਕਾਰਨ ਨਿਸ਼ਾਨਾ ਬਣਾਇਆ ਜਾਂਦਾ ਹੈ। ਖ਼ਾਸ ਕਰਕੇ ਔਰਤਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ ਅਤੇ ਉਨ੍ਹਾਂ 'ਤੇ ਅਨੈਤਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਬੇਬੁਨਿਆਦ ਦੋਸ਼ ਲਗਾਏ ਜਾਂਦੇ ਹਨ।

?ਸੁਪਰੀਮ ਕੋਰਟ ਨੇ ਖੇਤਰੀ ਪਛਾਣਾਂ ਨਾਲ ਜੁੜੇ ਕੱਟੜਵਾਦ ਕਾਰਨ ਪੈਦਾ ਹੋਣ ਵਾਲੀਆਂ ਵੰਡੀਆਂ ਬਾਰੇ ਚਿਤਾਵਨੀ ਦਿੱਤੀ ਹੈ। ਨਸਲੀ ਵੈਰ-ਵਿਰੋਧ ਇਸੇ ਵਰਤਾਰੇ ਦਾ ਇੱਕ ਭਿਆਨਕ ਰੂਪ ਹੈ। ਦਿੱਲੀ ਦੀ ਇਸ ਘਟਨਾ ਵਿੱਚ ਜੋ ਸਭ ਤੋਂ ਵੱਧ ਡਰਾਉਣੀ ਗੱਲ ਹੈ, ਉਹ ਹੈ ਸਮਾਜਿਕ ਸ੍ਰੇਸ਼ਠਤਾ ਦਾ ਦਾਅਵਾ- 'ਵੱਡੇ ਸਿਆਸਤਦਾਨ' ਨਾਲ ਜਾਣ-ਪਛਾਣ ਦਾ ਹੰਕਾਰ ਅਤੇ 'ਔਕਾਤ' ਬਾਰੇ ਮਾਰਿਆ ਗਿਆ ਮਿਹਣਾ। ਇਹ ਵਿਸ਼ੇਸ਼ ਅਧਿਕਾਰ ਦੀ ਭਾਵਨਾ ਅਤੇ ਇਸ ਗ਼ਲਤ ਧਾਰਨਾ ਨੂੰ ਦਰਸਾਉਂਦਾ ਹੈ ਕਿ ਕੁਝ ਭਾਰਤੀ ਦੂਜਿਆਂ ਨਾਲੋਂ 'ਵੱਧ ਭਾਰਤੀ' ਹਨ। ਅਰੁਣਾਚਲ ਦੀਆਂ ਇਨ੍ਹਾਂ ਤਿੰਨ ਔਰਤਾਂ ਦੇ ਵਕੀਲ, ਜੋ ਖੁਦ ਸਿੱਕਿਮ ਦੇ ਰਹਿਣ ਵਾਲੇ ਹਨ, ਨੇ ਪੁਸ਼ਟੀ ਕੀਤੀ ਹੈ, 'ਅਸੀਂ ਓਨੇ ਹੀ ਭਾਰਤੀ ਹਾਂ ਜਿੰਨਾ ਕੋਈ ਹੋਰ।' ਬੇਸ਼ੱਕ, ਹਰ ਭਾਰਤੀ ਨੂੰ ਦੇਸ਼ ਵਿੱਚ ਕਿਤੇ ਵੀ ਇੱਜ਼ਤ ਨਾਲ ਰਹਿਣ ਦਾ ਅਧਿਕਾਰ ਹੈ। ਇਹ ਯਕੀਨੀ ਬਣਾਉਣਾ ਕਿ ਕੋਈ ਵੀ ਨਾਗਰਿਕ ਇਸ ਅਧਿਕਾਰ ਤੋਂ ਵਾਂਝਾ ਨਾ ਰਹੇ, ਭਾਰਤ ਦੀ ਬਹੁਲਵਾਦੀ ਸੋਚ ਦੀ ਅਸਲ ਪ੍ਰੀਖਿਆ ਹੈ।

ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪੰਜਾਬ ਜੇਲ੍ਹ ਓਲੰਪਿਕ 2026 ਦੇ ਸਮਾਪਤੀ ਸਮਾਰੋਹ ਵਿੱਚ ਕੀਤੀ ਸ਼ਿਰਕਤ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜੇਲ੍ਹਾਂ, ਐਨਆਰਆਈ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਕੇਂਦਰੀ ਜੇਲ੍ਹ ਪਟਿਆਲਾ ਵਿਖੇ ਬੰਦੀਆਂ ਲਈ ਕਰਵਾਏ ਗਏ ਪੰਜਾਬ ਜੇਲ੍ਹ ਓਲੰਪਿਕਸ-2026' ਦੇ ਰਾਜ ਪੱਧਰੀ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਸਮਾਪਤੀ ਕੀਤੀ। ਇਸ ਮੌਕੇ ਉਨ੍ਹਾਂ ਓਪਨ ਵੂਮੈਨ ਜੇਲ੍ਹ ਦਾ ਵੀ ਉਦਘਾਟਨ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੰਦੀਆਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਫੁੱਟਬਾਲ, ਕ੍ਰਿਕਟ ਅਤੇ ਹੋਰ ਖੇਡਾਂ ਨੂੰ ਹੋਰ ਉਤਸ਼ਾਹਿਤ ਕੀਤਾ ਜਾਵੇਗਾ, ਤਾਂ ਜੋ ਬੰਦੀਆਂ ਨੂੰ ਸਿਹਤਮੰਦ ਅਤੇ ਉਸਾਰੂ ਗਤੀਵਿਧੀਆਂ ਨਾਲ ਜੋੜਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦਾ ਸੰਦੇਸ਼ ਹੈ ਕਿ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਖੇਡਾਂ ਨਾਲ ਜੋੜਿਆ ਜਾਵੇ, ਭਾਵੇਂ ਉਹ ਜੇਲ੍ਹਾਂ ਵਿੱਚ ਬੰਦ ਹੋਣ ਜਾਂ ਜੇਲ੍ਹਾਂ ਤੋਂ ਬਾਹਰ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣਾ ਸਰਕਾਰ ਦਾ ਸੁਪਨਾ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਖੇਡਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ ਅਤੇ ਪੰਜਾਬ ਭਰ ਵਿੱਚ 3,000 ਤੋਂ ਵੱਧ ਖੇਡ ਮੈਦਾਨ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਨੌਜਵਾਨਾਂ ਸਮੇਤ ਹਰ ਵਰਗ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨਾ ਹੈ।

ਓਪਨ ਵੂਮੈਨ ਜੇਲ੍ਹ ਦੇ ਉਦਘਾਟਨ ਮੌਕੇ ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਮਹਿਲਾਵਾਂ ਨੂੰ ਬਿਹਤਰ ਅਤੇ ਖੁੱਲ੍ਹਾ ਵਾਤਾਵਰਨ ਮੁਹੱਈਆ ਕਰਵਾਉਣਾ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਪ੍ਰਬੰਧਨ ਵਿੱਚ ਬੰਦੀਆਂ ਦੀ ਭਲਾਈ ਅਤੇ ਉਨ੍ਹਾਂ ਨੂੰ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਪੰਜਾਬ ਸਰਕਾਰ ਦੇ ਜੇਲ੍ਹ, ਸੰਸਦੀ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ, ਪ੍ਰਮੁੱਖ ਸਕੱਤਰ (ਜੇਲ੍ਹਾਂ, ਪੰਜਾਬ) ਸ਼੍ਰੀਮਤੀ ਭਾਵਨਾ ਗਰਗ, ਏ.ਡੀ.ਜੀ.ਪੀ. (ਜੇਲ੍ਹਾਂ) ਸ੍ਰੀ ਰਾਜੇਸ਼ ਕੁਮਾਰ ਜੈਸਵਾਲ, ਡੀ.ਆਈ.ਜੀ. (ਜੇਲ੍ਹਾਂ) ਸ੍ਰੀ ਸੂਬਾ ਸਿੰਘ, ਜੇਲ੍ਹ ਸੁਪਰਡੈਂਟ ਸ੍ਰੀ ਗੁਰਚਰਨ ਸਿੰਘ ਧਾਲੀਵਾਲ ਅਤੇ ਹੋਰ ਜੇਲ੍ਹ ਸੁਪਰਡੈਂਟ ਹਾਜ਼ਰ ਸਨ।

ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਦੀ ਅਪੀਲ

ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿੱਚ ਲਿਆਉਣ, ਤਾਂ ਜੋ ਝੋਨੇ ਦੀ ਖ਼ਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਫ਼ਸਲ ਦੀ ਸਮੇਂ ਸਿਰ ਖ਼ਰੀਦ, ਚੁਕਾਈ ਅਤੇ ਅਦਾਇਗੀ ਨੂੰ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਤਰਜੀਹ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਮਾਪਦੰਡਾਂ ਅਨੁਸਾਰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ, ਤਾਂ ਜੋ ਖ਼ਰੀਦ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾ ਸਕੇ।

ਜ਼ਿਲਾ ਖ਼ੁਰਾਕ ਤੇ ਸਿਵਲ ਸਪਲਾਈ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਵਿੱਚ ਸਾਉਣੀ ਸੀਜ਼ਨ 2026-27 ਦੌਰਾਨ 27 ਅਕਤੂਬਰ ਤੱਕ ਕੁੱਲ 7,31,864 ਮੀਟ੍ਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 7,22,437 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।

ਖ਼ਰੀਦ ਏਜੰਸੀ ਪਨਗ੍ਰੇਨ ਵੱਲੋਂ 3,28,158 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 1,82,104 ਮੀਟ੍ਰਿਕ ਟਨ, ਪਨਸਪ ਵੱਲੋਂ 1,21,065 ਮੀਟ੍ਰਿਕ ਟਨ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ 91,043 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਖ਼ਰੀਦੇ ਗਏ ਝੋਨੇ ਦੀ ਲਿਫਟਿੰਗ ਦਾ ਕੰਮ ਵੀ ਲਗਾਤਾਰ ਜਾਰੀ ਹੈ। 27 ਅਕਤੂਬਰ ਤੱਕ 5,01,753 ਮੀਟ੍ਰਿਕ ਟਨ ਝੋਨੇ ਦੀ ਚੁਕਾਈ ਕੀਤੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ, ਕਿਸਾਨਾਂ ਨੂੰ ਝੋਨੇ ਦੀ ਖ਼ਰੀਦ ਬਦਲੇ 1,626.12 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਖ਼ਰੀਦ, ਚੁਕਾਈ ਅਤੇ ਅਦਾਇਗੀ ਦੇ ਕੰਮਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇ,

ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਪੰਜਾਬ ਅੰਦਰ ਨਸ਼ਿਆਂ ਦੇ ਮੁੱਦੇ ਬਣੇ ਗੰਭੀਰ ਚਿੰਤਾ ਦਾ ਵਿਸ਼ਾ: ਖੱਟੜਾ



ਪਟਿਆਲਾ, 3 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਗੰਭੀਰ ਚਿੰਤਾ ਦਾ ਵਿਸ਼ਾ ਬਣਦੀਆ ਜਾ ਰਹੀਆਂ ਹਨ ਨਿਤ ਦਿਨ ਨਸ਼ਿਆਂ ਕਾਰਨ ਪੰਜਾਬ ਅੰਦਰ ਹੋ ਰਹੀਆਂ ਮੌਤਾਂ ਨੇ ਘਰਾਂ ਦੇ ਘਰ ਖਾਲੀ ਕਰਨੇ ਸ਼ੁਰੂ ਕਰ ਦਿੱਤੇ ਹਨ ਜਿਸ ਨੂੰ ਰੋਕਣ ਲਈ ਆਪ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਮੈਨੀਫੈਸਟੋ ਵਿੱਚ ਸੂਬੇ ਦੇ ਲੋਕਾਂ ਨਾਲ ਨਸ਼ੇ ਨੂੰ ਛੇ ਮਹੀਨਿਆਂ ਵਿੱਚ ਜੜ੍ਹੋਂ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਨਸ਼ਿਆਂ ਨੂੰ ਰੋਕਣ ਵਿੱਚ ਆਪ ਸਰਕਾਰ ਬੁਰੀ ਤਰ੍ਹਾਂ ਫੇਲ ਸਾਬਤ ਹੋਈ ਹੈ ਤਾਂ ਹੀ ਗੁੱਸੇ ਚ ਆਏ ਲੋਕ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਨੂੰ ਲੈ ਕੇ ਸੜਕਾਂ ਤੇ ਆ ਕੇ ਧਰਨੇ ਲਾਉਣ ਲਈ ਮਜਬੂਰ ਹੋ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ

ਖੱਟੜਾ ਨੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਕੀਤਾ ਖੱਟੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰ ਭਾਸ਼ਣ ਵਿੱਚ ਨਸ਼ੇ ਨੂੰ ਖਤਮ ਕਰਨ ਦੇ ਵੱਡੇ ਵੱਡੇ ਦਮਗਜੇ ਮਾਰਨ ਜੋਗੇ ਹੀ ਰਹਿ ਗਏ ਤਾਂ ਹੀ ਸੂਬੇ ਅੰਦਰ ਫੈਲ ਰਹੇ ਨਸ਼ਿਆਂ ਤੇ ਸਰਕਾਰ ਵੱਲੋਂ ਕਾਬੂ ਨਹੀਂ ਪਾਇਆ ਜਾ ਰਿਹਾ ਉਹਨਾਂ ਕਿਹਾ ਕਿ ਸਰਕਾਰ ਇੱਕ ਪਾਸੇ ਆਪਣੀਆਂ ਪ੍ਰਾਪਤੀਆਂ ਗਿਣਾ ਰਹੀ ਹੈ ਦੂਜੇ ਪਾਸੇ ਜਮੀਨੀ ਹਕੀਕਤ ਕੁਝ ਹੋਰ ਹੈ ਜਿੱਥੇ ਸੂਬੇ ਅੰਦਰ ਕੋਈ ਵੀ ਵਿਕਾਸ ਕਾਰਜ ਨਾ ਹੋਣ ਕਾਰਨ ਲੋਕ ਬੁਰੀ ਤਰ੍ਹਾਂ ਸਰਕਾਰ ਤੋਂ ਦੁਖੀ ਚੱਲ ਰਹੇ ਹਨ ਤਾਂ ਹੁਣ ਭਵਿੱਖ ਵਿੱਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਜਿਤਾ ਕੇ ਇੱਥੇ ਵੀ ਡਬਲ ਇੰਜਨ ਵਾਲੀ ਸਰਕਾਰ ਬਣਾਉਣ ਲਈ ਪੰਜਾਬ ਦੇ ਲੋਕੀ ਤਿਆਰ ਬਰ ਤਿਆਰ ਬੈਠੇ ਹਨ ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਮੁੱਚੇ ਪਾਰਟੀਆਂ ਤੋਂ ਕਿਨਾਰਾ ਕਰਕੇ ਆਪ ਸਰਕਾਰ ਨੂੰ ਇਸ ਲਈ ਬਣਾਇਆ ਸੀ ਕਿ ਇਹ ਪੰਜਾਬ ਦਾ ਕੁਝ ਸਵਾਰ ਦੇਣਗੇ ਪਰ ਉਲਟਾ ਇਹਨਾਂ ਨੇ ਲੁੱਟ ਕਸੁੱਟ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ ਖੱਟੜਾ ਨੇ ਕਿਹਾ ਕਿ ਪੰਜਾਬ ਅੰਦਰ ਹੋਣ ਵਾਲੀਆਂ ਭਾਜਪਾ ਦੀਆਂ ਰੈਲੀਆਂ ਵਿੱਚ ਸੀਨੀਅਰ ਲੀਡਰਸ਼ਿਪ ਪੁਜੇਗੀ ਅਤੇ ਪੰਜਾਬ ਨੂੰ ਅਗਾਹ ਵਧੂ ਸੂਬਾ ਬਣਾਉਣ ਲਈ ਪੰਜਾਬ ਦੇ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ ਜਾਵੇਗੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰੀ ਸਿੱਧੂਵਾਲ, ਹਨੀ ਖਰੋੜ, ਮਨਿੰਦਰ ਸਿੰਘ, ਧਰਮਿੰਦਰ ਸਿੰਘ ਗੁਰੀ, ਖਰੋੜ ਆਦਿ ਵੀ ਹਾਜ਼ਰ ਸਨ

ਅਕਾਲੀ ਦਲ ,ਭਾਜਪਾ ਅਤੇ ਆਪ ਨੂੰ ਲੋਕ ਦਿਖਾਉਣਗੇ ਘਰ ਦਾ ਰਸਤਾ: ਖਨੌੜਾ



ਪਟਿਆਲਾ, 3 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਹੋ ਰਹੀ ਦਿਨ ਦਿਹਾੜੇ ਕਤਲੋਗਾਰਤ ਨੇ ਪੰਜਾਬ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਜਿੱਥੇ ਲੋਕ ਦਿਨ ਵੇਲੇ ਵੀ ਘਰ ਤੋਂ ਬਾਹਰ ਨਿਕਲਣ ਲਈ ਡਰਦੇ ਹਨ ਜਿਸ ਤੋਂ ਸਾਫ ਜਹਿਰ ਹੁੰਦਾ ਹੈ ਕਿ ਸੂਬੇ ਅੰਦਰ ਆਪ ਸਰਕਾਰ ਦਾ ਕੋਈ ਕੰਟਰੋਲ ਨਹੀਂ ਰਿਹਾ ਤਾਂ ਹੀ ਕਾਨੂੰਨ ਵਿਵਸਥਾ ਪੰਜਾਬ ਅੰਦਰ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ ਜਿਸ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਚੇਅਰਮੈਨ ਮਹੰਤ ਹਰਵਿੰਦਰ ਖਨੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਮਹੰਤ ਖਨੌੜਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਆਪ ਨੂੰ ਮੂੰਹ ਨਹੀਂ ਲਗਾਉਣਗੇ ਕਿਉਂਕਿ ਇਹਨਾਂ ਤਿੰਨੇ ਪਾਰਟੀਆਂ ਤੋਂ ਸੂਬੇ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ ਜਿਸ ਕਰਕੇ 2027 ਅੰਦਰ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣੇਗੀ ਕਿਉਂਕਿ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸਮੇਂ ਪੰਜਾਬ ਅੰਦਰ ਲੁੱਟ ਖਸੁੱਟ ਅਤੇ ਨਸ਼ੇ ਦਾ ਬੋਲ ਬਾਲਾ ਰਿਹਾ ਹੈ ਉਸੇ ਤਰ੍ਹਾਂ ਹੁਣ ਆਪ ਸਰਕਾਰ ਤੋਂ ਜੋ ਉਮੀਦ ਪੰਜਾਬ ਦੇ ਲੋਕਾਂ ਨੇ ਰੱਖ ਕੇ ਬਦਲਾਓ ਤਹਿਤ ਸਰਕਾਰ ਬਣਾਈ ਸੀ ਉਸ ਨੇ ਵੀ ਅਕਾਲੀ ਭਾਜਪਾ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਨਸ਼ੇ ਦਾ ਫਲਾ ਅਤੇ ਲੋਕਾਂ ਨੂੰ ਕੁੱਟਣ ਤੇ ਲੁੱਟਣ ਤੋਂ ਇਲਾਵਾ ਕੁਝ ਨਹੀਂ ਕੀਤਾ ਲਿਹਾਜਾ ਦਿਨ ਵੇਲੇ ਹੀ ਘਰਾਂ ਚੋਂ ਜੇ ਕੋਈ ਬਾਹਰ ਨਿਕਲਦਾ ਹੈ ਤਾਂ ਉਹ ਲੁੱਟ ਦਾ ਸ਼ਿਕਾਰ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਜਦੋਂ ਵੀ ਸੂਬੇ ਅੰਦਰ ਕਾਂਗਰਸ ਦੀ ਸਰਕਾਰ ਨੇ ਸੱਤਾ ਸਵਾਲੀ ਹੈ ਉਦੋਂ ਹੀ ਲਾ ਇਨ ਆਰਡਰ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਕਾਬੂ ਰੱਖਿਆ ਹੈ ਅਤੇ ਦੂਜੇ ਪਾਸੇ ਵਿਕਾਸ ਕਾਰਜ ਜੰਗੀ ਪੱਧਰ ਤੇ ਕੀਤੇ ਗਏ ਹਨ ਜਿਨਾਂ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ ਉਹਨਾਂ ਕਿਹਾ ਕਿ ਆਪ ਸਰਕਾਰ ਦੌਰਾਨ ਸ਼ਹਿਰਾਂ, ਪਿੰਡਾਂ, ਕਸਬਿਆਂ ਅੰਦਰ ਕੋਈ ਵਿਕਾਸ ਕਾਰਜ ਨਹੀਂ ਹੋਇਆ ਜਿਸ ਕਰਕੇ ਪੰਜਾਬ ਹੋਰਨਾਂ ਸਟੇਟਾਂ ਨਾਲੋਂ ਵਿਕਾਸ ਅਤੇ ਆਰਥਿਕ ਪੱਖੋਂ ਪੱਛੜ ਚੁੱਕਿਆ ਹੈ ਜਿਸ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ

ਹਲਕਾ ਸੁਤਰਾਣਾ ਦੇ ਬੰਦ ਪਏ ਰੂਟਾਂ ਤੇ ਜਲਦ ਚੱਲਣਗੀਆਂ ਨਵੀਆਂ ਬੱਸਾਂ : ਵਿਧਾਇਕ ਕੁਲਵੰਤ ਸਿੰਘ ਬਾਜੀਗਰ



ਪਾਤੜਾਂ, 3 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨ ਲਈ ਪੀਆਰਟੀਸੀ ਦੇ ਬੇੜੇ ਵਿੱਚ 25 ਬੱਸਾਂ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਿੱਚ ਆਉਣ ਜਾਣ ਲਈ ਕੋਈ ਦਿੱਕਤ ਨਾ ਆਵੇ । ਜਿਸ ਦੇ ਤਹਿਤ ਹਲਕਾ ਸੁਤਰਾਣਾ ਅੰਦਰ ਬੰਦ ਪਏ ਰੂਟਾਂ ਤੇ ਪੀਆਰਟੀਸੀ ਦੀ ਨਵੀਆਂ ਬੱਸਾਂ ਨੂੰ ਚਲਾਉਣ ਲਈ ਅੱਜ ਵਿਧਾਇਕ ਦੇ ਸਪੁੱਤਰ ਗੁਰਮੀਤ ਸਿੰਘ ਵਿੱਕੀ ਦੀ ਅਗਵਾਈ ਹੇਠ ਇੱਕ ਵਫ਼ਦ ਪੀਆਰਟੀਸੀ ਦੇ ਜਨਰਲ ਮੈਨੇਜਰ ਰਮਨ ਕੁਮਾਰ ਨੂੰ ਮਿਲਿਆ ਅਤੇ ਉਹਨਾਂ ਨੂੰ ਹਲਕੇ ਅੰਦਰ ਬੱਸਾਂ ਦੇ ਬੰਦ ਪਏ ਰੂਟਾਂ ਨੂੰ ਚਾਲੂ ਕਰਨ ਲਈ ਪਿੰਡਾਂ ਦੇ ਰੂਟਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਗੁਰਮੀਤ ਸਿੰਘ ਵਿੱਕੀ ,ਟਰੱਕ ਯੂਨੀਅਨ ਪਾਤੜਾਂ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ, ਕੇਪੀ ਸ਼ਰਮਾ, ਲਾਭ ਸਿੰਘ ਡਰੌਲੀ ਅਤੇ ਸਾਬਕਾ ਸਰਪੰਚ ਕਾਰਜ ਸਿੰਘ ਬਕਰਾਹਾ ਨੇ ਜੀਐਮ ਨੂੰ ਜਾਣੂ ਕਰਵਾਇਆ ਕਿ ਰੂਟ ਪਾਤੜਾਂ ਤੋਂ ਅਰਨੇਟੂ ਵਾਇਆ ਨਿਆਲ , ਬਨਵਾਲਾ , ਤੰਬੂਵਾਲਾ, ਡਰੌਲੀ,ਸਧਾਰਨਪੁਰ ਬਕਰਾਹਾ , ਰੂਟ ਪਾਤੜਾਂ ਤੋਂ ਖਨੌਰੀ ਵਾਇਆ ਚੁਨਾਗਰਾ, ਹਰਿਆਊ ਖੁਰਦ , ਹਰਿਆਊ ਕਲਾਂ, ਖਾਨੇਵਾਲ , ਨੂਰਪੁਰਾ, ਗੁਲਾਹੜ, ਜੋਗੇਵਾਲਾ , ਖਨੌਰੀ ਤੱਕ , ਰੂਟ ਪਾਤੜਾਂ ਤੋਂ ਘੱਗਾ ਵਾਇਆ ਬੂਟਾ ਸਿੰਘ ਵਾਲਾ , ਉਗੋਕੇ , ਬਾਦਸ਼ਾਹਪੁਰ, ਪੜਤਾ, ਭਾਗੋਮਾਜਰੀ,ਰੂਟ ਪਾਤੜਾਂ ਤੋਂ ਖਰਕਾ ਵਾਇਆ ਸੁਤਰਾਣਾ , ਰਸੌਲੀ, ਚਿੱਚੜਵਾਲ , ਰੂਟ ਸਮਾਣਾ ਤੋਂ ਮਵੀ, ਕਕਰਾਲਾ, ਬੁਜਰਕ, ਖੇੜੀ ਨਗਾਈਆਂ, ਬ੍ਰਾਹਮਣ ਮਾਜਰਾ, ਬਰਾਸ, ਧੂਹੜ, ਦਫ਼ਤਰੀਵਾਲਾ ਅਤੇ ਸਮਾਣਾ ਤੋਂ ਧਨੇਠਾ,ਮਰੋੜੀ, ਰਾਜਗੜ੍ਹ ਆਦਿ ਪਿੰਡਾਂ ਦੇ ਰੂਟਾਂ ਤੇ 7 ਨਵੀਆਂ ਬੱਸਾਂ ਚਲਾਈਆਂ ਜਾਣ ਤਾਂ ਕਿ ਲੋਕਾਂ ਨੂੰ ਆਪਣੇ ਕੰਮਕਾਰਾਂ ਲਈ ਪਿੰਡਾਂ ਤੋਂ ਸ਼ਹਿਰਾਂ ਨੂੰ ਜਾਣ ਲਈ ਵਧੀਆ ਸਹੂਲਤ ਮਿਲ ਸਕੇ ।

ਇਸ ਮੌਕੇ ਪੀਆਰਟੀਸੀ ਦੇ ਜਨਰਲ ਮੈਨੇਜਰ ਰਮਨ ਕੁਮਾਰ ਨੇ ਕਿਹਾ ਕਿ ਹਲਕਾ ਸੁਤਰਾਣਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੁਆਰਾ 7 ਨਵੀਆਂ ਬੱਸਾਂ ਚਲਾਉਣ ਦੀ ਮੰਗ ਕੀਤੀ ਗਈ ਹੈ ਜਿਸ ਦੇ ਤਹਿਤ ਦੇ ਜਲਦ ਹੀ ਬੱਸਾਂ ਨੂੰ ਇਹਨਾਂ ਰੂਟਾਂ ਤੇ ਸ਼ੁਰੂ ਕਰ ਦਿੱਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਆਵਾਜਾਈ ਦੀ ਕੋਈ ਪ੍ਰੇਸ਼ਾਨੀ ਨਾ ਆਵੇ ।

ਭਗਵੰਤ ਮਾਨ ਸਰਕਾਰ ਨੇ ਟਰਾਂਸਪੋਰਟ ਵਿਭਾਗ ਵਿੱਚ ਤਰਸ ਦੇ ਆਧਾਰ ਤੇ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ



ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਟਰਾਂਸਪੋਰਟ ਵਿਭਾਗ, ਪੰਜਾਬ ਵਿੱਚ ਤਰਸ ਦੇ ਆਧਾਰ 'ਤੇ ਗਰੁੱਪ ਸੀ ਦੀਆਂ ਵੱਖ-ਵੱਖ ਅਸਾਮੀਆਂ ਲਈ ਚੁਣੇ ਗਏ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ। ਇਹ ਪੱਤਰ ਕੈਬਨਿਟ ਮੰਤਰੀ ਵੱਲੋਂ ਟਰਾਂਸਪੋਰਟ ਡਾਇਰੈਕਟਰ ਰਾਜੀਵ ਕੁਮਾਰ ਗੁਪਤਾ ਅਤੇ ਪੀ.ਆਰ.ਟੀ.ਸੀ. ਪਟਿਆਲਾ ਦੀ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ ਦੀ ਹਾਜ਼ਰੀ ਵਿੱਚ ਸੌਂਪੇ ਗਏ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਵ-ਨਿਯੁਕਤ ਉਮੀਦਵਾਰਾਂ ਨੂੰ ਵਧਾਈ ਦਿੱਤੀ ਅਤੇ ਜਨਤਾ ਦੀ ਬਿਹਤਰ ਸੇਵਾ ਲਈ ਆਪਣੀ ਡਿਊਟੀ ਪੂਰੀ ਲਗਨ, ਇਮਾਨਦਾਰੀ ਅਤੇ ਪੇਸ਼ੇਵਰਾਨਾ ਢੰਗ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ੋਰ ਦਿੰਦਿਆਂ ਕਿਹਾ, ÷ਤਰਸ ਦੇ ਆਧਾਰ 'ਤੇ ਨਿਯੁਕਤੀਆਂ ਕਰਨ ਦੀ ਇਸ ਪਹਿਲਕਦਮੀ ਦਾ ਮਕਸਦ ਵਿਭਾਗ ਦੇ ਮ੍ਰਿਤਕ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਤੁਰੰਤ ਵਿੱਤੀ ਸਹਾਇਤਾ ਅਤੇ ਸਥਿਰਤਾ ਪ੍ਰਦਾਨ ਕਰਨਾ ਹੈ।

ਨਵ-ਨਿਯੁਕਤ ਉਮੀਦਵਾਰਾਂ ਨੇ ਭਰਤੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੋਜ਼ੀ-ਰੋਟੀ ਪ੍ਰਦਾਨ ਕਰਨ ਲਈ ਭਗਵੰਤ ਮਾਨ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਪ੍ਰਗਟਾਇਆ।ਇਸ ਦੌਰਾਨ, ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਰਮਚਾਰੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਪੰਜਾਬ ਦੇ ਆਗੂਆਂ ਬਲਿਹਾਰ ਸਿੰਘ, ਰੇਸ਼ਮ ਸਿੰਘ, ਸ਼ੇਰ ਸਿੰਘ, ਜਗਰੂਪ ਸਿੰਘ ਅਤੇ ਗੁਰਵਿੰਦਰ ਸਿੰਘ ਪੰਨੂੰ ਸਮੇਤ ਆਊਟਸੋਰਸਡ ਇੰਪਲਾਈਜ਼ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਕੁਲਜੀਤ ਸਿੰਘ ਲੋਹਕਾ ਨਾਲ ਮੀਟਿੰਗ ਕੀਤੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਫ਼ਦ ਨੂੰ ਭਰੋਸਾ ਦਿਵਾਇਆ, ÷ਤੁਹਾਡੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ।÷ ਉਨ੍ਹਾਂ ਨੇ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਮਸਲਿਆਂ ਦੇ ਸਮੇਂ ਸਿਰ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਚੱਲ ਰਹੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਵੀ ਦਿੱਤੇ।

ਪੰਜਾਬੀ ਮੂਲ ਦੇ 15 ਉਮੀਦਵਾਰਾਂ ਨੇ ਜਿੱਤ ਕੀਤੀ ਦਰਜ, ਕੰਜ਼ਰਵੇਟਿਵਜ਼ ਨੇ Surrey ਦੀਆਂ ਸਾਰੀਆਂ 10 ਸੀਟਾਂ 'ਤੇ ਮਾਰੀ ਬਾਜ਼ੀ



ਸਰੀ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬ੍ਰਿਟਿਸ਼ ਕੋਲੰਬੀਆ (BC) ਦੀਆਂ ਸੂਬਾਈ ਚੋਣਾਂ 'ਚ ਪੰਜਾਬੀ ਮੂਲ ਦੇ 15 ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਿਕ ਇਨ੍ਹਾਂ 'ਚੋਂ 12 ਉਮੀਦਵਾਰ ਕੰਜ਼ਰਵੇਟਿਵ ਅਤੇ ਤਿੰਨ ਉਮੀਦਵਾਰ NDP ਨਾਲ ਸਬੰਧਤ ਹਨ। ਕੰਜ਼ਰਵੇਟਿਵ ਪਾਰਟੀ ਨੇ ਸਰੀ ਦੀਆਂ ਸਾਰੀਆਂ 10 ਸੀਟਾਂ ਉੱਤੇ ਹੂੰਝਾ-ਫ਼ੇਰ ਜਿੱਤ ਪ੍ਰਾਪਤ ਕੀਤੀ ਹੈ। ਸਰੀ ਨਾਓ-ਲੀਡਰ ਦੀ ਰਿਪੋਰਟ ਅਨੁਸਾਰ, Surrey ਅਤੇ White Rock ਅਧਿਕਾਰਿਕ ਤੌਰ 'ਤੇ ਨੀਲੀ ਲਹਿਰ ਛਾ ਗਈ ਹੈ।"

ਇਨ੍ਹਾਂ ਚੋਣਾਂ 'ਚ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ ਤੋਂ ਆਪਣੀ ਸੀਟ ਬਰਕਰਾਰ ਰੱਖੀ ਜੋ ਉਨ੍ਹਾਂ ਨੇ 2024 'ਚ NDP ਮੰਤਰੀ ਰਚਨਾ ਸਿੰਘ ਨੂੰ ਹਰਾ ਕੇ ਜਿੱਤੀ ਸੀ। ਉੱਥੇ ਹੀ ਡਾ. ਹਰਜੀਤ ਧਾਲੀਵਾਲ ਨੇ Surrey-Newton ਤੋਂ NDP ਦੀ ਜੈਸੀ ਸੁੰਨੜ ਨੂੰ ਹਰਾਇਆ। ਜਦ ਕਿ ਗੈਰੀ ਪੁਰੇਵਾਲ ਨੇ Surrey-Fleetwood ਤੋਂ NDP ਦੇ ਮੌਜੂਦਾ ਵਿਧਾਇਕ ਜਗਰੂਪ ਬਰਾੜ ਨੂੰ ਹਰਾਇਆ, ਜੋ 2004 ਤੋਂ ਇਸ ਸੀਟ 'ਤੇ ਕਾਬਜ਼ ਸਨ। ਉੱਥੇ ਹੀ ਗੈਰੀ ਥਿੰਦ ਨੇ Surrey-Gildford ਤੋਂ NDP ਦੇ ਮੌਜੂਦਾ ਵਿਧਾਇਕ ਗੈਰੀ ਬੈਗ ਨੂੰ ਹਰਾਇਆ। ਥਿੰਦ ਨੇ ਇਕ ਹਫ਼ਤਾ ਪਹਿਲਾਂ Surrey ਦੀਆਂ ਨਗਰ ਨਿਗਮ ਚੋਣਾਂ 'ਚ ਸਕੂਲ ਟਰੱਸਟੀ ਦੀ ਸੀਟ ਵੀ ਜਿੱਤੀ ਸੀ। ਇਸ ਤੋਂ ਇਲਾਵਾ ਜ਼ੀਸ਼ਾਨ ਵਾਹਲਾ ਨੇ Surrey City Centre ਤੋਂ NDP ਦੀ ਆਮਨਾ ਸ਼ਾਹ ਨੂੰ ਸਖ਼ਤ ਮੁਕਾਬਲੇ 'ਚ ਹਰਾਇਆ ਅਤੇ ਜੈਸੀ ਸਹੋਤਾ ਨੇ ਸਰੀ-ਸਰਪੈਂਟਾਈਨ ਰਿਵਰ ਤੋਂ ਜਿੱਤ ਪ੍ਰਾਪਤ ਕੀਤੀ।

ਹੋਰ ਕੰਜ਼ਰਵੇਟਿਵ ਜੇਤੂਆਂ 'ਚ ਹਰਮਨ ਭੰਗੂ, ਜੋਡੀ ਤੂਰ, ਸਟੀਵ ਕੂਨਰ, ਮੋਨਿਕਾ ਮੋਹਨ, ਪਵਨੀਤ ਸਿੰਘ ਅਤੇ ਦੀਪ ਸੰਧੂ ਸ਼ਾਮਿਲ ਹਨ। NDP ਵਲੋਂ ਰਾਜ ਚੌਹਾਨ, ਨਿਕੀ ਸ਼ਰਮਾ ਅਤੇ ਰੋਹਿਣੀ ਅਰੋੜਾ ਜੇਤੂ ਰਹੇ ਹਨ। ਹਾਲਾਂਕਿ ਕੈਨੇਡੀਅਨ ਮੁੱਖ ਧਾਰਾ ਮੀਡੀਆ ਨੇ ਅਜੇ ਇਨ੍ਹਾਂ ਨੌਂ ਨਾਵਾਂ ਦੀ ਪੁਸ਼ਟੀ ਨਹੀਂ ਕੀਤੀ।

24 ਅਕਤੂਬਰ ਨੂੰ ਹੋਈਆਂ 93 ਸੀਟਾਂ ਵਾਲੀ ਵਿਧਾਨ ਸਭਾ ਚੋਣ 'ਚ, 99 ਫ਼ੀਸਦੀ ਵੋਟਾਂ ਦੀ ਗਿਣਤੀ ਮਗਰੋਂ ਕੰਜ਼ਰਵੇਟਿਵ ਨੇ 64, NDP ਨੇ 27 ਅਤੇ Greens ਨੇ ਦੋ ਸੀਟਾਂ ਜਿੱਤੀਆਂ। 1928 ਤੋਂ ਬਾਅਦ ਇਹ ਕੰਜ਼ਰਵੇਟਿਵਜ਼ ਦੀ ਪਹਿਲੀ ਬਹੁਮਤ ਵਾਲੀ ਸਰਕਾਰ ਹੈ। NDP ਆਗੂ ਡੇਵਿਡ ਈਬੀ ਨੇ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇ ਦਿੱਤਾ ਹੈ। ਨਵੇਂ ਬਣਨ ਜਾ ਰਹੇ ਪ੍ਰੀਮੀਅਰ ਲੌਰਨ ਡੋਰਕਸਨ ਨੇ ਕਿਹਾ ਕਿ BC ਯਕੀਨੀ ਤੌਰ 'ਤੇ ਨੀਲਾ ਹੈ। ਨਵੰਬਰ ਦੇ ਸ਼ੁਰੂ 'ਚ ਅੰਤਿਮ ਨਤੀਜੇ ਆਉਣ ਦੀ ਉਮੀਦ ਹੈ ਜਿਸ ਨਾਲ ਅੰਕੜਿਆਂ 'ਚ ਬਦਲਾਅ ਆ ਸਕਦਾ ਹੈ।

ਯੁਵਕ ਮੇਲੇ ਦੌਰਾਨ ਜਨਗਣਨਾ-2027 ਸਬੰਧੀ ਜਾਗਰੂਕਤਾ ਅਤੇ ਪਟਿਆਲਾ, ਪੰਜਾਬ ਵਿੱਚ ਦੂਜੇ ਪੜਾਅ ਦੀ ਸਿਖਲਾਈ ਦਾ ਜਾਇਜ਼ਾ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਨਗਣਨਾ-2027 ਦੀਆਂ ਚੱਲ ਰਹੀਆਂ ਤਿਆਰੀਆਂ ਦੇ ਹਿੱਸੇ ਵਜੋਂ, ਸ਼੍ਰੀ ਸੋਨਮ ਛੇਰਿੰਗ, ਡਿਪਟੀ ਡਾਇਰੈਕਟਰ ਅਤੇ ਸ਼੍ਰੀਮਤੀ ਰੇਣੂ, ਸਹਾਇਕ ਡਾਇਰੈਕਟਰ, ਜਨਗਣਨਾ ਕਾਰਜ ਡਾਇਰੈਕਟੋਰੇਟ, ਪੰਜਾਬ ਨੇ ਜ਼ਿਲ੍ਹਾ ਪਟਿਆਲਾ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਜਨਗਣਨਾ-2027 ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਜਨਗਣਨਾ ਦੇ ਦੂਜੇ ਪੜਾਅ ਦੀਆਂ ਸਿਖਲਾਈ ਗਤੀਵਿਧੀਆਂ ਦਾ ਜਾਇਜ਼ਾ ਲੈਣਾ ਸੀ।

ਦੌਰੇ ਦੌਰਾਨ ਅਧਿਕਾਰੀਆਂ ਨੇ ਖਾਲਸਾ ਕਾਲਜ, ਪਟਿਆਲਾ ਵਿਖੇ ਕਰਵਾਏ ਗਏ ਯੁਵਕ ਮੇਲੇ ਵਿੱਚ ਜਨਗਣਨਾ-2027 ਸਬੰਧੀ ਜਾਗਰੂਕਤਾ ਗਤੀਵਿਧੀਆਂ ਵਿੱਚ ਹਿੱਸਾ ਲਿਆ।

ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨਾਂ ਨੂੰ ਦੇਸ਼ ਦੀ ਯੋਜਨਾਬੰਦੀ, ਨੀਤੀਆਂ ਦੇ ਨਿਰਮਾਣ ਅਤੇ ਸਮਾਜਿਕ-ਆਰਥਿਕ ਵਿਕਾਸ ਵਿੱਚ ਜਨਗਣਨਾ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ। ਅਧਿਕਾਰੀਆਂ ਨੇ ਜਨਗਣਨਾ-2027 ਸਬੰਧੀ ਜਾਗਰੂਕਤਾ ਫੈਲਾਉਣ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਜਨਗਣਨਾ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ।

ਅਧਿਕਾਰੀਆਂ ਨੇ ਨਗਰ ਨਿਗਮ, ਪਟਿਆਲਾ ਵੱਲੋਂ ਗਣਨਾਕਾਰਾਂ ਅਤੇ ਸੁਪਰਵਾਈਜ਼ਰਾਂ ਲਈ ਕਰਵਾਏ ਜਾ ਰਹੇ ਦੂਜੇ ਪੜਾਅ (ਆਬਾਦੀ ਗਣਨਾ) ਦੇ ਸਿਖਲਾਈ ਪ੍ਰੋਗਰਾਮ ਦਾ ਵੀ ਦੌਰਾ ਕੀਤਾ। ਸਿਖਿਆਰਥੀਆਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੂੰ ਜਨਗਣਨਾ ਦੀ ਪ੍ਰਕਿਰਿਆ, ਇਸ ਨਾਲ ਸਬੰਧਤ ਮੁੱਖ ਧਾਰਨਾਵਾਂ ਅਤੇ ਕਾਰਜ-ਵਿਧੀਆਂ, ਸਹੀ ਅੰਕੜੇ ਇਕੱਠੇ ਕਰਨ ਦੀ ਮਹੱਤਤਾ ਅਤੇ ਗਣਨਾਕਾਰਾਂ ਤੇ ਸੁਪਰਵਾਈਜ਼ਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਜਨਗਣਨਾ-2027 ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨਾ ਖੇਤਰੀ ਅਮਲੇ ਦੀ ਤਿਆਰੀ, ਸਮਰਪਣ ਅਤੇ ਕਾਰਜਕੁਸ਼ਲਤਾ 'ਤੇ ਨਿਰਭਰ ਕਰਦਾ ਹੈ।

ਡਰੱਗ ਕੰਟਰੋਲ ਵਿਭਾਗ ਵੱਲੋਂ ਪਟਿਆਲਾ ਜ਼ਿਲ੍ਹੇ ਵਿੱਚ ਦੋ ਮੈਡੀਕਲ ਸਟੋਰਾਂ ਦੀ ਜਾਂਚ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਰੱਗ ਕੰਟਰੋਲ ਵਿਭਾਗ ਨੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਦਵਾਈਆਂ ਨਾਲ ਸਬੰਧਤ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹੇ ਵਿੱਚ ਦੋ ਮੈਡੀਕਲ ਸਟੋਰਾਂ ਦੀ ਜਾਂਚ ਕੀਤੀ।ਜ਼ੋਨਲ ਲਾਇਸੈਂਸਿੰਗ ਅਥਾਰਟੀ, ਪਟਿਆਲਾ, ਨਵਜੋਤ ਕੌਰ ਨੇ ਦੱਸਿਆ ਕਿ ਬੀਤੇ ਦਿਨ, ਡਰੱਗ ਕੰਟਰੋਲ ਅਫ਼ਸਰਾਂ- ਪਟਿਆਲਾ-1 ਅਤੇ ਪਟਿਆਲਾ-2 - ਨੇ ਥਾਣਾ ਸਦਰ ਨਾਭਾ ਦੀ ਪੁਲਿਸ ਟੀਮ ਨਾਲ ਮਿਲ ਕੇ, ਪਿੰਡ ਅਲੌਹਰਾਂ ਸਥਿਤ ਇੱਕ ਮੈਡੀਕੋਜ ਦੀ ਦੁਕਾਨ ਦੀ ਜਾਂਚ ਕੀਤੀ। ਇਹ ਜਾਂਚ ਥਾਣਾ ਸਦਰ ਨਾਭਾ ਵਿਖੇ ਐਨ ਡੀ ਪੀ ਐਸ ਐਕਟ ਦੀ ਧਾਰਾ 22, ਬੀਐਨਐਸ ਦੀ ਧਾਰਾ 223 ਅਤੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 27/61/85 ਤਹਿਤ ਦਰਜ ਇੱਕ ਐਫਆਈਆਰ ਦੇ ਪੜਤਾਲ ਦੇ ਹਿੱਸੇ ਵਜੋਂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਕੁਝ ਆਮ ਨਿਯਮਾਂ ਦੀ ਉਲੰਘਣਾ ਪਾਈ ਗਈ। ਹਾਲਾਂਕਿ, ਜਾਂਚ ਦੇ ਸਮੇਂ ਉੱਥੇ ਕੋਈ ਵੀ ਨਸ਼ਾ-ਆਦਤ ਪਾਉਣ ਵਾਲੀਆਂ ਦਵਾਈਆਂ ਨਹੀਂ ਮਿਲੀਆਂ।

ਨਵਜੋਤ ਕੌਰ ਨੇ ਅੱਗੇ ਦੱਸਿਆ ਕਿ ਇੱਕ ਹੋਰ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ, ਪਟਿਆਲਾ ਦੇ ਰਾਜਿੰਦਰਾ ਹਸਪਤਾਲ ਨੇੜੇ ਸਥਿਤ ਮੈਡੀਕਲ ਸਟੋਰ' ਦੀ ਡਰੱਗ ਕੰਟਰੋਲ ਅਫ਼ਸਰਾਂ ਪਟਿਆਲਾ-1, 2 ਅਤੇ 3 ਵੱਲੋਂ ਸਾਂਝੇ ਤੌਰ 'ਤੇ ਜਾਂਚ ਕੀਤੀ ਗਈ। ਇਸ ਦੌਰਾਨ ਕੁਝ ਆਮ ਨਿਯਮਾਂ ਦੀ ਉਲੰਘਣਾ ਸਾਹਮਣੇ ਆਈ ਅਤੇ ਖਰੀਦ-ਵੇਚ ਦੇ ਰਿਕਾਰਡ ਵਿੱਚ ਖਾਮੀਆਂ ਹੋਣ ਕਾਰਨ, ਤਿੰਨ ਤਰ੍ਹਾਂ ਦੀਆਂ ਦਵਾਈਆਂ (ਜਿਨ੍ਹਾਂ ਦੀ ਕੁੱਲ ਕੀਮਤ 2,400 ਰੁਪਏ ਹੈ) ਨੂੰ 'ਫਾਰਮ 16' ਤਹਿਤ ਜ਼ਬਤ ਕੀਤਾ ਗਿਆ।

ਜ਼ੋਨਲ ਲਾਇਸੈਂਸਿੰਗ ਅਥਾਰਟੀ ਨੇ ਦੁਹਰਾਇਆ ਕਿ ਡਰੱਗ ਕੰਟਰੋਲ ਵਿਭਾਗ ਦਵਾਈਆਂ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ ਢੁਕਵੀਂ ਕਾਰਵਾਈ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਵਾਲੀਆਂ ਜੀਵਨ ਰੱਖਿਅਕ ਦਵਾਈਆਂ ਦੀ ਦੁਰਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ

ਪਰਾਲੀ ਸਾੜਨ ਸਬੰਧੀ ਸ਼ਿਕਾਇਤਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੰਟਰੋਲ ਰੂਮ ਸਥਾਪਤ

ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਸਟਬਲ ਬਰਨਿੰਗ ਸੀਜ਼ਨ 2026 ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਖੇ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਪਰਾਲੀ ਸਾੜਨ ਸਬੰਧੀ ਜਾਣਕਾਰੀ ਦੇਣ ਅਤੇ ਇਸ ਸਬੰਧੀ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਲਈ ਆਮ ਲੋਕ ਕੰਟਰੋਲ ਰੂਮ ਦੇ ਟੈਲੀਫੋਨ ਨੰਬਰ 0175-2350550 ਅਤੇ 0175-2358550 'ਤੇ ਸੰਪਰਕ ਕਰ ਸਕਦੇ ਹਨ।

'ਆਪ' ਵਿਧਾਇਕਾਂ ਦੀ ਤਿੱਕੜੀ ਨੇ ਫੜਿਆ ਭਾਜਪਾ ਦਾ ਪੱਲਾ

'ਆਪ' ਵੱਲੋਂ ਦੋ ਵਿਧਾਇਕਾਂ ਖ਼ਿਲਾਫ਼ ਪਟੀਸ਼ਨ ਦਾਇਰ; ਦਲ ਬਦਲੂ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਅੱਜ ਭਾਜਪਾ ਦਾ ਪੱਲਾ ਫੜ ਲਿਆ ਹੈ। ਸਮਾਣਾ ਤੋਂ 'ਆਪ' ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਲੰਘੇ ਕੱਲ੍ਹ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਦੂਸਰੇ ਗੇੜ 'ਚ ਅੱਜ ਅੰਮ੍ਰਿਤਸਰ ਉੱਤਰੀ ਤੋਂ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਾਰਟੀ ਛੱਡਣ ਤੋਂ ਇਲਾਵਾ ਵਿਧਾਇਕੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਸੀ। ਅੱਜ 'ਆਪ' ਵਿਧਾਇਕਾਂ ਦੀ ਇਸ ਤਿੱਕੜੀ ਨੇ ਦਿੱਲੀ ਵਿਖੇ ਭਾਜਪਾ ਦਫ਼ਤਰ 'ਚ ਭਾਜਪਾ 'ਚ ਸ਼ਮੂਲੀਅਤ ਕਰ ਲਈ ਹੈ। ਭਾਜਪਾ ਦੇ ਪੰਜਾਬ ਇੰਚਾਰਜ ਸਤੀਸ਼ ਪੂਨੀਆ ਅਤੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਇਸ ਸ਼ਮੂਲੀਅਤ ਮੌਕੇ ਇਨ੍ਹਾਂ ਤਿੰਨੋਂ ਵਿਧਾਇਕਾਂ ਨੂੰ ਪਾਰਟੀ 'ਚ ਜੀ ਆਇਆ ਨੂੰ ਆਖਿਆ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਅੱਜ ਭਗਵੇਂ ਰੰਗ ਦੀਆਂ ਪੱਗਾਂ ਬੰਨੀਆਂ ਹੋਈਆਂ ਸਨ। ਪਹਿਲਾਂ ਇਨ੍ਹਾਂ ਪੱਗਾਂ ਦਾ ਰੰਗ ਬਸੰਤੀ ਹੁੰਦਾ ਸੀ।

ਸੂਤਰਾਂ ਦੀ ਮੰਨੀਏ ਤਾਂ ਦੋਵੇਂ ਵਿਧਾਇਕ ਬਿਨਾਂ ਕਿਸੇ ਸਿਆਸੀ ਸ਼ਰਤ ਦੇ ਭਾਜਪਾ 'ਚ ਸ਼ਮੂਲੀਅਤ ਕਰ ਰਹੇ ਹਨ। ਭਾਜਪਾ ਨੇ ਵੀ ਦੋਵਾਂ ਨੂੰ ਬਿਨਾਂ ਟਿਕਟ ਦੀ ਸ਼ਰਤ ਤੋਂ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ ਨੇ ਪੰਜਾਬ ਭਾਜਪਾ ਨੂੰ ਹਦਾਇਤ ਦਿੱਤੀ ਹੈ ਕਿ ਉਨ੍ਹਾਂ ਵਿਧਾਇਕਾਂ ਨੂੰ ਹੀ ਪਾਰਟੀ 'ਚ ਲਿਆ ਜਾਵੇ ਜਿਨ੍ਹਾਂ ਦੀ ਜਨਤਕ ਦਿੱਖ ਦਾਗ਼ਦਾਰ ਨਾ ਹੋਵੇ।

ਹਲਕਾ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਮੁੱਖ ਮੰਤਰੀ ਭਗਵੰਤ ਮਾਨ ਦੇ ਪਰਿਵਾਰ ਨਾਲ ਕਾਫ਼ੀ ਨੇੜਤਾ ਸੀ। ਉਹ ਸਿਆਸੀ ਹਲਕਿਆਂ 'ਚ 'ਢੁੱਫੜ' ਵਜੋਂ ਮਸ਼ਹੂਰ ਹਨ। ਵਿਧਾਇਕ ਪਠਾਨਮਾਜਰਾ ਨੇ ਹਲਕਾ ਸਨੌਰ ਤੋਂ 2022 ਵਿੱਚ 'ਆਪ' ਉਮੀਦਵਾਰ ਵਜੋਂ 49,122 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ। ਪੰਜਾਬ ਪੁਲੀਸ ਨੇ ਸਤੰਬਰ 2025 'ਚ ਸਾਬਕਾ ਪਤਨੀ ਦੀ ਸ਼ਿਕਾਇਤ 'ਤੇ ਪਠਾਨਮਾਜਰਾ ਖ਼ਿਲਾਫ਼ ਜਬਰ-ਜ਼ਿਨਾਹ ਦਾ ਕੇਸ ਦਰਜ ਕੀਤਾ ਸੀ। ਪੁਲੀਸ ਨੇ ਮਾਰਚ ਵਿੱਚ ਉਨ੍ਹਾਂ ਨੂੰ ਗਵਾਲੀਅਰ ਨੇੜਿਓਂ ਗ੍ਰਿਫ਼ਤਾਰ ਕੀਤਾ ਸੀ। ਮਗਰੋਂ ਉਨ੍ਹਾਂ ਨੂੰ ਹਾਈ ਕੋਰਟ 'ਚੋਂ ਜ਼ਮਾਨਤ ਮਿਲ ਗਈ ਸੀ। ਪਠਾਨਮਾਜਰਾ ਖ਼ਿਲਾਫ਼ ਪਟਿਆਲਾ ਜ਼ਿਲ੍ਹੇ 'ਚ ਗ਼ੈਰ-ਕਾਨੂੰਨੀ ਖਣਨ ਦਾ ਵੀ ਕੇਸ ਦਰਜ ਹੈ।

ਉੱਧਰ, ਹਲਕਾ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੀ ਉਦੋਂ ਤੋਂ ਪਾਰਟੀ ਨਾਲ ਨਾਰਾਜ਼ ਹਨ, ਜਦੋਂ ਤੋਂ ਪਾਰਟੀ ਨੇ ਸਮਾਣਾ ਦੀ ਹਲਕਾ ਇੰਚਾਰਜੀ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਸੌਂਪੀ ਹੈ। ਜੌੜਾਮਾਜਰਾ 'ਆਪ' ਸਰਕਾਰ 'ਚ ਕੈਬਨਿਟ ਮੰਤਰੀ ਵੀ ਰਹੇ ਤੇ ਉਨ੍ਹਾਂ ਕੋਲ ਸਿਹਤ, ਬਾਗ਼ਬਾਨੀ, ਸੂਚਨਾ ਤੇ ਲੋਕ ਸੰਪਰਕ ਮਹਿਕਮੇ ਦੀ ਅਗਵਾਈ ਵੀ ਰਹੀ।

ਉਨ੍ਹਾਂ ਨੇ ਸਾਲ 2022 'ਚ ਹਲਕਾ ਸਮਾਣਾ ਤੋਂ ਅਕਾਲੀ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਨੂੰ 39,713 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਸੀ। ਜੌੜਾਮਾਜਰਾ ਸਿਹਤ ਮੰਤਰੀ ਹੁੰਦਿਆਂ ਵਿਵਾਦਾਂ 'ਚ ਘਿਰ ਗਏ ਸਨ ਜਦੋਂ ਉਨ੍ਹਾਂ ਨੇ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਗੱਦਿਆਂ ਦੇ ਨਿਰੀਖਣ ਸਮੇਂ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੂੰ ਗੰਦੇ ਗੱਦੇ 'ਤੇ ਲੇਟਣ ਲਈ ਆਖਿਆ ਸੀ।

ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੰਜਾਬ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਆਪਣਾ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਭੇਜਿਆ । ਇਸ ਤੋਂ ਕੁੱਝ ਸਮਾਂ ਬਾਅਦ ਉਨ੍ਹਾਂ ਆਮ ਆਦਮੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਹੈ। ਦੱਸਣ ਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਉਹਨਾਂ ਨੂੰ ਪਹਿਲਾਂ ਹੀ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਵਿੱਚੋਂ ਬਾਹਰ ਕੀਤਾ ਹੋਇਆ ਹੈ।

ਬੀਤੇ ਸਾਲ ਜੂਨ ਵਿੱਚ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਪੰਜ ਸਾਲਾਂ ਲਈ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਮੁਅੱਤਲੀ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਆਗੂ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਵਿਰੁੱਧ ਪੰਜਾਬ ਵਿਜੀਲੈਂਸ ਬਿਊਰੋ ਦੀ ਕਾਰਵਾਈ 'ਤੇ ਸਵਾਲ ਚੁੱਕਣ ਤੋਂ ਬਾਅਦ ਹੋਈ ਸੀ। ਕੁੰਵਰ ਵਿਜੇ ਪ੍ਰਤਾਪ ਸਿੰਘ ਕਈ ਮੁੱਦਿਆਂ 'ਤੇ 'ਆਪ' ਸਰਕਾਰ ਦੇ ਤਿੱਖੇ ਆਲੋਚਕ ਰਹੇ।

ਉਨ੍ਹਾਂ ਨੇ ਇਸ ਤੋਂ ਪਹਿਲਾਂ ਫ਼ਰੀਦਕੋਟ ਵਿੱਚ 2015 ਦੇ ਬੇਅਦਬੀ ਅਤੇ ਪੁਲੀਸ ਗੋਲੀਬਾਰੀ ਦੀਆਂ ਘਟਨਾਵਾਂ ਦੇ ਮਾਮਲਿਆਂ ਨਾਲ ਨਜਿੱਠਣ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਸੀ ਅਤੇ ਇਸ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕੀਤੀ ਸੀ।ਉਹ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦਾ ਹਿੱਸਾ ਸਨ, ਜਿਸ ਨੇ 2015 ਦੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕੀਤੀ ਸੀ। ਵਿਧਾਨ ਸਭਾ 'ਚ ਉਨ੍ਹਾਂ 2015 ਦੇ ਬੇਅਦਬੀ ਦਾ ਮੁੱਦਾ ਕਈ ਵਾਰ ਚੁੱਕਿਆ। ਸਾਲ 2021 ਵਿੱਚ ਪੁਲੀਸ ਸੇਵਾ ਤੋਂ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈਣ ਤੋਂ ਬਾਅਦ, ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਅਤੇ ਬਾਅਦ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅੰਮ੍ਰਿਤਸਰ ਉੱਤਰੀ ਸੀਟ ਤੋਂ ਵਿਧਾਇਕ ਚੁਣੇ ਗਏ ਸਨ।

'ਆਪ' ਵਿਧਾਇਕਾਂ ਵੱਲੋਂ ਭਾਜਪਾ 'ਚ ਸ਼ਮੂਲੀਅਤ ਕੀਤੇ ਜਾਣ ਮਗਰੋਂ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਦੋ ਵਿਧਾਇਕਾਂ ਦੀ ਮੈਂਬਰੀ ਨੂੰ ਅਯੋਗ ਕਰਾਰ ਦੇਣ ਲਈ ਪਟੀਸ਼ਨ ਦਾਇਰ ਕੀਤੀ ਹੈ। ਅੱਜ ਹੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਅਸਤੀਫ਼ਾ ਪ੍ਰਵਾਨ ਕੀਤਾ ਹੈ ਜਦੋਂ ਕਿ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਹਾਲੇ ਤੱਕ ਪੰਜਾਬ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਨਹੀਂ ਦਿੱਤਾ ਹੈ। ਹਾਲਾਂਕਿ ਹਰਮੀਤ ਸਿੰਘ ਪਠਾਨਮਾਜਰਾ ਨੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਕੁੱਝ ਸਮੇਂ ਮਗਰੋਂ ਵਿਧਾਇਕੀ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਪੰਜਾਬ 'ਚ ਦੀਵਾਲੀ ਮਗਰੋਂ ਹੋ ਸਕਦੈ ਭਾਜਪਾ-ਅਕਾਲੀ ਦਲ ਗੱਠਜੋੜ ਦਾ ਐਲਾਨ; ਸੀਟਾਂ ਦੀ ਵੰਡ ਨੂੰ ਲੈ ਕੇ ਚਰਚਾ ਤੇਜ਼

ਨਵੀਂ ਦਿੱਲੀ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦੀ ਸਰਕਾਰ ਬਣਨ ਬਾਰੇ ਲਗਾਤਾਰ ਦਿੱਤੇ ਗਏ ਜਨਤਕ ਬਿਆਨਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਸਿਆਸੀ ਸਮਝੌਤਾ ਸਿਰੇ ਚੜ੍ਹਨ ਦੇ ਠੋਸ ਸੰਕੇਤ ਮਿਲਣ ਲੱਗੇ ਹਨ। ਭਰੋਸੇਯੋਗ ਸੂਤਰਾਂ ਨੇ 'ਦਿ ਟ੍ਰਿਬਿਊਨ' ਨੂੰ ਦੱਸਿਆ ਹੈ ਕਿ ਦੋਵਾਂ ਪੁਰਾਣੇ ਭਾਈਵਾਲਾਂ ਵਿਚਕਾਰ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਜਾਰੀ ਹੈ ਅਤੇ ਇਸ ਨੂੰ ਜਲਦ ਹੀ ਅੰਤਿਮ ਰੂਪ ਦਿੱਤੇ ਜਾਣ ਦੀ ਉਮੀਦ ਹੈ। ਸੂਤਰਾਂ ਮੁਤਾਬਕ ਇਸ ਗੱਠਜੋੜ ਦਾ ਰਸਮੀ ਐਲਾਨ ਦੀਵਾਲੀ ਤੋਂ ਬਾਅਦ ਕੀਤਾ ਜਾ ਸਕਦਾ ਹੈ।

ਸੀਟਾਂ ਦੀ ਸੰਭਾਵੀ ਵੰਡ ਬਾਰੇ ਪੁੱਛੇ ਜਾਣ 'ਤੇ ਸੂਤਰਾਂ ਨੇ ਸੰਕੇਤ ਦਿੱਤਾ ਕਿ ਗੱਲਬਾਤ ਤਹਿਤ ਭਾਜਪਾ ਦੇ ਹਿੱਸੇ 45 ਤੋਂ 50 ਸੀਟਾਂ ਆ ਸਕਦੀਆਂ ਹਨ, ਹਾਲਾਂਕਿ ਭਾਜਪਾ ਅਧਿਕਾਰਤ ਤੌਰ 'ਤੇ ਹਾਲੇ ਵੀ ਇਹੀ ਦਾਅਵਾ ਕਰ ਰਹੀ ਹੈ ਕਿ ਉਹ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਇਸ ਦੇ ਬਾਵਜੂਦ, ਪੰਜਾਬ ਵਿੱਚ ਐੱਨਡੀਏ ਸਰਕਾਰ ਬਣਾਉਣ ਬਾਰੇ ਅਮਿਤ ਸ਼ਾਹ ਦੇ ਵਾਰ-ਵਾਰ ਆ ਰਹੇ ਬਿਆਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਦੇ ਸਾਕਾਰਾਤਮਕ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇਕਲੌਤੀ ਅਜਿਹੀ ਧਿਰ ਰਹੀ ਹੈ ਜੋ ਲੰਮਾ ਸਮਾਂ ਐੱਨਡੀਏ ਦਾ ਹਿੱਸਾ ਰਹੀ, ਜਦੋਂ ਤੱਕ ਕਿ ਉਸ ਨੇ ਸਤੰਬਰ 2020 ਵਿੱਚ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਗੱਠਜੋੜ ਤੋਂ ਵੱਖ ਹੋਣ ਦਾ ਫ਼ੈਸਲਾ ਨਹੀਂ ਲਿਆ ਸੀ।

ਹਾਲਾਂਕਿ ਕੁਝ ਸਿਆਸੀ ਹਲਕਿਆਂ ਵਿੱਚ ਇਹ ਚਰਚਾ ਵੀ ਸੀ ਕਿ ਅਮਿਤ ਸ਼ਾਹ ਦੇ 'ਐੱਨਡੀਏ' ਦੇ ਹਵਾਲੇ ਵਿੱਚ ਅਕਾਲੀ ਦਲ ਪੁਨਰ-ਸੁਰਜੀਤ ਧੜਾ ਸ਼ਾਮਲ ਹੋ ਸਕਦਾ ਹੈ, ਪਰ ਮਾਮਲੇ ਦੀ ਡੂੰਘੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਇਹ ਬਾਗ਼ੀ ਧੜਾ ਅਜੇ ਚੋਣ ਕਮਿਸ਼ਨ ਕੋਲ ਰਜਿਸਟਰਡ ਜਥੇਬੰਦੀ ਨਹੀਂ ਹੈ ਅਤੇ ਨਾ ਹੀ ਇਸ ਕੋਲ ਕੋਈ ਚੋਣ ਨਿਸ਼ਾਨ ਹੈ। ਇਸ ਲਈ ਇਸ ਧੜੇ ਦੇ ਆਗੂਆਂ ਨੂੰ ਚੋਣ ਮੈਦਾਨ ਵਿੱਚ ਉਤਰਨ ਲਈ ਭਾਜਪਾ ਜਾਂ ਅਕਾਲੀ ਦਲ ਦੇ ਚੋਣ ਨਿਸ਼ਾਨ ਦੀ ਹੀ ਲੋੜ ਪਵੇਗੀ।

ਇਸ ਦੌਰਾਨ, ਅਕਾਲੀ ਦਲ ਅਤੇ ਭਾਜਪਾ ਦੇ ਮੁੜ ਇਕੱਠੇ ਹੋਣ ਬਾਰੇ ਪੁੱਛੇ ਜਾਣ 'ਤੇ ਇੱਕ ਸੀਨੀਅਰ ਭਾਜਪਾ ਆਗੂ ਨੇ ਪੁਸ਼ਟੀ ਕਰਦਿਆਂ ਕਿਹਾ, ਗੱਠਜੋੜ ਨੂੰ ਲੈ ਕੇ ਹਾਂ-ਪੱਖੀ ਸੰਕੇਤ ਮਿਲ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਦੋਵਾਂ ਪਾਰਟੀਆਂ ਵਿਚਕਾਰ ਗੱਲਬਾਤ ਮੁਕੰਮਲ ਹੁੰਦਿਆਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਪੰਜਾਬ ਦੌਰੇ 'ਤੇ ਆ ਕੇ ਇਸ ਗੱਠਜੋੜ ਦਾ ਰਸਮੀ ਐਲਾਨ ਕਰ ਸਕਦੇ ਹਨ।

ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਤੇ ਅਧਿਕਾਰੀਆਂ 'ਤੇ ਮੁੜ ਕਸਿਆ ਸ਼ਿਕੰਜਾ, ਈਡੀ ਵੱਲੋਂ ਛਾਪੇਮਾਰੀ


ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮੁਹਾਲੀ ਦੇ ਫੇਜ਼-9 ਸਨਅਤੀ ਖੇਤਰ ਵਿੱਚ ਵਿਵਾਦਾਂ 'ਚ ਘਿਰੇ ਗੁਲਮੋਹਰ ਟਾਊਨਸ਼ਿਪ ਦਾ ਮਾਮਲਾ ਉਦਯੋਗ ਵਿਭਾਗ ਦੇ ਅਧਿਕਾਰੀਆਂ ਲਈ ਇੱਕ ਵਾਰ ਫਿਰ ਵੱਡੀ ਮੁਸੀਬਤ ਬਣ ਗਿਆ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਇਸ ਪ੍ਰਾਜੈਕਟ ਅਤੇ ਇਸ ਦੇ ਪ੍ਰਮੋਟਰਾਂ ਨਾਲ ਸਬੰਧਤ ਠਿਕਾਣਿਆਂ 'ਤੇ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਹੈ। ਇਹ ਜਾਂਚ ਪੰਜਾਬ ਦੇ ਸਾਬਕਾ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਖ਼ਿਲਾਫ਼ ਦਰਜ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਅਤੇ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀਐੱਸਆਈਈਸੀ) ਵਿੱਚ ਪਲਾਟਾਂ ਦੀ ਅਲਾਟਮੈਂਟ ਦੌਰਾਨ ਹੋਈਆਂ ਕਥਿਤ ਬੇਨਿਯਮੀਆਂ ਨਾਲ ਜੋੜ ਕੇ ਦੇਖੀ ਜਾ ਰਹੀ ਹੈ। ਇਸ ਘੁਟਾਲੇ ਦੇ ਸਮੇਂ ਦੌਰਾਨ ਉਦਯੋਗ ਵਿਭਾਗ ਵਿੱਚ ਤਾਇਨਾਤ ਰਹੇ ਕਈ ਸੀਨੀਅਰ ਆਈਏਐੱਸ ਅਧਿਕਾਰੀ ਵੀ ਇਸ ਮਾਮਲੇ ਦੇ ਘੇਰੇ ਵਿੱਚ ਆ ਚੁੱਕੇ ਹਨ। ਜ਼ਿਕਰਯੋਗ ਹੈ ਕਿ ਸਾਲ 2023 ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਇੱਕ ਸੀਨੀਅਰ ਆਈਏਐੱਸ ਅਧਿਕਾਰੀ ਅਤੇ 10 ਸਰਕਾਰੀ ਮੁਲਾਜ਼ਮਾਂ ਖ਼ਿਲਾਫ਼ ਇੱਕ ਸਨਅਤੀ ਪਲਾਟ ਨੂੰ ਰੀਅਲਟਰ ਕੰਪਨੀ ਦੇ ਨਾਂ ਤਬਦੀਲ ਕਰਨ ਅਤੇ ਉਸ ਨੂੰ ਕੱਟ ਕੇ ਟਾਊਨਸ਼ਿਪ ਬਣਾਉਣ ਦੀ ਮਨਜ਼ੂਰੀ ਦੇਣ ਦੇ ਦੋਸ਼ ਹੇਠ ਅਪਰਾਧਿਕ ਮਾਮਲਾ ਦਰਜ ਕੀਤਾ ਸੀ। ਇਸ ਸਬੰਧੀ ਰੀਅਲਟਰ ਫ਼ਰਮ 'ਗੁਲਮੋਹਰ ਟਾਊਨਸ਼ਿਪ ਪ੍ਰਾਈਵੇਟ ਲਿਮਟਿਡ' ਦੇ ਤਿੰਨ ਮਾਲਕਾਂ 'ਤੇ ਵੀ ਕੇਸ ਦਰਜ ਕੀਤਾ ਗਿਆ ਸੀ। ਵਿਜੀਲੈਂਸ ਨੇ ਉਕਤ ਫ਼ਰਮ ਨੂੰ ਗ਼ੈਰ-ਕਾਨੂੰਨੀ ਲਾਭ ਪਹੁੰਚਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਤਹਿਤ ਪੀਐੱਸਆਈਈਸੀ ਦੇ 7 ਅਧਿਕਾਰੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਹਾਲਾਂਕਿ, ਬਾਅਦ ਵਿੱਚ ਇਨ੍ਹਾਂ ਅਧਿਕਾਰੀਆਂ ਨੂੰ ਬਹਾਲ ਕਰ ਦਿੱਤਾ ਗਿਆ ਅਤੇ ਸਰਕਾਰ ਵੱਲੋਂ ਪ੍ਰਾਜੈਕਟ ਨੂੰ ਮੁੜ ਹਰੀ ਝੰਡੀ ਦੇ ਦਿੱਤੀ ਗਈ ਸੀ। ਮਾਮਲੇ ਦੇ ਪਿਛੋਕੜ ਅਨੁਸਾਰ, ਪੰਜਾਬ ਸਰਕਾਰ ਨੇ ਸਾਲ 1987 ਵਿੱਚ ਆਨੰਦ ਲੈਂਪਸ ਲਿਮਟਿਡ ਨੂੰ ਇੱਕ ਸੇਲ ਡੀਡ ਰਾਹੀਂ 25 ਏਕੜ ਜ਼ਮੀਨ ਅਲਾਟ ਕੀਤੀ ਸੀ, ਜੋ ਬਾਅਦ ਵਿੱਚ ਸਿਗਨੀਫਾਈ ਇਨੋਵੇਸ਼ਨਜ਼ ਨਾਂ ਦੀ ਫ਼ਰਮ ਨੂੰ ਤਬਦੀਲ ਹੋ ਗਈ। ਉਪਰੰਤ, ਸਿਗਨੀਫਾਈ ਇਨੋਵੇਸ਼ਨਜ਼ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ (ਪੀਐੱਸਆਈਡੀਸੀ) ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨਓਸੀ) ਹਾਸਲ ਕਰਕੇ ਇਹ ਪਲਾਟ ਸੇਲ ਡੀਡ ਰਾਹੀਂ ਗੁਲਮੋਹਰ ਟਾਊਨਸ਼ਿਪ ਨੂੰ ਵੇਚ ਦਿੱਤਾ। ਮਾਰਚ 2021 ਵਿੱਚ, ਤਤਕਾਲੀ ਉਦਯੋਗ ਅਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਗੁਲਮੋਹਰ ਟਾਊਨਸ਼ਿਪ ਵੱਲੋਂ ਪਲਾਟਾਂ ਦੀ ਅਗਲੇਰੀ ਵੰਡ ਸਬੰਧੀ ਮਿਲੀ ਇੱਕ ਚਿੱਠੀ ਪੀਐੱਸਆਈਡੀਸੀ ਦੇ ਤਤਕਾਲੀ ਐੱਮਡੀ ਨੂੰ ਕਾਰਵਾਈ ਹਿੱਤ ਭੇਜੀ ਸੀ। ਇਸ ਤੋਂ ਬਾਅਦ ਐੱਮਡੀ ਨੇ ਇਸ ਰੀਅਲਟਰ ਫ਼ਰਮ ਦੇ ਪ੍ਰਸਤਾਵ ਦੀ ਘੋਖ ਕਰਨ ਲਈ ਇੱਕ ਵਿਭਾਗੀ ਕਮੇਟੀ ਗਠਿਤ ਕੀਤੀ ਸੀ।

ਹਰਿਆਣਾ ਦੀ ਪ੍ਰਗਤੀ ਅਤੇ ਜਨਤਾ ਦੀ ਖੁਸ਼ਹਾਲੀ ਸਾਡੀ ਸਾਂਝੀ ਮੰਜ਼ਿਲ : ਨਾਇਬ ਸਿੰਘ ਸੈਣੀ

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਨਪ੍ਰਤੀਨਿਧੀਆਂ ਦੇ ਰਾਜਨੀਤਿਕ ਰਾਹ ਅਤੇ ਵਿਚਾਰਧਾਰਾਵਾਂ ਵੱਖ-ਵੱਖ ਹੋ ਸਕਦੀਆਂ ਹਨ, ਪਰ ਹਰਿਆਣਾ ਦੀ ਪ੍ਰਗਤੀ ਅਤੇ ਪ੍ਰਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਸਾਰਿਆਂ ਦੀ ਸਾਂਝੀ ਮੰਜ਼ਿਲ ਹੈ। ਸਾਡੀ ਸਾਰਿਆਂ ਦੀ ਪਛਾਣ ਇਸ ਗੱਲ ਤੋਂ ਹੈ ਕਿ ਅਸੀਂ ਹਰਿਆਣਾ ਦੀ ਜਨਤਾ ਦੇ ਨੁਮਾਇੰਦੇ ਹਾਂ। ਜਨਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੀਆਂ ਆਕਾਂਖਿਆਵਾਂ ਅਤੇ ਲੋੜਾਂ ਨੂੰ ਸਮਝਦੇ ਹੋਏ ਪ੍ਰਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ।

ਮੁੱਖ ਮੰਤਰੀ ਸੋਮਵਾਰ ਨੂੰ ਪੰਚਕੂਲਾ ਦੇ ਇੰਦਰਧਨੁਸ਼ ਆਡੀਟੋਰੀਅਮ ਵਿੱਚ ਹਰਿਆਣਾ ਵਿਧਾਨ ਸਭਾ ਵੱਲੋਂ ਸੰਵਿਧਾਨ ਪਖਵਾੜੇ ਤਹਿਤ ਆਯੋਜਿਤ ਜਨਪ੍ਰਤੀਨਿਧੀ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਆਪਣੀ ਸਥਾਪਨਾ ਦੇ 60 ਸਾਲ ਪੂਰੇ ਕਰ ਲਏ ਹਨ। ਹੀਰਕ ਜਯੰਤੀ (ਡਾਇਮੰਡ ਜੁਬਲੀ) ਦੇ ਇਸ ਮੌਕੇ 'ਤੇ ਪ੍ਰਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਸੰਮੇਲਨ ਸ਼ਾਨਦਾਰ ਅਤੀਤ ਤੋਂ ਪ੍ਰੇਰਨਾ ਲੈ ਕੇ ਭਵਿੱਖ ਦੀ ਦਿਸ਼ਾ ਤੈਅ ਕਰਨ ਦਾ ਮੌਕਾ ਹੈ। ਸੰਮੇਲਨ ਵਿੱਚ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਦੀ ਮੌਜੂਦਗੀ ਨਾਲ ਇਸ ਦੀ ਗਰਿਮਾ ਵਧੀ ਹੈ ਅਤੇ ਸੰਸਦੀ ਪ੍ਰਕਿਰਿਆਵਾਂ, ਸਦਨ ਦੀ ਮਰਿਆਦਾ ਅਤੇ ਜਨਪ੍ਰਤੀਨਿਧੀਆਂ ਦੇ ਫ਼ਰਜ਼ਾਂ 'ਤੇ ਉਨ੍ਹਾਂ ਦਾ ਮਾਰਗਦਰਸ਼ਨ ਸਾਰਿਆਂ ਲਈ ਕੀਮਤੀ ਹੈ। ਉਨ੍ਹਾਂ ਦੱਸਿਆ ਕਿ ਹੀਰਕ ਜਯੰਤੀ ਸਮਾਰੋਹ ਵਿੱਚ ਦੇਸ਼ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਸ਼ਿਰਕਤ ਕਰਕੇ ਹਰਿਆਣਾ ਦੀ ਜਨਤਾ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੀ 60 ਸਾਲਾਂ ਦੀ ਵਿਕਾਸ ਯਾਤਰਾ ਸਿਰਫ਼ ਸੜਕਾਂ, ਸੰਸਥਾਵਾਂ ਅਤੇ ਉਦਯੋਗਾਂ ਦੇ ਵਿਸਥਾਰ ਦੀ ਕਹਾਣੀ ਨਹੀਂ ਹੈ, ਬਲਕਿ ਇਸ ਵਿੱਚ ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਅਤੇ ਆਮ ਨਾਗਰਿਕਾਂ ਦੀ ਮਿਹਨਤ ਵੀ ਸ਼ਾਮਲ ਹੈ। ਖੇਤਾਂ ਦੀ ਹਰਿਆਲੀ ਤੋਂ ਲੈ ਕੇ ਉਦਯੋਗਾਂ ਦੀਆਂ ਉੱਚਾਈਆਂ ਤੱਕ, ਪਿੰਡਾਂ ਦੀਆਂ ਪਗਡੰਡੀਆਂ ਤੋਂ ਆਧੁਨਿਕ ਐਕਸਪ੍ਰੈੱਸ-ਵੇਅ ਤੱਕ ਅਤੇ ਅਖਾੜਿਆਂ ਦੀ ਮਿੱਟੀ ਤੋਂ ਵਿਸ਼ਵ ਦੇ ਖੇਡ ਮੰਚਾਂ ਤੱਕ ਹਰਿਆਣਾ ਨੇ ਆਪਣੀ ਮਿਹਨਤ, ਹੌਂਸਲੇ ਅਤੇ ਸੰਕਲਪ ਨਾਲ ਪ੍ਰਗਤੀ ਦੇ ਨਵੇਂ ਅਧਿਆਏ ਲਿਖੇ ਹਨ। ਪ੍ਰਦੇਸ਼ ਦੀਆਂ ਪ੍ਰਾਪਤੀਆਂ ਦੀ ਨੀਂਹ ਉਨ੍ਹਾਂ ਚਰਚਾਵਾਂ, ਫ਼ੈਸਲਿਆਂ ਅਤੇ ਕਾਨੂੰਨਾਂ ਨਾਲ ਵੀ ਪਈ ਹੈ, ਜਿਨ੍ਹਾਂ ਨੂੰ ਜਨਪ੍ਰਤੀਨਿਧੀਆਂ ਨੇ ਵਿਧਾਨ ਸਭਾ ਵਿੱਚ ਰੂਪ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ 1 ਨਵੰਬਰ, 1966 ਨੂੰ ਹਰਿਆਣਾ ਵਜੂਦ ਵਿੱਚ ਆਇਆ ਸੀ ਅਤੇ ਉਸ ਸਮੇਂ ਵਿਧਾਨ ਸਭਾ ਵਿੱਚ 54 ਮੈਂਬਰ ਸਨ।

ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਪਟਿਆਲਾ ਦੇ ਅਧਿਕਾਰੀਆਂ ਨਾਲ ਬੈਠਕ

ਪਟਿਆਲਾ, 3 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਸ੍ਰ. ਜਸਵੀਰ ਸਿੰਘ ਸੇਖੋਂ ਨੇ ਪਟਿਆਲਾ ਵਿਖੇ ਮੇਰੀ ਰਸੋਈ, ਮਿਡ ਡੇ ਮੀਲ ਸਕੀਮ, ਆਂਗਣਵਾੜੀ ਸੈਂਟਰਾਂ ਰਾਹੀਂ ਦਿੱਤੇ ਜਾਣ ਵਾਲੇ ਸਾਮਾਨ ਅਤੇ ਖਾਣੇ ਦੀ ਸਟੋਰੇਜ ਸਿਸਟਮ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ , ਡੀਐੱਫਐੱਸਸੀ ਰਵਿੰਦਰ ਕੌਰ ਅਤੇ ਹੋਰ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਉਪਰੰਤ ਓਹਨਾ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਿਲ ਲਾਈਨਜ਼ ਦਾ ਦੌਰਾ ਵੀ ਕੀਤਾ।

ਓਹਨਾ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਵਿੱਚ ਪੀਣ ਲਈ ਸਾਫ਼ ਪਾਣੀ ਉਪਲਬਧ ਕਰਵਾਉਣ ਲਈ ਪਾਣੀ ਦੀ ਟੈਸਟਿੰਗ ਕੀਤੀ ਜਾਵੇ ਅਤੇ ਆਰ.ਓ. ਲਗਾਉਣੇ ਯਕੀਨੀ ਬਣਾਏ ਜਾਣ। ਓਹਨਾ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਸ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਸ. ਜਸਵੀਰ ਸਿੰਘ ਸੇਖੋਂ ਨੇ ਕਿਹਾ ਕਿ ਸਕੂਲਾਂ ਵਿੱਚ ਲਗਾਏ ਗਏ ਆਰ.ਓ. ਸਿਸਟਮ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ ਅਤੇ ਬੱਚਿਆਂ ਨੂੰ ਸਾਫ਼ ਤੇ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਸਫ਼ਾਈ ਪ੍ਰਤੀ ਕਮਿਸ਼ਨ ਬਹੁਤ ਸਖ਼ਤ ਹੈ ਅਤੇ ਸਕੂਲਾਂ ਦੇ ਡਾਇਨਿੰਗ ਏਰੀਆ ਦੀ ਸਫ਼ਾਈ ਦੀ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਮਿਡ-ਡੇਅ ਮੀਲ ਦੌਰਾਨ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਸਲਾਦ ਵਿੱਚ ਖੀਰਾ, ਗਵਾਰ ਦੀਆਂ ਫਲੀਆਂ ਅਤੇ ਸ਼ਿਮਲਾ ਮਿਰਚ ਆਦਿ ਨੂੰ ਸ਼ਾਮਲ ਕੀਤਾ ਜਾਵੇ, ਤਾਂ ਜੋ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਮਿਲ ਸਕੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਤੁਲਸੀ, ਅਸ਼ਵਗੰਧਾ, ਐਲੋਵੀਰਾ ਅਤੇ ਆਂਵਲੇ ਦੇ ਪੌਦੇ ਲਗਾਏ ਜਾਣ। ਮੀਟਿੰਗ ਦੌਰਾਨ ਸ. ਜਸਵੀਰ ਸਿੰਘ ਸੇਖੋਂ ਨੇ ਜ਼ਿਲ੍ਹਾ ਫੂਡ ਸੇਫ਼ਟੀ ਅਫ਼ਸਰ ਨੂੰ ਮਿਡ-ਡੇਅ ਮੀਲ ਅਤੇ ਆਂਗਣਵਾੜੀ ਸੈਂਟਰਾਂ ਰਾਹੀਂ ਦਿੱਤੇ ਜਾਣ ਵਾਲੇ ਖਾਣੇ ਅਤੇ ਹੋਰ ਸਾਮਾਨ ਦੀ ਨਿਰੰਤਰ ਚੈਕਿੰਗ ਕਰਨ ਦੇ ਨਿਰਦੇਸ਼ ਦਿੱਤੇ।

ਥਾਪਰ ਇੰਸਟੀਚਿਊਟ ਦੇ 70 ਸਾਲ ਪੂਰੇ: ਪੰਜਾਬ ਦੇ ਰਾਜਪਾਲ ਵੱਲੋਂ ਕਨਵੋਕੇਸ਼ਨ 2026 ਦੌਰਾਨ 3,359 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ

ਪਟਿਆਲਾ, 3 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-




ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਨੇ ਅੱਜ ਆਪਣੇ ਤਿੰਨ ਰੋਜ਼ਾ ਕਨਵੋਕੇਸ਼ਨ 2026 ਦੀ ਸ਼ੁਰੂਆਤ ਕੀਤੀ। ਇਸ ਸਾਲ ਸੰਸਥਾ ਆਪਣੀ ਸਥਾਪਨਾ ਦੇ 70 ਸਾਲ ਪੂਰੇ ਕਰ ਰਹੀ ਹੈ। ਇਸ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। 2 ਤੋਂ 4 ਨਵੰਬਰ ਤੱਕ ਚੱਲਣ ਵਾਲੇ ਇਸ ਕਨਵੋਕੇਸ਼ਨ ਦੌਰਾਨ ਕੁੱਲ 3,359 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਪਹਿਲਾ ਦਿਨ ਪੀਐਚ.ਡੀ. ਡਿਗਰੀਆਂ ਅਤੇ ਮੈਡਲਾਂ ਨੂੰ ਸਮਰਪਿਤ ਰਿਹਾ।

ਰਾਜਪਾਲ ਸ੍ਰੀ ਕਟਾਰੀਆ ਦਾ ਸਵਾਗਤ ਚਾਂਸਲਰ ਡਾ. ਆਰ. ਆਰ. ਵੇਦਰਾਹ ਨੇ ਕੀਤਾ। ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਪਦਮਕੁਮਾਰ ਨਾਇਰ, ਪ੍ਰੋ ਵਾਈਸ ਚਾਂਸਲਰ ਪ੍ਰੋ. ਅਜੈ ਬਤਿਸ਼ ਅਤੇ ਐਗਜ਼ੀਕਿਊਟਿਵ ਕੌਂਸਲ ਦੇ ਮੈਂਬਰ ਡਾ. ਏ. ਸਿਵਾਥਾਨੂ ਪਿੱਲਈ ਵੀ ਮੰਚ 'ਤੇ ਮੌਜੂਦ ਸਨ। ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਪੀਐਚ.ਡੀ. ਖੋਜਾਰਥੀਆਂ ਨੂੰ ਡਿਗਰੀਆਂ ਅਤੇ ਵੱਖ-ਵੱਖ ਪ੍ਰੋਗਰਾਮਾਂ ਦੇ ਮੈਡਲ ਜੇਤੂਆਂ ਨੂੰ ਮੈਡਲ ਪ੍ਰਦਾਨ ਕੀਤੇ। ਮੈਡਲ ਜੇਤੂਆਂ ਵਿੱਚ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਦੀ ਭਵਿਆ ਗੇਰਾ ਨੇ 10.00 ਸੀਜੀਪੀਏ ਹਾਸਲ ਕਰਦਿਆਂ ਪ੍ਰੈਜ਼ੀਡੈਂਟ ਮੈਡਲ ਅਤੇ ਪ੍ਰੋ. ਵੀ. ਰਾਜਾਰਾਮਨ ਕੰਪਿਊਟਰ ਸਾਇੰਸ/ਇੰਜੀਨੀਅਰਿੰਗ ਐਵਾਰਡ ਪ੍ਰਾਪਤ ਕੀਤਾ। ਗਵਰਨਰ ਮੈਡਲ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ (ਡੇਰਾਬੱਸੀ ਕੈਂਪਸ) ਦੀ ਕਾਤਿਆਇਨੀ ਝਾਅ, ਐਮ.ਸੀ.ਏ. ਦੀ ਸਾਕਸ਼ੀ ਬਾਲਾਸੋ ਜਾਧਵ ਅਤੇ ਐਮ.ਬੀ.ਏ. ਦੀ ਵੰਸ਼ਿਤਾ ਨੂੰ ਪ੍ਰਦਾਨ ਕੀਤੇ ਗਏ। ਛੇ ਮੈਡਲ ਜੇਤੂਆਂ ਨੇ 10.00 ਦਾ ਸੰਪੂਰਨ ਸੀਜੀਪੀਏ ਹਾਸਲ ਕੀਤਾ।

ਇਸ ਮੌਕੇ ਸੰਸਥਾ ਵੱਲੋਂ ਮਕੈਨੀਕਲ ਇੰਜੀਨੀਅਰਿੰਗ ਦੇ 1966 ਬੈਚ ਦੇ ਵਿਦਿਆਰਥੀ ਸ੍ਰੀ ਵਿਨੋਦ ਕੇ. ਲੂਥਰਾ ਨੂੰ ਡਿਸਟਿੰਗਵਿਸ਼ਡ ਐਲੂਮਨੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਸਾਲ 1981 ਵਿੱਚ ਅਪਸਟੇਟ ਨਿਊਯਾਰਕ ਵਿੱਚ ਬੈਰਿੰਗਟਨ ਰੈਜ਼ੀਡੈਂਸ਼ੀਅਲ ਨਾਮਕ ਮਲਟੀਫੈਮਿਲੀ ਹਾਊਸਿੰਗ ਉੱਦਮ ਦੇ ਸੰਸਥਾਪਕ ਹਨ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜ਼ਿੰਦਗੀ ਦੀ ਕਿਸੇ ਵੀ ਲੜਾਈ ਨੂੰ ਜਿੱਤਣ ਦਾ ਇੱਕੋ-ਇੱਕ ਸਾਧਨ ਸਾਡਾ ਮਨ ਅਤੇ ਸਾਡੀ ਸਿੱਖਿਆ ਹੈ। ਜੇਕਰ ਅ ਸੀਂ ਆਪਣੀ ਬੁੱਧੀ ਅਤੇ ਸਿੱਖਿਆ ਦੀ ਸਹੀ ਦਿਸ਼ਾ ਵਿੱਚ ਵਰਤੋਂ ਕਰੀਏ ਤਾਂ ਇਹੀ ਅਸਲ ਸਫਲਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਸੰਸਥਾ ਦੀ ਅਸਲ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਹ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਏ। ਜਦੋਂ ਵਿਦਿਆਰਥੀ ਇਨ੍ਹਾਂ ਚੁਣੌਤੀਆਂ ਵਿੱਚੋਂ ਸਫਲਤਾਪੂਰਵਕ ਨਿਕਲਦੇ ਹਨ ਤਾਂ ਇਹ ਦ੍ਰਿੜ੍ਹਤਾ ਉਨ੍ਹਾਂ ਦੀ ਵਿਲੱਖਣ ਤਾਕਤ ਬਣ ਜਾਂਦੀ ਹੈ। ਇਹੀ ਉਨ੍ਹਾਂ ਦੀ ਖਾਸ ਪਛਾਣ ਹੈ ਅਤੇ ਇਸ ਨੂੰ ਹਮੇਸ਼ਾ ਆਪਣੇ ਨਾਲ ਸੰਭਾਲ ਕੇ ਰੱਖਣਾ ਚਾਹੀਦਾ ਹੈ। ਥਾਪਰ ਇੰਸਟੀਚਿਊਟ ਦੇ ਚਾਂਸਲਰ ਡਾ. ਆਰ. ਆਰ. ਵੇਦਰਾਹ ਨੇ ਕਿਹਾ ਕਿ ਜ਼ਿੰਦਗੀ 100 ਮੀਟਰ ਦੀ ਦੌੜ ਨਹੀਂ, ਸਗੋਂ ਇੱਕ ਮੈਰਾਥਨ ਹੈ। ਇਸ ਗੱਲ ਦੀ ਚਿੰਤਾ ਨਾ ਕਰੋ ਕਿ 100 ਮੀਟਰ 'ਤੇ ਤੁਹਾਡੇ ਤੋਂ ਅੱਗੇ ਕੌਣ ਹੈ, ਸਗੋਂ ਅੰਤ ਤੱਕ ਪਹੁੰਚਣ ਵਾਲਾ ਹੀ ਜੇਤੂ ਹੁੰਦਾ ਹੈ।

ਰਾਹੁਲ ਗਾਂਧੀ ਦੀ ਸੰਗਰੂਰ ਰੈਲੀ 2027 ਦੀਆਂ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਦਾ ਮੁੱਢ ਬਣੇਗੀ : ਪਵਨ ਦੀਵਾਨ



ਲੁਧਿਆਣਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ 4 ਨਵੰਬਰ ਨੂੰ ਸੰਗਰੂਰ ਦੇ ਪਿੰਡ ਫੱਗੂਵਾਲ ਵਿਖੇ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਸਬੰਧੀ ਸਰਾਭਾ ਨਗਰ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਕੀਤੀ।

ਇਸ ਮੌਕੇ ਪਵਨ ਦੀਵਾਨ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਸੰਗਰੂਰ ਰੈਲੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਸ਼ਾਨਦਾਰ ਜਿੱਤ ਦਾ ਮੁੱਢ ਬਣੇਗੀ। ਉਨ੍ਹਾਂ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਰੈਲੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਨਸ਼ਿਆਂ, ਕਤਲਾਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਕਾਨੂੰਨ ਵਿਵਸਥਾ ਦੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸੁਰੱਖਿਆ ਕਰਨ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਨਿਰਾਸ਼ ਹਨ ਅਤੇ ਸੂਬੇ ਵਿੱਚ ਮੁੜ ਕਾਂਗਰਸ ਦੀ ਸਰਕਾਰ ਦੇਖਣਾ ਚਾਹੁੰਦੇ ਹਨ। ਰਾਹੁਲ ਗਾਂਧੀ ਦੀ ਰੈਲੀ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਭਰੇਗੀ।

ਇਸ ਮੌਕੇ ਕੁਲਬੀਰ ਸਿੰਘ ਨੀਟਾ, ਬਲਜੀਤ ਸਿੰਘ ਅਹੂਜਾ, ਵਰੁਣ ਸ਼ਰਮਾ, ਹੇਮੰਤ ਮਹਾਜਨ, ਵਿਕਰਮ ਮੋਹਨ ਸਿੰਘ, ਕਮਲ ਪਾਹਵਾ, ਜਸਵਿੰਦਰ ਸਿੰਘ ਬੱਗਾ, ਰੋਹਿਤ ਪਾਹਵਾ, ਐਡਵੋਕੇਟ ਸੰਦੀਪ ਅਰੋੜਾ, ਰਜਨੀਸ਼ ਸਿੰਗਲਾ ਅਤੇ ਹਰਭਗਤ ਗਰੇਵਾਲ ਸਮੇਤ ਹੋਰ ਕਾਂਗਰਸੀ ਆਗੂ ਮੌਜੂਦ ਸਨ।

ਅਕਾਲੀ ਦਲ ਦਾ ਨਸ਼ਿਆਂ ਦੇ ਮੁੱਦੇ ਉੱਤੇ ਹਲਕਾ ਵਿਧਾਇਕ ਨੂੰ ਚੈਲੰਜ

ਨਸ਼ਾ ਖ਼ਤਮ ਕਰਨ ਦੀ ਸਹੁੰ ਖਾਣ ਵਾਲੇ ਧਰਮਕੋਟ 'ਚੋਂ ਨਸ਼ਿਆਂ ਦਾ ਕਾਰੋਬਾਰ ਠੱਪ ਨਾ ਹੋਣ ਸਬੰਧੀ ਸਪੱਸ਼ਟ ਕਰਨ: ਮੱਖਣ ਬਰਾੜ

ਧਰਮਕੋਟ (ਮੋਗਾ), 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਨੇ ਅੱਜ ਇੱਕ ਵਾਰ ਫਿਰ ਹਲਕਾ ਵਿਧਾਇਕ ਦੀ ਨਸ਼ਿਆਂ ਦੇ ਮੁੱਦੇ ਉੱਤੇ ਘੇਰਾਬੰਦੀ ਕੀਤੀ ਹੈ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਅਤੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਇੱਕ ਪ੍ਰੈੱਸ ਕਾਨਫ਼ਰੰਸ ਕਰਕੇ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਤਿੱਖੇ ਸਵਾਲ ਕਰਦਿਆਂ ਸ਼ਬਦੀ ਹਮਲੇ ਕੀਤੇ।

ਅਕਾਲੀ ਆਗੂਆਂ ਨੇ ਕਿਹਾ ਕਿ ਪੰਜ ਸਾਲ ਪਹਿਲਾਂ ਚੋਣ ਪ੍ਰਚਾਰ ਦੌਰਾਨ ਵਿਧਾਇਕ ਸ੍ਰੀ ਢੋਸ ਨੇ ਹਲਕੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਦੀ ਸਹੁੰ ਚੁੱਕੀ ਸੀ ਲੇਕਿਨ ਅੱਜ ਹਲਕਾ ਨਸ਼ਿਆਂ ਦੀ ਮੰਡੀ ਵਜੋਂ ਵਿਕਸਤ ਹੋ ਚੁੱਕਾ ਹੈ। ਉਨ੍ਹਾਂ ਨੇ ਵਿਧਾਇਕ ਨੂੰ ਸਵਾਲ ਕਰਦਿਆਂ ਕਿਹਾ ਕਿ ਕੀ ਕਾਰਨ ਰਿਹਾ ਕਿ ਇੱਥੇ ਨਸ਼ਿਆਂ ਦੀ ਰੋਕਥਾਮ ਦੀ ਬਜਾਏ ਇਹ ਕਾਰੋਬਾਰ ਅੱਜ ਸਿਖ਼ਰ ਉੱਤੇ ਪੁੱਜ ਗਿਆ ਹੈ। ਅਕਾਲੀ ਆਗੂਆਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਦੋਂ ਇੱਕੋ ਵਿਅਕਤੀ ਨੂੰ ਮੁੜ ਲੋਕਾਂ ਦੇ ਸਾਹਮਣੇ ਚੋਣ ਮੈਦਾਨ ਵਿੱਚ ਉਤਾਰਿਆ ਜਾ ਰਿਹਾ ਹੈ ਤਾਂ ਉਸ ਨੂੰ ਆਪਣੇ ਪਿਛਲੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਦਾ ਹਿਸਾਬ ਵੀ ਜਨਤਾ ਸਾਹਮਣੇ ਰੱਖਣਾ ਪਵੇਗਾ।

ਅਕਾਲੀ ਆਗੂ ਬਰਾੜ ਨੇ ਕਿਹਾ ਕਿ ਜਦੋਂ ਉਹ ਪਿੰਡਾਂ ਵਿੱਚ ਲੋਕਾਂ ਨੂੰ ਮਿਲਦੇ ਹਨ ਤਾਂ ਮਾਵਾਂ ਆਪਣੇ ਜਵਾਨ ਪੁੱਤਰਾਂ ਦੀਆਂ ਤਸਵੀਰਾਂ ਦਿਖਾ ਕੇ ਦੁੱਖ ਬਿਆਨ ਕਰਦੀਆਂ ਹਨ। ਕਈ ਪਰਿਵਾਰਾਂ ਦੇ ਨੌਜਵਾਨ ਛੋਟੀ ਉਮਰ ਵਿੱਚ ਹੀ ਨਸ਼ਿਆਂ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ, ਪਰ ਜੇਕਰ ਇਸ ਧਰਤੀ ਦੀ ਜਵਾਨੀ ਹੀ ਨਸ਼ਿਆਂ ਦੀ ਭੇਟ ਚੜ੍ਹਦੀ ਰਹੀ ਤਾਂ ਵਿਕਾਸ ਦੇ ਵੱਡੇ-ਵੱਡੇ ਦਾਅਵਿਆਂ ਦਾ ਕੀ ਅਰਥ ਰਹਿ ਜਾਂਦਾ ਹੈ। ਉਨ੍ਹਾਂ ਨੇ ਹਲਕੇ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਵੀ ਵਿਧਾਇਕ ਨੂੰ ਘੇਰਦਿਆਂ ਕਿਹਾ ਕਿ ਧਰਮਕੋਟ ਵਿੱਚ ਅਪਰਾਧਿਕ ਘਟਨਾਵਾਂ, ਕਤਲ ਦੀਆਂ ਵਾਰਦਾਤਾਂ ਅਤੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਨਾਲ ਜੁੜੇ ਮਾਮਲੇ ਲਗਾਤਾਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਰਕਾਰ ਅਤੇ ਹਲਕੇ ਦੇ ਨੁਮਾਇੰਦੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਹੀ ਸਫ਼ਲ ਨਹੀਂ ਹੋ ਸਕੇ ਤਾਂ ਫਿਰ ਪੰਜ ਸਾਲਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਿਵੇਂ ਕੀਤਾ ਜਾਵੇ? ਉਨ੍ਹਾਂ ਕਿਹਾ ਕਿ ਵਿਧਾਇਕ ਨੂੰ ਸਿਰਫ਼ ਚੋਣਾਂ ਦੇ ਸਮੇਂ ਲੋਕਾਂ ਵਿੱਚ ਆਉਣ ਦੀ ਬਜਾਏ ਇਹ ਵੀ ਦੱਸਣਾ ਚਾਹੀਦਾ ਹੈ ਕਿ ਹਲਕੇ ਵਿੱਚ ਕਾਨੂੰਨ ਵਿਵਸਥਾ ਮਜ਼ਬੂਤ ਕਰਨ ਲਈ ਕੀ ਕਦਮ ਚੁੱਕੇ ਗਏ ਅਤੇ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਕੀ ਨਤੀਜੇ ਹਾਸਲ ਹੋਏ।

ਉਨ੍ਹਾਂ ਨੇ ਕਥਿਤ ਝੂਠੇ ਪੁਲੀਸ ਮੁਕੱਦਮਿਆਂ ਦੇ ਮਾਮਲੇ ਵੀ ਜਨਤਕ ਕਰਕੇ ਪੀੜਤ ਪਰਿਵਾਰਾਂ ਲਈ ਇਨਸਾਫ਼ ਦੀ ਮੰਗ ਕੀਤੀ। ਅਕਾਲੀ ਆਗੂ ਬਰਾੜ ਨੇ ਹਲਕੇ ਦੇ ਰੇਤ ਕਾਰੋਬਾਰ, ਮੰਡੀਆਂ ਅਤੇ ਹੋਰ ਵਪਾਰਕ ਗਤੀਵਿਧੀਆਂ ਨੂੰ ਲੈ ਕੇ ਵੀ ਕਈ ਸਵਾਲ ਖੜ੍ਹੇ ਕੀਤੇ। ਅਕਾਲੀ ਆਗੂ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਵਿਧਾਇਕ ਦੀ ਕਹਿਣੀ ਅਤੇ ਕਰਨੀ ਵਿੱਚ ਵੱਡਾ ਫ਼ਰਕ ਹੈ।

ਲਹਿਰਾਗਾਗਾ ਨੇੜੇ ਪਿੰਡ ਖੰਡੇਬਾਦ ਵਿਖੇ 27 ਏਕੜ ਤੋਂ ਵੱਧ ਸਰਕਾਰੀ ਜ਼ਮੀਨ 'ਤੇ ਬਣਾਈ ਜਾਵੇਗੀ ਨਵੀਂ ਅਨਾਜ ਮੰਡੀ: ਬਰਿੰਦਰ ਕੁਮਾਰ ਗੋਇਲ

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜਲ ਸਰੋਤ ਮੰਤਰੀ ਅਤੇ ਲਹਿਰਾਗਾਗਾ ਤੋਂ ਵਿਧਾਇਕ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਐਲਾਨ ਕੀਤਾ ਕਿ ਲਹਿਰਾਗਾਗਾ ਨੇੜਲੇ ਪਿੰਡ ਖੰਡੇਬਾਦ ਵਿਖੇ 217 ਕਨਾਲ 14 ਮਰਲੇ (27 ਏਕੜ ਤੋਂ ਵੱਧ) ਸਰਕਾਰੀ ਜ਼ਮੀਨ 'ਤੇ ਨਵੀਂ ਅਨਾਜ ਮੰਡੀ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪ੍ਰਸਤਾਵ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ 31 ਅਕਤੂਬਰ ਨੂੰ ਹੋਈ ਮੀਟਿੰਗ ਵਿੱਚ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਲਹਿਰਾਗਾਗਾ ਦੀ ਮੌਜੂਦਾ ਅਨਾਜ ਮੰਡੀ ਫ਼ਸਲਾਂ ਖਾਸ ਕਰਕੇ ਝੋਨੇ ਅਤੇ ਕਣਕ ਦੀ ਵਧਦੀ ਆਮਦ ਨੂੰ ਸੰਭਾਲਣ ਲਈ ਨਾਕਾਫ਼ੀ ਸਾਬਤ ਹੋ ਰਹੀ ਸੀ ਕਿਉਂਕਿ ਪਿਛਲੇ ਸਾਲਾਂ ਦੌਰਾਨ ਫ਼ਸਲਾਂ ਦੀ ਉਪਜ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਮੌਜੂਦਾ ਅਨਾਜ ਮੰਡੀ ਲਗਭਗ 45 ਸਾਲ ਪਹਿਲਾਂ ਕਰੀਬ 12 ਏਕੜ ਜ਼ਮੀਨ 'ਤੇ ਬਣਾਈ ਗਈ ਸੀ। ਇਸੇ ਜ਼ਮੀਨ ਵਿੱਚੋਂ ਬਾਅਦ ਵਿੱਚ ਕਾਟਨ ਯਾਰਡ ਵੀ ਬਣਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਫ਼ਸਲਾਂ ਦੀ ਆਮਦ ਲਗਾਤਾਰ ਵਧਣ ਕਾਰਨ ਮੰਡੀ ਵਿੱਚ ਖ਼ਰੀਦ ਅਤੇ ਵਪਾਰਕ ਗਤੀਵਿਧੀਆਂ ਲਈ ਉਪਲਬਧ ਥਾਂ ਨਾਕਾਫ਼ੀ ਹੋ ਗਈ ਸੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੌਜੂਦਾ ਅਨਾਜ ਮੰਡੀ ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿਤ ਹੋਣ ਕਾਰਨ ਖ਼ਰੀਦ ਸੀਜ਼ਨ ਦੌਰਾਨ ਆਵਾਜਾਈ ਦੀ ਗੰਭੀਰ ਸਮੱਸਿਆ ਪੈਦਾ ਹੁੰਦੀ ਸੀ ਜਿਸ ਕਰਕੇ ਕਿਸਾਨਾਂ, ਵਪਾਰੀਆਂ ਅਤੇ ਆੜ੍ਹਤੀਆਂ ਵੱਲੋਂ ਲੰਮੇ ਸਮੇਂ ਤੋਂ ਇਸ ਸਮੱਸਿਆ ਦੇ ਹੱਲ ਅਤੇ ਖੇਤੀਬਾੜੀ ਉਤਪਾਦਾਂ ਦੀ ਸੁਚਾਰੂ ਖ਼ਰੀਦ ਲਈ ਨਵੀਂ ਅਨਾਜ ਮੰਡੀ ਸਥਾਪਤ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

ਇਸ ਲੰਮੇ ਸਮੇਂ ਤੋਂ ਲਟਕਦੀ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਲਹਿਰਾਗਾਗਾ ਦੇ ਨਾਲ ਲੱਗਦੇ ਪਿੰਡ ਖੰਡੇਬਾਦ ਵਿਖੇ ਆਪਣੀ 217 ਕਨਾਲ 14 ਮਰਲੇ ਜ਼ਮੀਨ 'ਤੇ ਨਵੀਂ ਅਨਾਜ ਮੰਡੀ ਵਿਕਸਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪ੍ਰਸਤਾਵਿਤ ਅਨਾਜ ਮੰਡੀ ਤੱਕ ਪਹੁੰਚ ਲਈ ਰਸਤਾ ਪਿੰਡ ਲਹਿਲ ਖ਼ੁਰਦ ਦੀ ਜ਼ਮੀਨ ਰਾਹੀਂ ਬਣਾਇਆ ਜਾਵੇਗਾ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਨਵੀਂ ਅਨਾਜ ਮੰਡੀ ਸਥਾਪਤ ਹੋਣ ਨਾਲ ਕਿਸਾਨਾਂ, ਵਪਾਰੀਆਂ ਅਤੇ ਆੜ੍ਹਤੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਲਹਿਰਾਗਾਗਾ ਸ਼ਹਿਰ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਨਵੀਂ ਮੰਡੀ ਸਮੁੱਚੇ ਇਲਾਕੇ ਦੀਆਂ ਖੇਤੀਬਾੜੀ ਅਤੇ ਵਪਾਰਕ ਲੋੜਾਂ ਨੂੰ ਪੂਰਾ ਕਰਨ ਵਿੱਚ ਵੀ ਸਹਾਈ ਹੋਵੇਗੀ।

ਕੈਬਨਿਟ ਮੰਤਰੀ ਨੇ ਇਸ ਮਹੱਤਵਪੂਰਨ ਪ੍ਰਸਤਾਵ ਨੂੰ ਪ੍ਰਵਾਨਗੀ ਦੇਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਮੁੱਚੀ ਕੈਬਨਿਟ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਇਲਾਕੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਦੇ ਨਾਲ-ਨਾਲ ਖੇਤੀਬਾੜੀ ਉਤਪਾਦਾਂ ਦੀ ਮੰਡੀਕਰਨ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।

ਗੁਰਦੁਆਰਾ ਮਾਤਾ ਭਾਗੋ ਜੀ, ਜਨਵਾੜਾ

ਕੁਲਦੀਪ ਸਿੰਘ ਬੰਗੀ

ਮਾਤਾ ਭਾਗੋ ਜੀ ਨੂੰ ਟੁੱਟੀ ਗੰਢਣ ਦਾ ਵਰ ਪ੍ਰਾਪਤ ਹੈ। ਇਤਿਹਾਸ ਵਿਚ ਆਉਂਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿਚ ਜਦ ਕੁਝ ਸਿੱਖ ਭੁੱਖ ਅਤੇ ਲੜਾਈ ਤੋਂ ਤੰਗ ਆ ਕੇ ਆਪਣੀਆਂ ਜਾਨਾਂ ਨੂੰ ਪਿਆਰ ਕਰਦਿਆਂ 'ਨਾ ਤੂੰ ਸਾਡਾ ਗੁਰੂ, ਨਾ ਅਸੀਂ ਤੇਰੇ ਸਿੱਖ' ਕਹਿ ਕੇ ਦਸਮ ਪਿਤਾ ਨੂੰ ਅਨੰਦਪੁਰ ਵਿਖੇ ਬੇਦਾਵਾ ਲਿਖ ਕੇ ਆਪਣੇ ਘਰਾਂ ਨੂੰ ਪਰਤ ਆਏ ਸਨ ਤਾਂ ਇਹੀ ਮਾਤਾ ਭਾਗੋ ਸੀ, ਜਿਸ ਨੇ ਉਨ੍ਹਾਂ ਸਿੱਖਾਂ ਨੂੰ ਚੂੜੀਆਂ ਪਾ ਕੇ ਘਰੀਂ ਬਹਿਣ ਦਾ ਮਿਹਣਾ ਦੇ ਕੇ ਲਾਹਨਤ ਪਾਈ ਸੀ। ਮਾਤਾ ਜੀ ਦਾ ਤਰਕਮਈ ਬੋਲ ਸੁਣ ਕੇ ਬੇਦਾਵਈਏ, ਫਿਰ ਗੁਰੂ ਜੀ ਦੀ ਸੇਵਾ ਵਿਚ ਮੁਕਤਸਰ ਦੀ ਜੰਗ ਵਿਚ ਚਲੇ ਗਏ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਜੰਗ ਵਿਚ ਮਾਤਾ ਭਾਗੋ ਜੀ ਨੇ ਮਰਦਾਵਾਂ ਬਾਣਾ ਪਹਿਨ ਕੇ ਘੋੜੇ 'ਤੇ ਸਵਾਰ ਹੋ ਕੇ ਸਿੰਘਾਂ ਨਾਲ ਰਲ ਖ਼ੂਬ ਜੌਹਰ ਵਿਖਾਏ। ਮਾਤਾ ਜੀ ਦੀ ਇਸ ਵੀਰਤਾ ਦੀ ਖ਼ਬਰ ਸੁਣ ਕੇ ਗੁਰੂ ਜੀ ਅਤਿ ਪ੍ਰਸੰਨ ਹੋਏ ਅਤੇ ਅੰਮ੍ਰਿਤ ਛਕਾ ਕੇ ਭਾਗ ਕੌਰ ਨਾਮ ਦਿੱਤਾ।

ਗੁਰੂ ਜੀ ਦੇ ਦੱਖਣ ਆਗਮਨ 'ਤੇ ਮਾਤਾ ਜੀ ਵੀ ਗੁਰੂ ਜੀ ਦੇ ਨਾਲ ਹੀ ਨਾਂਦੇੜ ਦੀ ਪਾਵਨ ਧਰਤੀ 'ਤੇ ਪੁੱਜ ਗਏ। ਦਸਮ ਪਿਤਾ ਜੀ ਦੇ ਸੱਚਖੰਡ ਗਮਨ ਉਪਰੰਤ ਮਾਤਾ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਬਿਦਰ (ਕਰਨਾਟਕ) ਦੇ ਨਜ਼ਦੀਕ ਹੀ ਪੈਂਦੇ ਪਿੰਡ ਜਨਵਾੜਾ ਵਿਖੇ ਡੇਰਾ ਲਗਾਇਆ। ਕੁਝ ਸਮਾਂ ਇਸ ਜਨਵਾੜੇ ਦੀ ਗੜ੍ਹੀ ਵਿਚ ਮਾਈ ਭਾਗੋ ਜੀ ਨੇ ਸਿੱਖੀ ਦਾ ਪ੍ਰਚਾਰ ਕੀਤਾ। ਮਾਤਾ ਭਾਗੋ ਜੀ ਦੀਆਂ ਸਿੱਖੀ ਪ੍ਰਤੀ ਕੀਤੀਆਂ ਕੋਸ਼ਿਸ਼ਾਂ ਸਦਕਾ ਨਤੀਜਾ ਇਹ ਹੋਇਆ ਕਿ ਦਸਮ ਪਿਤਾ ਨੇ ਬਖਸ਼ਿਸ਼ਾਂ ਦੇ, ਘਰ ਆ ਕੇ ਬੇਦਾਵਾ ਪਾੜ ਦਿੱਤਾ। ਉਹ ਸਿੱਖ ਚਾਲੀ ਮੁਕਤੇ ਅਖਵਾਏ। ਮਾਈ ਭਾਗੋ ਜੀ ਸਿੱਖੀ ਪ੍ਰਚਾਰ ਕਰਦੇ ਕਰਦੇ ਜਨਵਾੜੇ ਦੀ ਧਰਤੀ ਉੱਤੇ ਰੁਸਤਮ ਰਾਉ ਬਾਲਾ ਰਾਉ ਦੇ ਗ੍ਰਹਿ ਵਿਖੇ ਗੁਰਪੁਰੀ ਸਿਧਾਰ ਗਏ ਸਨ, ਜਿੱਥੇ ਅੱਜ ਗੁਰਦੁਆਰਾ ਮਾਈ ਭਾਗੋ ਜੀ ਦੇ ਨਾਂ ਨਾਲ ਸੁਸ਼ੋਭਿਤ ਹੈ। ਲੱਖਾਂ ਹੀ ਸ਼ਰਧਾਲੂ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋ ਆਪਣੇ ਧੰਨ ਭਾਗ ਸਮਝਦੇ ਹਨ।

ਮੋਬਾਈਲ 94174-07778



ਸੰਤ ਕਾ ਸੰਗੁ ਵਡਭਾਗੀ ਪਾਈਐ



ਗੁਰਬਾਣੀ ਵਿਚ ਸੰਤ ਸਾਧ ਅਤੇ ਬ੍ਰਹਮ ਗਿਆਨੀ ਆਦਿ ਵਰਤੇ ਗਏ ਸ਼ਬਦ ਬਹੁਤ ਮਹੱਤਵਪੂਰਨ ਤੇ ਸਤਿਕਾਰਤ ਹਨ। ਇਨ੍ਹਾਂ ਸ਼ਬਦਾਂ ਨਾਲ ਸੰਬੋਧਿਤ ਵਿਅਕਤੀ ਸਮਾਜ ਵਿਚ ਪੂਜਣ ਯੋਗ ਹੋ ਜਾਂਦਾ ਹੈ। ਲੋਕਾਂ ਦਾ ਉਸ ਵਿਅਕਤੀ ਪ੍ਰਤੀ ਪਿਆਰ ਸ਼ਰਧਾ ਤੇ ਸਤਿਕਾਰ ਵਧ ਜਾਂਦਾ ਹੈ। ਗੁਰਬਾਣੀ ਮਨ ਅਤੇ ਆਤਮਾ ਨਾਲ ਸਬੰਧਤ ਹੈ। ਸਿੱਧੇ ਤੌਰ 'ਤੇ ਗੁਰਬਾਣੀ ਦਾ ਸਰੀਰ ਨਾਲ ਸਬੰਧ ਨਹੀਂ ਹੈ। ਇਸੇ ਲਈ ਗੁਰਬਾਣੀ ਨੂੰ ਆਤਮਾ ਦੀ ਖ਼ੁਰਾਕ ਕਿਹਾ ਗਿਆ ਹੈ। ਨਾਲ ਹੀ ਗੁਰਬਾਣੀ ਸਰਬਵਿਆਪੀ ਹੈ। ਕਿਸੇ ਖ਼ਾਸ ਧਰਮ, ਦੇਸ਼ ਜਾਂ ਇਲਾਕੇ ਦੇ ਲੋਕਾਂ 'ਤੇ ਲਾਗੂ ਨਹੀਂ ਹੈ ਸਗੋਂ ਵਿਸ਼ਵ ਦੇ ਹਰ ਵਿਅਕਤੀ 'ਤੇ ਲਾਗੂ ਹੈ। ਗੁਰਬਾਣੀ ਇਕ ਸਚਾਈ ਹੈ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਵਿਚ ਘਾਟ ਜਾਂ ਬਾਧ ਕੀਤੀ ਜਾ ਸਕਦੀ ਹੈ।

ਗੁਰਬਾਣੀ ਨੂੰ ਵਿਚਾਰਨ ਦੀ ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿਸ ਵੀ ਤੁੱਕ ਦਾ ਅਰਥ ਜੋ ਕੱਢ ਰਹੇ ਹਾਂ ਕੀ ਉਹ ਗੁਰਬਾਣੀ ਨੂੰ ਵਿਸ਼ਵ ਵਿਆਪੀ ਸਾਬਤ ਕਰਦਾ ਹੈ। ਗੁਰਬਾਣੀ ਦੀ ਇਕਸਾਰਤਾ ਵਿਚ ਤਾਂ ਕੋਈ ਫ਼ਰਕ ਨਹੀਂ ਪਾ ਰਿਹਾ। ਇਸਦੇ ਅਰਥ ਕੱਲ੍ਹ ਵੀ ਸੱਚ ਸਨ ਅੱਜ ਵੀ ਤੇ ਕੱਲ੍ਹ ਨੂੰ ਵੀ ਸੱਚ ਹੀ ਰਹਿਣਗੇ। ਹੁਣ ਅਸੀਂ ਉਪਰੋਕਤ ਸ਼ਬਦਾਂ ਸੰਤ, ਸਾਧੂ ਤੇ ਬ੍ਰਹਮ ਗਿਆਨੀ ਨੂੰ ਵਿਚਾਰਾਂਗੇ। ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਜੋ ਅਰਥ ਅਸੀਂ ਲੈ ਰਹੇ ਹਾਂ ਉਹ ਗੁਰਬਾਣੀ ਦੇ ਆਸੇ 'ਤੇ ਪੂਰੇ ਉਤਰਦੇ ਹਨ। ਜੇ ਨਹੀਂ ਤਾਂ ਸਾਨੂੰ ਮੰਨਣਾ ਪਵੇਗਾ ਕਿ ਸਾਡੇ ਅਰਥ ਠੀਕ ਨਹੀਂ ਹਨ।

ਗੁਰਬਾਣੀ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਕੀਤੀ ਗਈ ਹੈ ਜਿਸ ਤਰ੍ਹਾਂ ਸਮਝਿਆ ਜਾਂਦਾ ਹੈ। ਇਹ ਸ਼ਬਦ ਤਾਂ ਸੱਚੇ ਸੁੱਚੇ ਗੁਣਾਂ ਨਾਲ ਭਰਪੂਰ ਕਿਰਦਾਰ ਲਈ ਵਰਤੇ ਗਏ ਹਨ। ਇਸ ਤਰ੍ਹਾਂ ਦਾ ਕਿਰਦਾਰ ਸਾਨੂੰ ਅਪਣੇ ਅੰਦਰ ਪੈਦਾ ਕਰਨ ਲਈ ਗੁਰੂ ਜੀ ਕਹਿ ਰਹੇ ਹਨ। ਇਨ੍ਹਾਂ ਗੁਣਾਂ ਦੇ ਧਾਰਨੀ ਹੋਣ ਲਈ ਕਿਹਾ ਗਿਆ ਹੈ। ਅਸੀਂ ਆਪ ਹਰਿ ਇਕ ਨੇ ਸੰਤ ਸਾਧੂ ਜਾਂ ਬ੍ਰਹਮ ਗਿਆਨੀ ਬਣਨਾ ਹੈ। ਸਾਨੂੰ ਪਤਾ ਨਹੀਂ ਲੱਗ ਸਕਦਾ ਕਿ ਦੂਜਾ ਵਿਅਕਤੀ ਕੀ ਸੋਚ ਰੱਖਦਾ ਹੈ। ਅਸੀਂ ਉਸ ਦੀ ਦਿੱਖ ਅਤੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ ਤੇ ਨਾਲ ਹੀ ਮੱਥੇ ਟੇਕਣੇ ਸ਼ੁਰੂ ਕਰ ਦਿੰਦੇ ਹਾਂ। ਜੋ ਮਰੇਗਾ ਉਸ ਨੂੰ ਹੀ ਸਵਰਗ ਜਾਣ ਦਾ ਮੌਕਾ ਮਿਲ ਸਕਦਾ ਹੈ ਅਨੁਸਾਰ ਆਪ ਗੁਣਾਂ ਦਾ ਧਾਰਨੀ ਬਣਨਾ ਹੋਵੇਗਾ ਤਾਂ ਉਹ ਗੁਣਾਂ ਦੀ ਸ਼ਾਂਤੀ ਅਤੇ ਸੁੱਖ ਮਾਣ ਸਕੇਗਾ।

ਰੱਬੀ ਗੁਣਾਂ ਵਿਚ ਕਦੇ ਬਦਲਾਅ ਨਹੀਂ ਆਉਂਦਾ। ਇਹ ਆਦਿ ਕਾਲ ਤੋਂ ਸੱਚ ਚਲੇ ਆ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਸੱਚ ਹੀ ਰਹਿਣਗੇ। ਗੁਣਾਂ ਨੇ ਕਦੇ ਔਗੁਣਾਂ ਵਿਚ ਤਬਦੀਲ ਨਹੀਂ ਹੋਣਾ। ਪ੍ਰੰਤੂ ਵਿਅਕਤੀ ਵਿਚ ਅੱਜ ਨਹੀਂ ਕੱਲ੍ਹ ਗਿਰਾਵਟ ਦੇਖਣ ਨੂੰ ਮਿਲ ਜਾਂਦੀ ਹੈ। ਜੇ ਵਿਅਕਤੀ ਰੂਪ ਸੰਤ ਮਨ ਵੀ ਲਿਆ ਜਾਵੇ ਤਾਂ ਉਸ ਦਾ ਫ਼ਾਇਦਾ ਉਸ ਨੂੰ ਹੀ ਹੋਵੇਗਾ ਦੂਜੇ ਨੂੰ ਨਹੀਂ। ਸੋ ਹਰ ਇਕ ਨੂੰ ਆਪ ਗੁਣਾਂ ਰੂਪੀ ਸੰਤ ਬਣਨਾ ਹੈ ਤਾਂ ਹੀ ਸ਼ਾਂਤੀ ਅਤੇ ਆਤਮਿਕ ਸੁੱਖ ਦੀ ਆਸ ਕੀਤੀ ਜਾ ਸਕਦੀ ਹੈ। ਸੰਤ ਕਾ ਸੰਗੁ ਵਡਭਾਗੀ ਪਾਈਐ ਤੋਂ ਭਾਵ ਵਿਅਕਤੀ ਰੂਪੀ ਸੰਤ ਦਾ ਸੰਗ ਨਹੀਂ ਹੈ ਸਗੋਂ ਇਹ ਤਾਂ ਰੱਬੀ ਗੁਣਾਂ ਦੇ ਸੰਗ ਲਈ ਕਿਹਾ ਗਿਆ ਹੈ। ਭਾਵ ਗੁਣਾਂ ਨੂੰ ਧਾਰਨਾ ਹੈ। ਗੁਣਾਂ ਉੱਪਰ ਚੱਲਣਾ ਹੈ। ਦਿੱਖ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਪਹਿਲਾਂ ਵੀ ਚਲਦਾ ਆ ਰਿਹਾ ਹੈ। ਪ੍ਰੰਤੂ ਹੁਣੇ-ਹੁਣੇ ਸੰਤਾਂ ਦੀ ਜੀਵਨ ਸ਼ੈਲੀ ਨੇੜੇ ਤੋਂ ਵੇਖ ਲਈ ਹੈ। ਇਹੋ ਜਿਹੀਆਂ ਘਟੀਆਂ ਹਰਕਤਾਂ ਕਰਨ ਵਾਲੇ ਨੂੰ ਅਸੀਂ ਅੱਖਾਂ ਮੀਟ ਕੇ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ। ਅਸੀਂ ਵਿਅਕਤੀ ਦੀ ਦਿੱਖ ਅਤੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਰੱਬ ਦਾ ਰੂਪ ਸਮਝਣ ਲੱਗ ਪੈਂਦੇ ਹਾਂ। ਅਸਲੀਅਤ ਛੁਪੀ ਹੀ ਰਹਿ ਜਾਂਦੀ ਹੈ। ਲੋੜ ਹੈ ਰੱਬੀ ਗੁਣਾਂ ਨੂੰ ਸਮਝਣ ਦੀ, ਉਨ੍ਹਾਂ ਨੂੰ ਜੀਵਨ ਵਿਚ ਢਾਲਣ ਦੀ, ਨਾ ਕਿ ਅੱਖਾਂ ਮੀਟ ਕੇ ਕਿਸੇ ਦੇ ਮਗਰ ਲੱਗਣ ਦੀ।

ਸੋ ਸੰਤ ਸਾਧੂ ਜਾਂ ਬ੍ਰਹਮ ਗਿਆਨੀ ਸ਼ਬਦ ਜੋ ਗੁਰਬਾਣੀ ਵਿਚ ਵਰਤੇ ਗਏ ਹਨ ਉਹ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਹਨ ਸਗੋਂ ਇਹ ਤਾਂ ਰੱਬੀ ਗੁਣਾਂ ਨਾਲ ਭਰਪੂਰ "ਕਿਰਦਾਰ" ਲਈ ਵਰਤੇ ਗਏ ਹਨ।

ਸੰਤ ਕਾ ਸੰਗੁ ਵਡਭਾਗੀ ਪਾਈਐ
ਸੰਤ ਕੀ ਸੇਵਾ ਨਾਮ ਧਿਆਈਐ।

ਰੱਬੀ ਗੁਣਾਂ ਦਾ ਸੰਗ ਭਾਵ ਗੁਣਾਂ ਨੂੰ ਅਪਨਾਉਣ ਲਈ ਕਿਹਾ ਗਿਆ ਹੈ। ਜਦੋਂ ਗੁਣਾਂ ਦੇ ਧਾਰਨੀ ਹੋ ਜਾਵਾਂਗੇ ਤਾਂ ਅਸੀਂ ਆਪ ਹੀ ਵੱਡੇ ਭਾਗਾਂ ਵਾਲੇ ਹੋ ਜਾਵਾਂਗੇ। ਜਿਹੜਾ ਵਕਤ ਅਸੀਂ ਰੱਬੀ ਗੁਣਾਂ ਨਾਲ ਜਿਊਵਾਂਗੇ ਉਹ ਸਾਡਾ ਨਾਮ ਸਿਮਰਨ ਵੀ ਹੋਵੇਗਾ। ਉਸ ਵੇਲੇ ਅਸੀਂ ਵੱਖਰੀ ਖ਼ੁਸ਼ੀ ਅਤੇ ਅਨੰਦ ਮਾਣ ਰਹੇ ਹੋਵਾਂਗੇ।

• ਸੁਖਦੇਵ ਸਿੰਘ , 94171 91916

ਸਰਬ ਦਾਤਾ ਸਰਬ ਗਯਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਨਿਰਲਾ ਮੀਰੀ ਤੇ ਪੀਰੀ ਨੂੰ ਸਿੱਖਾਂ ਦਾ ਸੁਭਾਅ ਬਣਾ ਦੇਣ ਦਾ ਸੀ। ਇਸ ਲਈ ਪਹਿਲਾਂ ਸਿੱਖਾਂ 'ਚ ਵੀਰਤਾ ਦਾ ਭਾਵ ਭਰਿਆ ਗਿਆ। ਫ਼ੌਜ ਤਿਆਰ ਹੋਈ। ਫਿਰ ਖ਼ਾਲਸਾ ਪੰਥ ਦੀ ਸਾਜਨਾ ਦਾ ਮਹਾਨ ਅਤੇ ਇਤਿਹਾਸਕ ਕਾਰਜ ਸੰਪੰਨ ਹੋਇਆ। ਖ਼ਾਲਸਾ ਦਾ ਅਰਥ ਆਮ ਲੋਕਾਂ ਨੂੰ ਅਧਿਆਤਮਿਕ, ਸਾਮਾਜਿਕ ਅਤੇ ਰਾਜਸੀ ਪਾਤਿਸ਼ਾਹੀ ਪ੍ਰਦਾਨ ਕਰਨਾ ਸੀ...



ਡਾ. ਸਤਿੰਦਰ ਪਾਲ ਸਿੰਘ
9415960533

ਬਾਦਸ਼ਾਹ ਦਰਵੇਸ਼, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਮਨ ਨੂੰ ਰੂਹਾਨੀ ਪ੍ਰਕਾਸ਼ ਨਾਲ ਰੋਸ਼ਨ ਕਰ ਦੇਣ ਵਾਲਾ, ਆਤਮਿਕ ਤ੍ਰਿਪਤੀ ਪ੍ਰਦਾਨ ਕਰਨ ਵਾਲਾ, ਜੀਵਨ ਪ੍ਰਤੀ ਦ੍ਰਿਸ਼ਟੀ ਬਦਲ ਦੇਣ ਵਾਲਾ, ਅਗਾਂਹ ਵੱਧ ਕੇ ਮਨੁੱਖਤਾ ਤੇ ਆਪਾ ਵਾਰ ਦੇਣ ਲਈ ਪ੍ਰੇਰਨ ਵਾਲਾ ਤੇ ਪਰਮੇਸ਼ਵਰ ਦੀ ਸਰਬ ਵਿਆਪਕਤਾ ਨਾਲ ਇਕਸਾਰ ਕਰਨ ਵਾਲਾ ਹੈ ਇਕ ਵਾਰ ਗੁਰੂ ਸਾਹਿਬ ਦਾ ਨਾਮ ਲੈਣਾ ਹੀ ਜੀਵਨ ਧੰਨ-ਧੰਨ ਕਰ ਦਿੰਦਾ ਹੈ। ਸੰਸਾਰ ਅੰਦਰ ਪਰਮਾਤਮਾ ਦੀ ਸੱਤਾ ਉਸ ਦੇ ਕਲਿਆਣਕਾਰੀ ਵਰਤਾਰੇ ਰਾਹੀਂ ਲੋਕਾਂ ਦੇ ਮਨਾਂ 'ਤੇ ਚੱਲਦੀ ਆਈ ਹੈ। ਉਸ ਦੀ ਬੇਅੰਤ ਸ਼ਕਤੀ 'ਚ ਮਨੁੱਖ ਨੇ ਸਦਾ ਆਪਣੇ ਹਿਤ ਵੇਖੇ ਹਨ ਅਤੇ ਸੁਰੱਖਿਆ ਮਹਿਸੂਸ ਕੀਤੀ ਹੈ।

ਅਧਿਆਤਮਿਕ ਜਗਤ ਦਾ ਆਧਾਰ ਹੀ ਪਰਮਾਤਮਾ ਦੇ ਗੁਣ ਬਣੇ ਮਨੁੱਖ ਦੀ ਆਦਿ ਕਾਲ ਤੋਂ ਰਚੀ ਗਈ ਇਹ ਕਲਪਨਾ ਸਤਾਰਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਦੇ ਰੂਪ ਵਿਚ ਸਾਕਾਰ ਹੋਈ ਅਤੇ ਸੰਸਾਰ ਨੂੰ ਪਹਿਲੀ ਵਾਰ ਇਨ੍ਹਾਂ ਸਾਰੇ ਗੁਣਾਂ ਦੇ ਪ੍ਰਤੱਖ ਦਰਸ਼ਨ ਇਕੋ ਨਾਲ ਹੋਏ। ਧਾਰਮਿਕ ਕੱਟੜਤਾ ਨੂੰ ਢਾਹ ਲਾਉਣ ਅਤੇ ਭਾਰਤ ਦੀਆਂ ਧਾਰਮਿਕ, ਸਮਾਜਿਕ ਕੀਮਤਾਂ ਨੂੰ ਬਚਾਉਣ ਲਈ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਹੋਈ ਸ਼ਹਾਦਤ ਤੋਂ ਬਾਅਦ ਨੌਂ ਸਾਲ ਦੀ ਉਮਰ ਵਿਚ ਗੁਰਗੱਦੀ ਦੇ ਯੋਗ ਹੋਣਾ ਕੋਈ ਸੰਜੋਗ ਨਹੀਂ ਪਰਮਾਤਮਾ ਦਾ ਨਿਰਣਾ ਸੀ। ਆਪਣੇ ਆਪ ਨੂੰ ਪੂਰਨ ਤੌਰ 'ਤੇ ਪ੍ਰਕਟ ਕਰਨ ਦਾ ਗੁਰੂ ਨਾਨਕ ਸਾਹਿਬ ਦਾ ਕਾਲ ਪਰਮਾਤਮਾ ਦਾ ਉਦੈ ਕਾਲ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰਗੱਦੀ 'ਤੇ ਵਿਰਾਜਮਾਨ ਹੋਣਾ ਦੁਪਹਿਰ ਹੋਣਾ ਸੀ। ਜਦੋਂ ਸੂਰਜ ਆਪਣੇ ਪੂਰੇ ਗੋਲ ਆਕਾਰ ਵਿਚ, ਭਰਪੂਰ ਰੋਸ਼ਨੀ ਨਾਲ ਆਕਾਸ਼ ਵਿੱਚੋਂ ਚਮਕਣ ਲੱਗ ਪੈਂਦਾ ਹੈ ਜਿਸ ਦੀ ਝਲਕ ਸਹਾਰੀ ਨਹੀਂ ਜਾਂਦੀ। ਅੱਠ ਨੌਂ ਸਾਲ ਦੀ ਉਮਰ ਵਿਚ ਪਿਤਾ ਨੂੰ ਬਲੀਦਾਨ ਲਈ ਪ੍ਰੇਰਿਤ ਕਰਨ ਨਾਲ ਹੀ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ" ਦੇ ਆਸ਼ਾਵਾਦ ਨਾਲ ਲਬਰੇਜ ਵਚਨ ਕਹਿ ਕੇ ਆਪਣੀ ਅੰਤਰ ਚੇਤਨਾ ਪ੍ਰਕਟ ਕਰਦਿਆਂ ਭਵਿੱਖ ਬਾਰੇ ਨਿਸ਼ਚਿੰਤ ਕਰਨਾ ਇਕ ਲਾਸਾਨੀ ਘਟਨਾ ਸੀ। ਸੰਸਾਰ ਦੇ ਇਤਿਹਾਸ ਵਿਚ ਇਹੋ ਜਿਹੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਹ ਗੁਰੂ ਗੋਬਿੰਦ ਸਿੰਘ ਜੀ ਦੇ "ਧਰਮ ਚਲਾਵਨ ਸੰਤ ਉਬਾਰਨ, ਦੁਸਟ ਸਭਨ ਕੋ ਮੂਲ ਉਪਾਰਨ" ਦ੍ਰਿੜ੍ਹ ਨਿਸ਼ਚੈ ਦੀ ਮਹਾਨ ਆਰੰਭਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਤੋਂ ਬਾਅਦ ਉਤਪੰਨ ਹੋਏ ਹਾਲਾਤ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਧੀਰਜ ਅਤੇ ਸੂਝ ਨਾਲ ਸਾਹਮਣਾ ਕੀਤਾ ਅਤੇ ਜਿਸ ਤਰ੍ਹਾਂ ਕਦਮ ਦਰ ਕਦਮ ਆਪਣੇ ਨਿਸ਼ਚੈ ਨੂੰ ਕਾਰਜ ਰੂਪ ਵਿਚ ਬਦਲਿਆ ਉਹ ਤੀਬਰ ਤੋਂ ਤੀਬਰ ਮਨੁੱਖੀ ਬੁਧੀ ਨੂੰ ਹੈਰਾਨ ਕਰ ਦੇਣ ਵਾਲਾ ਸਾਬਿਤ ਹੋਇਆ।

ਅਕਾਲ ਪੁਰਖ ਦੀ ਆਗਿਆ ਅਨੁਸਾਰ ਜਿਸ ਧਰਮ ਰਾਜ ਦੀ ਸਥਾਪਨਾ ਲਈ ਗੁਰੂ ਗੋਬਿੰਦ ਸਿੰਘ ਜੀ ਸੰਸਾਰ 'ਚ ਪ੍ਰਕਟ ਹੋਏ ਉਸ ਦਾ ਪਹਿਲਾ ਥੰਮ ਬਣਿਆ ਗਿਆਨ। ਗੁਰੂ ਸਾਹਿਬ ਨੇ ਵੱਡੇ ਪੱਧਰ 'ਤੇ ਸਮਾਜ ਨੂੰ ਜਾਗ੍ਰਤ ਕਰਨ ਲਈ ਭਰਮ, ਦੁਵਿਧਾ, ਸ਼ੰਕਾ ਅਤੇ ਅਗਿਆਨਤਾ ਦੀ ਨਿਵ੍ਰਿਤੀ ਦਾ ਉਦੇਸ਼ ਅੱਗੇ ਰੱਖਿਆ। ਦੂਰ-ਦੂਰ ਤੋਂ ਵਿਦਵਾਨ, ਕਵੀ, ਗਿਆਨੀ ਸੱਦ ਕੇ ਆਪਣੇ ਦਰਬਾਰ 'ਚ ਆਦਰ ਪੂਰਨ ਸਥਾਨ ਦੇਣਾ ਅਤੇ ਉਨ੍ਹਾਂ ਨੂੰ ਸ਼੍ਰੇਸ਼ਠ ਸਾਹਿਤ ਰਚਨ ਲਈ ਪ੍ਰੇਰਿਤ ਕਰਨਾ ਇਕ ਅਤਿ ਮਹੱਤਵਪੂਰਨ ਕਦਮ ਸੀ ਜਿਸ ਨੇ ਆਮ ਲੋਕਾਂ ਨੂੰ ਬੌਧਿਕ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਾਉਣ 'ਚ ਵੱਡੀ ਭੂਮਿਕਾ ਅਦਾ ਕੀਤੀ। ਗੁਰੂ ਸਾਹਿਬ ਨੇ ਚੋਣਵੇਂ ਸਿੱਖਾਂ ਨੂੰ ਸੰਸਕ੍ਰਿਤ ਭਾਸ਼ਾ ਦਾ ਗਿਆਨ ਹਾਸਿਲ ਕਰਨ ਅਤੇ ਧਰਮ, ਅਧਿਆਤਮ ਦੇ ਗੂੜ੍ਹ ਤੱਤ ਜਾਣਨ ਲਈ ਬਨਾਰਸ ਭੇਜਿਆ ਜੋ ਗਿਆਨ ਦਾ ਮੁੱਖ ਕੇਂਦਰ ਮੰਨਿਆ ਜਾਂਦਾ ਸੀ। ਕਈ ਇਤਿਹਾਸਕ ਗ੍ਰੰਥਾਂ ਦੇ ਅਨੁਵਾਦ ਪੰਜਾਬੀ ਭਾਸ਼ਾ ਵਿਚ ਕੀਤੇ ਗਏ। ਇਸ ਨਾਲ ਗਿਆਨ ਤੇ ਇਕ ਖ਼ਾਸ ਵਰਗ ਦੀ ਪਾਈ ਗਈ ਆਪ ਹੁਦਰੀ ਮਲਕੀਅਤ ਨੂੰ ਗਹਿਰਾ ਧੱਕਾ ਲਗਿਆ ਅਤੇ ਆਮ ਲੋਕਾਂ ਦੇ ਮਨ ਵਿਸ਼ਵਾਸ ਨਾਲ ਭਰਪੂਰ ਹੋ ਗਏ। ਧਰਮ ਜੋ ਉੱਚ ਸ਼੍ਰੇਣੀ ਦੀ ਚਰਚਾ ਦਾ ਵਿਸ਼ੇਸ਼ਾਧਿਕਾਰ ਸੀ ਆਮ ਲੋਕਾਂ ਦੇ ਖੁੱਲ੍ਹੇ ਚਿੰਤਨ ਦਾ ਵਿਸ਼ਾ ਬਣ ਗਿਆ। ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸੰਗਤ ਨਾਲ ਅਧਿਆਤਮਿਕ ਚਿੰਤਨ ਦੀ ਪਰੰਪਰਾ ਪੈ ਚੁਕੀ ਸੀ। ਗੁਰੂ ਸਾਹਿਬਾਨ ਨੇ ਕਦੇ ਵੀ ਉਪਦੇਸ਼ ਦੀ ਪ੍ਰੰਪਰਾਗਤ ਸ਼ੈਲੀ ਨਹੀਂ ਸੀ ਅਪਨਾਈ। ਗੁਰੂ ਗਿਆਨ ਦੇ ਸਿਧਾਂਤ ਸਮੂਹਿਕ ਚਰਚਾ ਦੌਰਾਨ, ਗੁਰੂ ਸਾਹਿਬਾਨ ਦੇ ਆਚਾਰ ਜਾਂ ਹਰਿ ਜਸ ਗਾਇਨ ਰਾਹੀਂ ਪ੍ਰਕਟ ਹੋਇਆ ਕਰਦੇ ਸਨ। ਭਾਈ ਗੁਰਦਾਸ ਜੀ ਅਤੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਜਿਹੇ ਵਿਦਵਾਨ ਇਸ ਪ੍ਰਕ੍ਰਿਆ ਦੇ ਹੀ ਸੁਫਲ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਿਰਿਆ ਨੂੰ ਇਕ ਵਿਆਪਕ ਫਲਕ ਪ੍ਰਦਾਨ ਕੀਤਾ ਜੋ ਸਮਕਾਲੀ ਪ੍ਰਸਥਿਤੀਆਂ ਦਾ ਪਰਿਣਾਮ ਅਤੇ ਸਮੇਂ ਦੀ ਲੋੜ ਮੁਤਾਬਿਕ ਸੀ। ਗੁਰੂ ਸਾਹਿਬ ਨੇ ਆਪ ਸਿੱਖਾਂ ਦੇ ਆਤਮਿਕ ਵਿਕਾਸ 'ਚ ਸਹਾਇਕ ਸ੍ਰੇਸ਼ਠ ਬਾਣੀ ਰਚੀ ਜੋ ਅੰਮ੍ਰਿਤਮਈ ਅਤੇ ਜੀਵਨਦਾਈ ਸਿੱਧ ਹੋਈ। ਗਿਆਨ ਦੇ ਇਸ ਮਾਰਗ ਨੇ ਸਿੱਖਾਂ ਅੰਦਰ ਆਤਮ ਵਿਸ਼ਵਾਸ ਪੈਦਾ ਕਰਨ ਅਤੇ ਮਨੋਵਿਰਤੀ ਨੂੰ ਬਦਲਣ ਦਾ ਕੰਮ ਕੀਤਾ। ਇਸ ਬਿਨਾਂ ਵਿਆਪਕ ਸਮਾਜਿਕ ਚੇਤਨਾ ਸੰਭਵ ਨਹੀਂ ਸੀ।



ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

ਗੁਰੂ ਸਾਹਿਬ ਦਾ ਅਗਲਾ ਕਦਮ ਸਿੱਖਾਂ ਨੂੰ ਹਾਲਾਤ ਅਤੇ ਅਨਿਆਂ ਦਾ ਮੁਕਾਬਲਾ ਕਰਨ ਯੋਗ ਬਣਾਉਣਾ ਸੀ। ਜ਼ੋਰ, ਜਬਰ ਨੂੰ ਸਿਧਾਂਤਾਂ ਨਾਲ ਨਹੀਂ ਸਿਧਾਂਤਕ ਵੀਰਤਾ ਨਾਲ ਹੀ ਪਰਾਜਿਤ ਕੀਤਾ ਜਾ ਸਕਦਾ ਸੀ। ਗੁਰੂ ਹਰਿਗੋਬਿੰਦ ਜੀ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਧਾਰਨ ਕਰ-ਕਰ ਪੰਥ ਨੂੰ ਪਹਿਲਾਂ ਹੀ ਇਸ ਦਿਸ਼ਾ ਵੱਲ ਅਗਾਂਹ ਵਧਾ ਚੁੱਕੇ ਸਨ।

ਗੁਰੂ ਗੋਬਿੰਦ ਸਿੰਘ ਜੀ ਦਾ ਨਿਰਣਾ ਮੀਰੀ ਤੇ ਪੀਰੀ ਨੂੰ ਸਿੱਖਾਂ ਦਾ ਸੁਭਾਅ ਬਣਾ ਦੇਣ ਦਾ ਸੀ। ਇਸ ਲਈ ਪਹਿਲਾਂ ਸਿੱਖਾਂ 'ਚ ਵੀਰਤਾ ਦਾ ਭਾਵ ਭਰਿਆ ਗਿਆ। ਫੌਜ ਤਿਆਰ ਹੋਈ। ਫਿਰ ਖ਼ਾਲਸਾ ਪੰਥ ਦੀ ਸਾਜਨਾ ਦਾ ਮਹਾਨ ਅਤੇ ਇਤਿਹਾਸਕ ਕਾਰਜ ਸੰਪੰਨ ਹੋਇਆ। ਖ਼ਾਲਸਾ ਦਾ ਅਰਥ ਆਮ ਲੋਕਾਂ ਨੂੰ ਅਧਿਆਤਮਿਕ, ਸਾਮਾਜਿਕ ਅਤੇ ਰਾਜਸੀ ਪਾਤਿਸ਼ਾਹੀ ਪ੍ਰਦਾਨ ਕਰਨਾ ਸੀ। ਗੁਰੂ ਸਾਹਿਬ ਨੇ ਆਪਣੀ ਸ਼ਕਤੀ ਵੀ ਪੰਜ ਪਿਆਰਿਆਂ ਰਾਹੀਂ ਪੰਥ ਵਿਚ ਨਿਹਿਤ ਕਰ ਦਿੱਤੀ। ਪੰਜ ਕਕਾਰ ਬਖ਼ਸ਼ ਕੇ ਗੁਰੂ ਸਾਹਿਬ ਨੇ ਵਿਅਕਤੀਗਤ ਅਤੇ ਪੰਥਕ ਅਨੁਸ਼ਾਸਨ ਦਾ ਸੁਮੇਲ ਕੀਤਾ ਜੋ ਸਦਾ ਲਈ ਮਰਿਆਦਾ ਕਾਇਮ ਰੱਖਣ ਦਾ ਸਖ਼ਤ ਸੁਨੇਹਾ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮਰਿਆਦਾ ਦੀ ਉਲੰਘਣਾ ਪਰਮੇਸ਼ਵਰ ਤੋਂ ਦੂਰ ਕਰਨ ਵਾਲੀ ਹੈ "ਜੇ ਜੇ ਬਾਦਿ ਕਰਤ ਹੰਕਾਰਾ ਤਿਨ ਤੇ ਭਿੰਨ ਰਹਤ ਕਰਤਾਰਾ"। ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪਰਮੇਸ਼ਵਰ ਵਿਚ ਰਮਿਆ ਹੋਇਆ ਜੋਧਾ ਸੀ ਜੋ ਦੁਸ਼ਟ ਦਮਨ ਅਕਾਲਪੁਰਖ ਦਾ ਪ੍ਰਤਾਪ ਪ੍ਰਕਟ ਕਰਨ ਲਈ ਕਰ ਰਿਹਾ ਸੀ। ਜਿਸ ਦੀ ਤੇਗ ਰੂਹਾਨੀਅਤ ਦੀ ਰੋਸ਼ਨੀ 'ਚ ਲਿਸ਼ਕ ਲਿਸ਼ਕ ਮਨੁੱਖੀ ਹਿੱਤਾਂ ਦੀ ਰਾਹ ਰੋਸ਼ਨ ਕਰ ਰਹੀ ਸੀ ਅਤੇ ਜਿਸ ਦਾ ਰੰਜੀਤ ਨਗਾਰਾ "ਸਜਸ ਤੁਯੰ ਧਜਸ ਤੁਯੰ ਅਲਸ ਤੁਯੰ ਇਕਸ ਤੁਯੰ" ਦੀ ਗੂੰਜ ਕੱਢਦਾ ਹੋਇਆ ਧਰਮ ਦੀ ਜੈ ਜੈਕਾਰ ਕਰ ਰਿਹਾ ਸੀ। ਗੁਰੂ ਸਾਹਿਬ ਦੁਆਰਾ ਸਾਜੇ ਗਏ ਖ਼ਾਲਸਾ ਦਾ ਪਰਮਾਤਮਾ ਦੇ ਨਿਆਂ ਤੇ ਅਟੁੱਟ ਵਿਸ਼ਵਾਸ ਸੀ "ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ" ਗੁਰੂ ਸਾਹਿਬ ਨੇ ਖ਼ਾਲਸਾ ਨੂੰ ਆਪਣੇ ਖਾਸ ਰੂਪ ਅਤੇ ਸੰਤਾਨ ਦੇ ਤੌਰ 'ਤੇ ਦੇਖਿਆ ਤੇ ਪਿਆਰ ਸਤਿਕਾਰ ਕੀਤਾ ਜੋ ਵਿਲੱਖਣ ਸੀ।

ਗੁਰੂ ਨਾਨਕ ਦੇ ਦਰ ਦੇ ਸੇਵਕਾਂ ਦੀ ਸਿੱਖ ਪੰਥ ਤੋਂ ਖ਼ਾਲਸਾ ਪੰਥ ਤੀਕ ਦੀ ਯਾਤਰਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਚੰਡ ਰੂਹਾਨੀ ਤੇਜ਼ ਦਾ ਵਿਸਮਾਦੀ ਕਰਿਸ਼ਮਾ ਸੀ। ਜਿਨ੍ਹਾਂ ਕਦੇ ਹਥਿਆਰ ਚੁੱਕ ਕੇ ਵੀ ਨਾ ਦੇਖੇ ਹੋਣ ਉਹ ਰਣ 'ਚ ਵੈਰੀ ਤੇ ਬਾਜ ਵਾਂਗੂ ਟੁੱਟਣ ਲੱਗ ਪਏ ਅਤੇ ਸ਼ੀਸ਼ ਵਾਰਦਿਆਂ ਜ਼ਿੰਦਗੀ ਦੇ ਜਸ਼ਨ ਮਨਾਉਣ ਲੱਗ ਪਏ। ਗੁਰੂ ਸਾਹਿਬ ਨੇ ਸਰਬੰਸ ਵਾਰ ਕੇ ਖ਼ਾਲਸਾ ਨੂੰ ਸਿਰ ਵਾਰਨ ਦੀ ਜਾਚ ਸਿਖਾਈ ਅਤੇ ਇਸ ਤੋਂ ਬਾਅਦ ਵੀ ਚੜ੍ਹਦੀਕਲਾ ਵਿਚ ਰਹਿਣਾ ਦੱਸਿਆ "ਨ ਪੋਚੀਦਾ ਮੂਇ ਨ ਰੰਜੀਦਹ ਤਨ ਕਿ ਬੇਰੂੰ ਖ਼ੁਦਾਵਰਦ ਦੁਸ਼ਮਨ ਸ਼ਿਕਨ"। ਇਹ ਪੰਕਤੀ ਗੁਰੂ ਸਾਹਿਬ ਦੀ ਅਮਰ ਕ੍ਰਿਤੀ ਜ਼ਫ਼ਰਨਾਮਾ ਦੀ ਹੈ ਜਿਸ ਰਾਹੀਂ ਅਨੰਦਪੁਰ ਸਾਹਿਬ ਛੱਡਣ, ਮਨੁੱਖਤਾ ਲਈ ਸਰਬੰਸ ਵਾਰਨ ਤੇ ਸਿੱਖਾਂ ਦੇ ਖਿੰਡਰ ਜਾਣ ਤੋਂ ਬਾਅਦ ਵੀ ਅਗੰਮੀ ਸ਼ਕਤੀ ਨਾਲ ਭਰਪੂਰ। ਗੁਰੂ ਸਾਹਿਬ ਨੇ ਦੀਨੇ ਦੀ ਧਰਤੀ ਤੋਂ ਹਿੰਦੁਸਤਾਨ ਦੀ ਸਲਤਨਤ ਨੂੰ ਵੰਗਾਰਦਿਆਂ ਕਿਹਾ ਕਿ ਸਾਡਾ ਜ਼ਰਾ ਵੀ ਵਾਲ ਵਿੰਗਾ ਨਹੀਂ ਹੋਇਆ ਅਤੇ ਨਾ ਹੀ ਕੋਈ ਕਸ਼ਟ ਹੋਇਆ ਹੈ। ਪਰਮਾਤਮਾ ਨੇ ਆਪ ਸਹਾਇਕ ਹੋ ਕੇ ਸਾਨੂੰ ਦੁਸ਼ਟ ਵੈਰੀਆਂ ਦੇ ਕੁਚੱਕਰ ਤੋਂ ਬਾਹਰ ਸੁਰੱਖਿਅਤ ਕੱਢ ਲਿਆਂਦਾ ਹੈ। ਇਸ ਲਈ ਗੁਰੂ ਸਾਹਿਬ ਨੇ ਪ੍ਰੇਮ ਨੂੰ ਮਾਧਿਅਮ ਬਣਾਇਆ।

"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।" ਗਿਆਨ ਪ੍ਰਾਪਤ ਕਰਨਾ, ਸ਼ਸਤਰ ਧਾਰਨ ਕਰਨਾ, ਯੁੱਧ ਕਰਨੇ , ਨਾਮ ਜੱਪਣਾ, ਤਿਆਗ ਬਲਿਦਾਨ ਕਰਨਾ ਮਾਤਰ ਮਨ ਨੂੰ ਨਿਰਮਲ ਕਰਨ ਅਤੇ ਪ੍ਰੇਮ ਦੀ ਰਾਹ ਖੋਲ੍ਹਣਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਗੁਰੂ ਸਾਹਿਬ ਖ਼ਾਲਸਾ ਪੰਥ ਨੂੰ ਗੁਰੂ ਸ਼ਬਦ ਦੀ ਅਧੀਨਤਾ ਹੇਠ ਲੈ ਆਏ। ਇਕ ਗਿਆਨਵਾਨ,ਵੀਰ, ਪਰੋਪਕਾਰੀ, ਸਾਧਕ, ਧਰਮੀ ਜਦੋਂ ਪ੍ਰੇਮ ਦੀ ਗੱਲ ਕਰਦਾ ਹੈ ਤਾਂ ਪ੍ਰੇਮ ਦਾ ਸੱਚਾ ਸਰੂਪ ਸਜੀਵ ਹੋ ਉਠਦਾ ਹੈ। ਸਿੱਖ ਬਲਿਦਾਨਾਂ ਦਾ ਇਤਿਹਾਸ ਪਰਮਾਤਮਾ ਅਤੇ ਮਨੁੱਖਤਾ ਪ੍ਰਤੀ ਅਟੁੱਟ ਤੇ ਪ੍ਰਤੀਬੱਧ ਪ੍ਰੇਮ ਕਾਰਨ ਹੀ ਬਣ ਸਕਿਆ। ਗੁਰੂ ਜੀ ਦੀ ਵਿਸਮਾਦੀ ਸ਼ਖ਼ਸੀਅਤ ਪਰਮਾਤਮਾ ਦੇ ਗੁਣਾਂ ਦੇ ਸੰਪੂਰਨਤਾ 'ਚ ਦਰਸ਼ਨ ਕਰਾਉਣ ਵਾਲੀ ਹੈ। ਗੁਰੂ ਸਾਹਿਬ ਦੇ ਗੁਣਾਂ ਦੀ ਚਰਚਾ ਕੀਤੀ ਜਾ ਸਕਦੀ ਹੈ ਪਰ ਸ਼ਲਾਘਾ ਕਰਨ ਤੇ ਕੀਮਤ ਪਾਉਣਾ ਕਿਸੇ ਵੀ ਕਲਮ ਦੀ ਸਮਰਥਾ 'ਚ ਨਹੀਂ। ਗੁਰੂ ਸ਼ੋਭਾ ਅਕੱਥ ਹੈ। •

ਯਿਸੂ ਹਲ਼ ਬਣਾਉਣ ਦੇ ਮਾਹਿਰ ਬਣੇ

ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)

ਸੰਨ 3 ਦੇ ਜੂਨ ਮਹੀਨੇ ਦੇ ਅੰਤ ਵਿੱਚ 9 ਸਾਲਾ ਯਿਸੂ ਪਹਿਲੀ ਵਾਰ ਤੇਬੋਰ ਪਰਬਤ ਦੀ ਟੀਸੀ 'ਤੇ ਗਏ। ਉਹ ਬਹੁਤ ਹੀ ਸਾਫ਼ ਦਿਨ ਸੀ ਤੇ ਉੱਥੋਂ ਬਹੁਤ ਦੂਰ-ਦੂਰ ਤੋਂ ਵੇਖਿਆ ਜਾ ਸਕਦਾ ਸੀ। ਯਿਸੂ ਨੂੰ ਉੱਥੇ ਜਾ ਕੇ ਲੱਗਾ ਕਿ ਜਿਵੇਂ ਉਨ੍ਹਾਂ ਨੇ ਭਾਰਤ, ਅਫ਼ਰੀਕਾ ਤੇ ਰੋਮ ਨੂੰ ਛੱਡ ਕੇ ਉੱਥੋਂ ਸਾਰੀ ਦੁਨੀਆ ਵੇਖ ਲਈ ਹੋਵੇ (ਯੂਰੈਂਸ਼ੀਆ-124:1.6)

ਯਿਸੂ ਦੀ ਦੂਜੀ ਦੁਨਿਆਵੀ ਭੈਣ ਮਾਰਥਾ ਦਾ ਜਨਮ ਵੀਰਵਾਰ 13 ਸਤੰਬਰ ਦੀ ਰਾਤ ਨੂੰ ਹੋਇਆ ਸੀ। ਮਾਰਥਾ ਜਦੋਂ ਤਿੰਨ ਹਫ਼ਤਿਆਂ ਦੀ ਹੋਈ, ਤਦ ਪਿਤਾ ਯੂਸਫ਼ ਨੇ ਆਪਣੇ ਘਰ ਵਿਚ ਕੁਝ ਨਵੇਂ ਕਮਰਿਆਂ ਦੀ ਉਸਾਰੀ ਸ਼ੁਰੂ ਕੀਤੀ। ਉਨ੍ਹਾਂ ਉੱਥੇ ਵਰਕਸ਼ਾਪ ਤੇ ਇਕ ਬੈੱਡਰੂਮ ਬਣਾਇਆ। ਯਿਸੂ ਲਈ ਇਕ ਵਿਸ਼ੇਸ਼ ਛੋਟਾ ਬੈਂਚ ਬਣਾਇਆ ਗਿਆ, ਜਿਸ ਉੱਤੇ ਬਹਿ ਕੇ ਉਹ ਆਪਣੇ ਹਿਸਾਬ ਨਾਲ ਤਰਖਾਣ ਦਾ ਕੰਮ ਕਰ ਸਕਦੇ ਸਨ। ਉਸ ਤੋਂ ਬਾਅਦ ਉਨ੍ਹਾਂ ਨੇ ਇਸੇ ਬੈਂਚ ਉੱਤੇ ਬੈਠ ਕੇ ਅਗਲੇ ਕਈ ਸਾਲਾਂ ਤਕ ਕੰਮ ਕੀਤਾ ਅਤੇ ਉਹ ਹਲ਼ ਦੀਆਂ ਪੰਜਾਲੀਆਂ (ਹਲ਼ ਦਾ ਉਹ ਨਰਮ ਭਾਗ ਜੋ ਬਲਦ ਜਾਂ ਹੋਰ ਕਿਸੇ ਜਾਨਵਰ ਦੀ ਗਰਦਨ 'ਤੇ ਰੱਖਿਆ ਜਾਂਦਾ ਹੈ) ਬਣਾਉਣ ਦੇ ਤਾਂ ਮਾਹਿਰ ਬਣ ਗਏ ਸਨ (ਯੂਰੈਂਸ਼ੀਆ-124:1.7)

ਇਸੇ ਵਰ੍ਹੇ ਨਾਸਰਤ ਵਿਚ ਇੰਨੀ ਜ਼ਿਆਦਾ ਠੰਢ ਪਈ ਕਿ ਜਿੰਨੀ ਪਿਛਲੇ ਕਈ ਦਹਾਕਿਆਂ 'ਚ ਵੀ ਨਹੀਂ ਪਈ ਸੀ। ਯਿਸੂ ਨੇ ਪਰਬਤਾਂ 'ਤੇ ਬਰਫ਼ ਪੈਂਦੀ ਬਹੁਤ ਵਾਰ ਵੇਖੀ ਸੀ। ਨਾਸਰਤ ਵਿਚ ਵੀ ਕਈ ਵਾਰ ਬਰਫ਼ਬਾਰੀ ਹੋਈ ਸੀ ਪਰ ਉਹ ਜ਼ਮੀਨ ਉੱਤੇ ਥੋੜ੍ਹਾ ਸਮਾਂ ਹੀ ਵਿਖਾਈ ਦਿੰਦੀ ਸੀ ਅਤੇ ਬਹੁਤ ਛੇਤੀ ਪਿਘਲ ਵੀ ਜਾਂਦੀ ਸੀ। ਯਿਸੂ ਇਹ ਸਭ ਬਹੁਤ ਧਿਆਨ ਨਾਲ ਵੇਖਦੇ ਰਹਿੰਦੇ ਸਨ। ਉਹ ਚਾਹ ਦੀ ਕੇਤਲੀ 'ਚੋਂ ਉੱਠਣ ਵਾਲੀ ਭਾਫ਼ ਨੂੰ ਵੀ ਬਹੁਤ ਗਹੁ ਨਾਲ ਵਾਚਦੇ ਸਨ। ਇਸ ਤਰ੍ਹਾਂ ਇੱਕੋ ਹੀ ਪਦਾਰਥ 'ਪਾਣੀ' ਨੂੰ ਠੋਸ, ਦ੍ਰਵ ਤੇ ਗੈਸ ਰੂਪਾਂ ਵਿਚ ਵੇਖ ਕੇ ਆਪਣੇ ਹਿਸਾਬ ਨਾਲ ਕੁਝ ਅਨੁਮਾਨ ਲਾਉਂਦੇ ਰਹਿੰਦੇ ਸਨ (ਯੂਰੈਂਸ਼ੀਆ-124:1.8) ਨਾਸਰਤ ਦਾ ਜਲਵਾਯੂ ਇੰਨਾ ਸਖ਼ਤ ਨਹੀਂ ਸੀ। ਜਨਵਰੀ ਸਭ ਤੋਂ ਵੱਧ ਠੰਢ ਮਹੀਨਾ ਸੀ ਤੇ ਉਸ ਦੌਰਾਨ ਔਸਤ ਤਾਪਮਾਨ 50 ਡਿਗਰੀ ਫ਼ਾਰਨਹੀਟ (ਭਾਵ 10 ਡਿਗਰੀ



ਸੈਲਸੀਅਸ) ਰਹਿੰਦਾ ਸੀ। ਜੁਲਾਈ ਤੇ ਅਗਸਤ ਸਭ ਤੋਂ ਗਰਮ ਮਹੀਨੇ ਹੁੰਦੇ ਸਨ, ਜਦੋਂ ਔਸਤ ਤਾਪਮਾਨ 75 ਡਿਗਰੀ ਤੋਂ 90 ਡਿਗਰੀ ਫ਼ਾਰਨਹੀਟ ਦੇ ਵਿਚਕਾਰ (ਭਾ 23 ਤੋਂ 32 ਡਿਗਰੀ ਸੈਲਸੀਅਸ ਦੇ ਵਿਚਕਾਰ) ਤਕ ਹੁੰਦਾ ਸੀ।

ਪਰਬਤਾਂ ਤੋਂ ਲੈ ਕੇ ਯਰਦਨ ਨਦੀ ਤੇ ਮ੍ਰਿਤ ਸਾਗਰ (ਡੈੱਡ ਸੀਅ) ਵਾਦੀ ਤਕ ਫ਼ਲਸਤੀਨ ਦਾ ਜਲਵਾਯੂ ਜੰਮਾਅ ਦਰਜੇ ਤੋਂ ਲੈ ਕੇ ਸਖ਼ਤ ਗਰਮੀ ਵਾਲਾ ਹੁੰਦਾ ਸੀ। ਇਜ਼ਰਾਇਲ ਦੇ ਅਜਿਹੇ ਤਾਪਮਾਨ ਕਾਰਨ ਹੀ ਯਹੂਦੀ ਹਰ ਕਿਸਮ ਦੇ ਔਖੇ ਹਾਲਾਤ ਦਾ ਸਾਹਮਣਾ ਕਰਨ ਦੇ ਸਮਰੱਥ ਹੁੰਦੇ ਹਨ (ਯੂਰੈਂਸ਼ੀਆ-124:1.9)

ਅਨੁਵਾਦ -ਮਹਿਤਾਬ-ਉਦ-ਦੀਨ

ਸ੍ਰਿਸ਼ਟੀ ਦਾ ਅਨੁਸ਼ਾਸਨ

ਜਸਬੀਰ ਕੌਰ

ਅਰਬਾਂ ਸਾਲ ਪਹਿਲੇ ਇੱਥੇ ਕੀ ਸੀ? ਇਹ ਸ੍ਰਿਸ਼ਟੀ ਕਿਵੇਂ ਹੋਂਦ 'ਚ ਆਈ, ਕਿਸ ਰਚੀ, ਕਦੋਂ ਰਚੀ, ਕਿੰਨੇ ਦਿਨ ਲੱਗੇ ਆਦਿ ਹੈਰਾਨਕੁਨ ਹੈ। ਰਿਸ਼ੀ ਮੁਨੀ, ਗਿਆਨੀ ਧਿਆਨੀ ਤੇ ਧਰਮ ਸ਼ਾਸਤਰੀਆਂ ਨੇ ਆਪੋ ਆਪਣੇ ਅਟਕਲ ਪੱਚੂਆਂ ਲਾਏ। ਵਿਗਿਆਨੀਆਂ ਮੁਤਾਬਕ ਇਕ ਵੱਡਾ ਸਾਰਾ ਗੈਸੀ ਗੋਲਾ ਘੁੰਮਦਾ-ਘੁੰਮਦਾ ਬਹੁਤ ਉੱਚੀ ਆਵਾਜ਼ 'ਚ ਫਟਿਆ, ਜਿਸ ਨੂੰ ਬਿੱਗ ਬੈਂਗ ਵੀ ਕਿਹਾ ਜਾਂਦਾ ਹੈ। ਇਸ ਦੀ ਕੁੱਖੋਂ ਚੰਦ, ਸੂਰਜ, ਤਾਰੇ ਤੇ ਗ੍ਰਹਿ ਆਦਿ ਰਤਨ ਪੈਦਾ ਹੋ ਗਏ। ਇਹ ਉਦੋਂ ਤੋਂ ਅੱਜ ਤਕ ਜਗਮਗ ਕਰ ਰਹੇ ਤੇ ਜੀਵਨ ਦੇ ਰਹੇ ਹਨ। ਜਿਨ੍ਹਾਂ 'ਚੋਂ ਇਕ ਖ਼ੂਬਸੂਰਤ ਧਰਤੀ ਹੈ,।ਜਿਸ ਵਿਚ ਠਾਠਾਂ ਮਾਰਦੀਆਂ ਛੱਲਾਂ ਵਾਲੇ ਸਮੁੰਦਰ, ਬਰਫ਼ਾਂ, ਰੁੱਖਾਂ ਲੱਦੇ ਪਹਾੜ, ਦਿਲ ਖਿੱਚਵੀਆਂ ਆਬਸ਼ਾਰਾਂ ਝਰਨੇ, ਝੀਲਾਂ, ਦਰਿਆ, ਪੱਧਰੇ ਮੈਦਾਨ ਤੇ ਫ਼ਸਲਾਂ ਨਾਲ ਲੱਦੀ ਧਰਤੀ ਹੈ। ਜਿੱਥੇ ਸੁਖਾਵੀਂ ਸੀਤਲ ਹਵਾ ਵਾਸ਼ਪੀਕਰਨ ਬਣ ਕੇ ਤੇ ਬੱਦਲਾਂ ਦਾ ਰੂਪ ਧਾਰਦੇ, ਮੀਂਹ ਵਰਸਾਉਂਦੇ ਅਤੇ ਵਿਭਿੰਨ ਤਰ੍ਹਾਂ ਦੇ ਜੀਵ ਜੰਤੂ ਸਵਾਸ ਲੈ ਧੜਕ ਰਹੇ ਹਨ।

ਇਹ ਵਰਤਾਰਾ ਓਦੋਂ ਤੋਂ ਅੱਜ ਤਕ ਇਕ ਅਨੁਸ਼ਾਸਨ ਅਧੀਨ ਚੱਲੀ ਜਾ ਰਿਹਾ ਹੈ। ਧਰਤੀ ਸੂਰਜ ਦੁਆਲੇ ਘੁੰਮ ਰਹੀ ਹੈ। ਬਾਕੀ ਗ੍ਰਹਿ ਸਿਤਾਰੇ ਵੀ ਆਪਣੀ ਚਾਲੇ ਚੱਲ ਰਹੇ ਹਨ। ਸੂਰਜ ਸਾਰੀ ਕਾਇਨਾਤ ਨੂੰ ਆਪਣੀਆਂ ਸੁਨਹਿਰੀ ਕਿਰਨਾਂ ਨਾਲ ਰੋਸ਼ਨੀ ਦੇ ਰਿਹਾ ਹੈ। ਸੂਰਜ ਦੇ ਜਾਣ ਬਾਅਦ ਸਿਤਾਰੇ, ਚੰਦਰਮਾ ਹਨ੍ਹੇਰੀਆਂ ਰਾਤਾਂ ਨੂੰ ਮੱਧਮ ਰੋਸ਼ਨੀਆਂ ਨਾਲ ਸਜਾ ਰਹੇ ਹਨ। ਇਨਸਾਨ ਦੇ ਬੈਠੇ-ਬੈਠੇ ਹੀ ਦਿਨ ਚੜ੍ਹ ਜਾਂਦਾ ਹੈ, ਰਾਤ ਪੈ ਜਾਂਦੀ ਹੈ। ਗਰਮੀ ਆ ਜਾਂਦੀ ਹੈ ਤੇ ਕਦੇ ਸਰਦੀ, ਵਰਖਾ, ਬਹਾਰ। ਇਹ ਸਭ ਨਜ਼ਾਰੇ ਇਕ ਅਨੁਸ਼ਾਸਨ ਅਧੀਨ ਘੁੰਮਦੀ ਧਰਤੀ ਇਕ ਫਿਲਮ ਵਾਂਗ ਸਾਡੇ ਸਾਹਮਣੇ ਲਿਆਉਂਦੀ ਜਾਂਦੀ ਹੈ, ਜਿਵੇਂ ਧਰਤੀ ਪਾਸ ਕੋਈ ਰਿਮੋਟ ਫੜਿਆ ਹੋਵੇ। ਇਨਸਾਨ ਦੇ ਹੱਥ ਵਸ ਕੁਛ ਵੀ ਨਹੀਂ ਹੈ। ਚੁਫੇਰੇ ਹਰੀ ਰੰਗੀਨ ਬਨਸਪਤੀ, ਖ਼ੁਸ਼ਬੂਆਂ ਖਿਲਾਰਦੇ ਸੁੰਦਰ ਫੁੱਲਾਂ ਦੇ ਨਜ਼ਾਰੇ, ਪਹਾੜਾਂ ਪੱਥਰਾਂ 'ਚੋਂ ਕਲ਼ ਕਲ਼ ਕਰਦਾ, ਨੱਚਦਾ ਟੱਪਦਾ ਠੰਢਾ ਮਿੱਠਾ ਜਲ, ਮੌਨਸੂਨ ਤੇ ਸੁਖਦ ਹਵਾਵਾਂ ਸਭ ਧਰਤੀ ਮਾਤਾ ਦੀ ਹੀ ਦੇਣ ਹਨ। ਸਭ ਜੀਵਾਂ ਨੂੰ ਖਵਾਉਣ ਪਿਆਉਣ ਦਾ ਜ਼ਿੰਮਾ ਧਰਤੀ ਦਾ ਹੈ। ਉਸੇ ਦੀ ਗੋਦ ਵਿਚ ਜੰਮਦੇ ਮਰਦੇ ਹਾਂ।

ਕੀ ਇਹ ਸਭ ਇਨਸਾਨ ਬਣਾ ਸਕਦਾ ਸੀ? ਨਾ ਬਣਾ ਸਕਿਆ, ਨਾ ਬਣਾ ਸਕਦਾ। ਹਾਂ ਇਨਸਾਨ ਨੂੰ ਉਸ ਨੇ ਦਿਮਾਗ਼ ਦਿੱਤਾ ਹੈ। ਸੋਚ ਚਿੰਤਨ ਸੰਵੇਦਨਾ ਦਿੱਤੇ ਹਨ। ਜਿਸ ਨਾਲ ਉਹ ਆਪਣੀ ਲੋੜ ਅਨੁਸਾਰ ਅਨੇਕਾਂ ਸਹੂਲਤੀ ਵਸਤਾਂ ਬਣਾਉਂਦਾ ਆਇਆ ਹੈ। ਰਹਿਣ ਲਈ ਇਨਸਾਨ ਨੇ ਘਰ ਬਣਾਏ, ਸੜਕਾਂ ਬਣਾਈਆਂ, ਨਹਿਰਾਂ ਕੱਢੀਆਂ। ਚੱਲਣ ਲਈ ਜਹਾਜ਼, ਗੱਡੀਆਂ, ਕਾਰਾਂ ਸਕੂਟਰ ਈਜਾਦ ਕਰ ਲਏ। ਖੇਤੀ ਲਈ ਮਸ਼ੀਨਾਂ ਦੀ ਕਾਢ ਕੱਢ ਲਈ। ਜੋ ਵੀ ਹੈ ਆਖਰ ਕੱਚੀ ਰਸਦ ਤਾਂ ਧਰਤੀ ਹੀ ਪ੍ਰਦਾਨ ਕਰਦੀ ਹੈ ਪਰ ਇਨਸਾਨ ਏਨੇ ਨਾਲ ਹਉਮੈ ਹੰਕਾਰ ਪ੍ਰਸਤ ਹੋ ਗਿਆ। ਲਾਲਚ ਵੱਧ ਗਏ।



ਗ਼ਰੀਬ ਹੋਰ ਗ਼ਰੀਬ , ਅਮੀਰ ਹੋਰ ਅਮੀਰ ਹੁੰਦਾ ਚਲਾ ਗਿਆ। ਕੁਦਰਤੀ ਤੇ ਸਾਦਾ ਜ਼ਿੰਦਗੀ ਛੱਡ ਕੇ ਐਸ਼ੋ ਅਰਾਮ ਵਾਲੀ ਜ਼ਿੰਦਗੀ ਨੂੰ ਤਰਜੀਹ ਦੇਣ ਲੱਗ ਗਿਆ। ਵੱਖ-ਵੱਖ ਧਰਮਾਂ ਜਾਤਾਂ ਦੇ ਬਖੇੜੇ ਪਾ ਲਏ। ਦੂਸਰੇ ਦੇ ਧਰਮ ਜਾਤ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗ ਗਿਆ ਤੇ ਦੂਸਰੇ ਦਾ ਹੱਕ ਮਾਰਨ ਲਈ ਜੰਗਾਂ ਯੁੱਧਾਂ ਨੂੰ ਅੰਜਾਮ ਦਿੱਤਾ।

ਲੇਕਿਨ ਧਰਤੀ ਸੂਰਜ ਇਹ ਨਹੀਂ ਦੇਖਦੇ ਕਿ ਫਲਾਣਾ ਮੁਸਲਮਾਨ ਹੈ ਜਾਂ ਹਿੰਦੂ ਸਿੱਖ ਹੈ। ਉਨ੍ਹਾਂ ਨੂੰ ਹੀ ਨਿੱਘ ਦੇਣਾ ਹੈ ਉਨ੍ਹਾਂ ਲਈ ਹੀ ਸਬਜ਼ੀਆਂ ਫਲ ਜਾਂ ਫ਼ਸਲਾਂ ਉਗਾਉਣੀਆਂ ਹਨ। ਕੁਦਰਤ ਲਈ ਕੋਈ ਅਮੀਰ ਗ਼ਰੀਬ ਨਹੀਂ ਹੈ। ਉਹ ਸਭ ਦੀ ਸਾਂਝੀ ਹੈ। ਧਰਤੀ ਬ੍ਰਹਿਮੰਡ ਸਭ ਲਈ ਸਾਂਝੇ ਹਨ। ਕੋਈ ਤੇਰ ਮੇਰ ਨਹੀਂ ਹੈ।

ਸਾਨੂੰ ਧਰਤੀ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜੋ ਸਾਨੂੰ ਮੁਫ਼ਤ ਵਿਚ ਆਪਣੀਆਂ ਦਾਤਾਂ ਵੰਡ ਰਹੀ ਹੈ।ਉਸ ਦੇ ਕਰਕੇ ਹੀ ਅਸੀਂ ਇਥੇ ਜਿਊਂਦੇ ਵਸਦੇ ਹਾਂ। ਉਸ ਦੇ ਅੰਮ੍ਰਿਤ ਵਰਗੇ ਪਾਣੀ ਨੂੰ ਸਾਫ਼ ਨਿਰਮਲ ਹੀ ਰਹਿਣ ਦੇਈਏ, ਨਾ ਕਿ ਕੂੜਾ ਗੰਦ ਸੁੱਟ ਸੁੱਟ ਗੰਦਾ ਕਰੀਏ। ਸਾਡੀ ਅਣਗਹਿਲੀ ਕਾਰਨ ਅੱਜ ਸਭ ਨਹਿਰਾਂ ਦਰਿਆ ਪਲੀਤ ਹੋਏ ਪਏ ਹਨ। ਜੋ ਪਾਣੀ ਸਾਡੇ ਲਈ ਕਰੋੜਾਂ ਵਰ੍ਹਿਆਂ ਤੋਂ ਤਿਆਰ ਹੋ ਕੇ ਆ ਰਿਹਾ ਸੀ ਬੇਰਹਿਮੀ ਨਾਲ ਵਗਾ ਵਗਾ ਕੇ ਮੁਕਾ ਰਹੇ ਹਾਂ। ਸਦੀਆਂ ਤੋਂ ਸਵੱਛ ਹਵਾ ਵਹਿੰਦੀ ਚਲੀ ਆ ਰਹੀ ਸੀ, ਅਸਲੀ ਫ਼ਸਲਾਂ ਪੈਦਾ ਹੋ ਰਹੀਆਂ ਸਨ। ਜ਼ਹਿਰਾਂ ਮਿਲਾ ਕੇ ਦੂਸ਼ਿਤ ਕਰ ਦਿੱਤੀਆਂ। ਆਪਣੇ ਪੈਰ ਆਪ ਹੀ ਕੁਹਾੜਾ ਮਾਰ ਲਿਆ। ਅਜੇ ਵੀ ਅਸੀਂ ਬਚਾਓ ਕਰ ਸਕਦੇ ਹਾਂ।ਇਹੀ ਸਾਡੇ ਮਾਂ ਪਿਓ ਹਨ। ਸਾਡੀ ਛੱਤਰ ਛਾਇਆ, ਸਾਡੇ ਰਾਖੇ ਹਨ, ਜਿਨ੍ਹਾਂ ਕਾਰਨ ਹੀ ਪੇੜ ਪੌਦੇ ਜੀਵ ਜੰਤੂ ਹਨ, ਮਨੁੱਖ ਜਾਤੀ ਹੈ। ਧਰਤੀ ਪਾਣੀ ਹਵਾ ਨਹੀਂ ਬਣਾ ਸਕਦੇ। ਇਨ੍ਹਾਂ ਦਾ ਦੇਣਾ ਦੇ ਨਹੀਂ ਸਕਦੇ। ਇਨ੍ਹਾਂ ਨੂੰ ਹੀ ਨਮਸਕਾਰ ਕਰੀਏ। ਸੇਵਾ ਸੰਭਾਲ ਕਰੀਏ। ਇਹੀ ਸਾਡੇ ਰੱਬ, ਸਾਡੀ ਸ਼ਕਤੀ ਹਨ। ਇਨਸਾਨ ਤਾਂ ਇਸ ਸ੍ਰਿਸ਼ਟੀ ਮੁਕਾਬਲੇ ਬਹੁਤ ਤੁੱਛ ਜਿਹਾ ਜੀਵ ਹੈ।ਇਕ ਦੂਸਰੇ ਦੀ ਭਲਾਈ ਕਰੀਏ, ਕਦਰ ਕਰੀਏ।'ਸਭਨਾਂ ਮਨ ਮਾਣਕ ਹਿਕ ਨਾ ਕਾਹੇ ਠਾਹੀਦਾ।'

8427853313

ਅਜ਼ਾਬ- ਏ-ਕਬਰ



ਹਦੀਸ ਸ਼ਰੀਫ਼ ਵਿਚ ਕਬਰ ਦੇ ਅਜ਼ਾਬ ਦਾ ਜ਼ਿਕਰ ਆਉਂਦਾ ਹੈ। ਐਸੀ ਮਾਨਤਾ ਹੈ ਕਿ ਜਦੋਂ ਮੁਰਦੇ ਨੂੰ ਦਫ਼ਨ ਕਰ ਕੇ ਲੋਕ ਵਾਪਸ ਆ ਜਾਂਦੇ ਹਨ ਤਾਂ ਅੱਲਾਹ ਦੇ ਦੋ ਫ਼ਰਿਸ਼ਤੇ ਮੁਨਕਰ ਅਤੇ ਨਕੀਰ ਮੁਰਦੇ ਪਾਸ ਆ ਜਾਂਦੇ ਹਨ। ਮੁਰਦੇ ਵਿਚ ਰੂਹ ਦਾ ਦੁਬਾਰਾ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਫ਼ਰਿਸ਼ਤੇ ਉਸ ਨੂੰ ਸਵਾਲ ਪੁੱਛਦੇ ਹਨ ਕਿ ਤੇਰਾ ਰੱਬ ਕੌਣ ਹੈ?

ਤੇਰਾ ਰਸੂਲ ਕੌਣ ਹੈ? ਤੇਰਾ ਦੀਨ ਕਿਹੜਾ ਹੈ? ਜੇ ਮੁਰਦਾ ਜ਼ਿੰਦਗੀ ਦੌਰਾਨ ਤੌਹੀਦ-ਪ੍ਰਸਤ ਰਿਹਾ ਹੋਵੇ ਤਾਂ ਉਹ ਸਹੀ ਜੁਆਬ ਦਿੰਦਾ ਹੈ ਕਿ ਉਸ ਦਾ ਰੱਬ ਐਲਾਹ ਹੈ, ਹਜ਼ਰਤ ਮੁਹੰਮਦ ਸਾਹਿਬ ਉਸ ਦੇ ਰਸੂਲ ਹਨ ਅਤੇ ਉਸ ਦਾ ਦੀਨ ਇਸਲਾਮ ਹੈ। ਐਸੀ ਮਾਨਤਾ ਹੈ ਕਿ ਇਸ ਤੋਂ ਬਾਅਦ ਉਸ ਦੀ ਕਬਰ ਸੱਤਰ ਗੁਣਾ ਚੌੜੀ ਕਰ ਦਿੱਤੀ ਜਾਂਦੀ ਹੈ, ਉਹ ਆਰਾਮ ਨਾਲ ਲੇਟ ਜਾਂਦਾ ਹੈ ਜਿਵੇਂ ਸੌਂ ਰਿਹਾ ਹੋਵੇ। ਜਿਹੜੇ ਵਿਅਕਤੀ ਮੁਨਕਿਰ ਅਤੇ ਮੁਸ਼ਰਿਕ ਹੁੰਦੇ ਹਨ, ਉਹ ਫ਼ਰਿਸ਼ਤਿਆਂ ਨੂੰ ਸਹੀ ਜੁਆਬ ਨਹੀਂ ਦੇ ਸਕਦੇ, ਉਨ੍ਹਾਂ ਦੀਆਂ ਕਬਰਾਂ ਤੰਗ ਕਰ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕਸ਼ਟ ਪਹੁੰਚਦਾ ਰਹਿੰਦਾ ਹੈ, ਇਸ ਨੂੰ ਅਜ਼ਾਬ-ਏ-ਕਬਰ ਕਿਹਾ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

ਗੀਤਾ ਅਨੁਸਾਰ ਆਤਮਾ ਅਮਰ ਹੈ। ਇਹ ਹਰ ਵਾਰ ਆਪਣਾ ਰੂਪ ਬਦਲਦੀ ਹੈ। ਇਸ 'ਚ ਕਰਮ ਨੂੰ ਮਹੱਤਤਾ ਦਿੱਤੀ ਗਈ ਹੈ, ਫਲ ਆਪੇ ਮਿਲ ਜਾਂਦਾ ਹੈ...



ਸੰਪੂਰਨ ਸ਼ਾਸਤਰ ਹੈ ਗੀਤਾ

ਕਈ ਸਵਾਲਾਂ 'ਤੇ ਸਵਾਲ ਖੜ੍ਹੇ ਕਰਨ ਪਿਛੋਂ ਅਰਜਨ ਨੇ ਕਿਹਾ ਮੇਰਾ ਮੋਹ ਤੋਂ ਪੈਦਾ ਹੋਇਆ ਗਿਆਨ ਖ਼ਤਮ ਹੋ ਗਿਆ ਹੈ। ਮੈਂ ਸਮਰਿਤੀ ਨੂੰ ਪ੍ਰਾਪਤ ਹੋਇਆ ਹਾਂ। ਮੈਂ ਤੁਹਾਡੇ ਆਦੇਸ਼ ਦਾ ਪਾਲਣ ਕਰਾਂਗਾ। ਨਿਰਾਸ਼ ਹੋਏ ਅਰਜਨ ਨੇ ਧਨੁਸ਼ ਚੁੱਕ ਲਿਆ ਅਤੇ ਯੁੱਧ 'ਚ ਕੁੱਦ ਪਿਆ। ਉਸ ਨੂੰ ਜਿੱਤ ਨਸੀਬ ਹੋਈ। ਸੰਪੂਰਨ ਧਰਮਾਤਮਾ ਯੁਧਿਸ਼ਟਰ ਰਾਜ ਗੱਦੀ 'ਤੇ ਬੈਠੇ। ਧਰਮ ਸਾਮਰਾਜ ਸਥਾਪਤ ਹੋ ਗਿਆ। ਇਕ ਧਰਮਸ਼ਾਸਤਰ ਦੇ ਰੂਪ 'ਚ ਗੀਤਾ ਮੁੜ ਸਦਾ ਲਈ ਪ੍ਰਸਾਰਤ ਹੋ ਗਈ। ਮਹਾਰਿਸ਼ੀ ਵੇਦਵਿਆਸ ਨੇ ਸ਼ਰਵਣ ਪ੍ਰੰਪਰਾ ਤੋਂ ਹਟ ਕੇ ਪਹਿਲਾਂ ਤੋਂ ਚੱਲੇ ਆ ਰਹੇ ਸਾਰੇ ਗਿਆਨ ਨੂੰ ਲਿਪੀਬੱਧ ਕਰ ਦਿੱਤਾ। ਚਾਰ ਵੇਦ, ਭਾਗਵਤ, ਮਹਾਭਾਰਤ, ਬ੍ਰਹਮ ਸੂਤਰ ਅਤੇ ਗੀਤਾ। ਅੰਤ 'ਚ ਖ਼ੁਦ ਹੀ ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ 'ਚ ਸ਼ਾਸਤਰ ਕੌਣ ਹੈ। 'ਗੀਤ ਸੁਗੀਤਾ ਕਰਤੱਵਿਆ' ਗੀਤਾ ਚੰਗੀ ਤਰ੍ਹਾਂ ਪੜ੍ਹ ਕੇ ਹਿਰਦੇ 'ਚ ਧਾਰਨ ਕਰਨ ਯੋਗ ਹੈ। ਉਹ ਭਗਵਾਨ ਪਦਮਾਨਾਭ ਦੇ ਮੁੱਖੋਂ ਨਿਕਲੀ ਬਾਣੀ ਹੈ। ਫਿਰ ਹੋਰ ਸ਼ਾਸਤਰਾਂ 'ਚ ਉਲਝਣ ਦੀ ਕੀ ਲੋੜ ਹੈ? ਹੋਰ ਸ਼ਾਸਤਰ ਦੇ ਵਿਸਤਾਰ 'ਚ ਜਾਣ ਦੀ ਕੀ ਜ਼ਰੂਰਤ ਹੈ? ਇਹ ਇਕੱਲੀ ਹੀ ਸੰਪੂਰਨ ਸ਼ਾਸਤਰ ਹੈ। ਇਸ ਗੀਤਾ ਸ਼ਾਸਤਰ ਅਨੁਸਾਰ ਮਨੁੱਖ ਦੀ ਉਤਪਤੀ ਪ੍ਰਮਾਤਮਾ ਤੋਂ ਹੋਈ ਹੈ।

-ਪਰਮਹੰਸ ਸਵਾਮੀ ਅੜਗੜਾਨੰਦ

ਗੁਰਦੁਆਰਾ ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ ਜੀ

ਕੁਲਦੀਪ ਸਿੰਘ ਬੰਗੀ

ਇਹ ਇਤਿਹਾਸਕ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਬਿਲਕੁਲ ਨਜ਼ਦੀਕ ਪਿਛਲੇ ਪਾਸੇ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਪਰਿਵਾਰ ਵਿਛੋੜੇ ਤੋਂ ਬਾਅਦ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਭਾਈ ਮਨੀ ਸਿੰਘ ਨਾਲ ਗੁਰੂ ਜੀ ਨੂੰ ਮਿਲੇ ਸਨ। ਇਥੇ ਹੀ ਮਾਤਾਵਾਂ ਵੱਲੋਂ ਸਾਹਿਬਜ਼ਾਦਿਆਂ ਬਾਰੇ ਪੁੱਛਣ ’ਤੇ ਗੁਰੂ ਜੀ ਨੇ ਸਿੱਖ ਸੰਗਤਾਂ ਵੱਲ ਇਸ਼ਾਰਾ ਕਰਕੇ ਫੁਰਮਾਇਆ ਸੀ ਕਿ :

‘ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,
ਚਾਰ ਮੁਏ ਤੋ ਕਿਆ ਭਯਾ ਜੀਵਤ ਕਈ ਹਜ਼ਾਰ’

ਇਸ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਹੀ ਨਵੀਂ ਉਸਾਰੀ ਅਧੀਨ ਗੁਰਦੁਆਰਾ ਬਾਬਾ ਬੀਰ ਸਿੰਘ ਧੀਰ ਸਿੰਘ ਦੁਬਾਰਾ ਬਣ ਰਿਹਾ ਹੈ ਜਿਸ ਨੂੰ ਸ਼ਹੀਦ ਰੰਜ ਵਜੋਂ ਵੀ ਜਾਣਿਆ ਜਾਂਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਦਮਦਮੇ ’ਤੇ ਖੜ੍ਹ ਕੇ ਲਾਡਲੀਆਂ ਫ਼ੌਜਾਂ ਨੂੰ ਆਵਾਜ਼ ਮਾਰੀ ਤਾਂ ਇਹ ਦੋ ਸਿੰਘ ਬਾਬਾ ਬੀਰ ਸਿੰਘ, ਬਾਬਾ ਧੀਰ ਸਿੰਘ ਜੀ ਬੰਦੂਕ ਦੇ ਨਿਸ਼ਾਨੇ ਅੱਗੇ ਇਸ ਅਸਥਾਨ ਉਪਰ ਆ ਖੜ੍ਹੇ ਹੋਏ ਜੋ ਕਿ ਗੁਰੂ ਜੀ ਨੇ ਆਪਣੀਆਂ ਫ਼ੌਜਾਂ, ਸਿੰਘਾਂ ਨੂੰ ਪਰਖਣ ਦਾ ਇਕ ਕੌਤਕ ਰਚਿਆ ਸੀ।

ਦੇਸ਼ ਵਿਦੇਸ਼ ਦੀਆਂ ਸੰਗਤਾਂ ਇਸ ਪਵਿੱਤਰ ਅਸਥਾਨ ’ਤੇ ਵਿਸ਼ੇਸ਼ ਤੌਰ ’ਤੇ ਸਿਜਦਾ ਕਰਨ ਆਉਂਦੀਆਂ ਹਨ ਅਤੇ ਆਪਣੀ ਸੰਤਾਨ ਨੂੰ ਗੁਰੂ ਸਾਹਿਬ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਭਰਪੂਰ ਜਾਣਕਾਰੀ ਦਿੰਦੀਆਂ ਹਨ।

94174-07778



ਯਿਸੂ ਚਾਹੁੰਦੇ ਸਨ ਧਾਰਮਿਕ ਅਧਿਆਪਕ ਬਣਨਾ

ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

(ਆਧਾਰ/ਸਰੋਤ - ਇੰਗਲੈਂਡ ਦੇ ‘ਬਾਈਬਲ ਡੌਟ ਔਰਗ ਡੌਟ ਯੂ.ਕੇ.’ ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ ‘ਯੂਰੈਂਸ਼ੀਆ’, ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ ’ਚ ਸਾਹਮਣੇ ਆਈ ਸੀ)

ਯਿਸ਼ਨ 4 ਦੇ ਇਸੇ ਸਾਲ ਦੌਰਾਨ ਹੀ ਪੂਰੇ ਦੋ ਮਹੀਨਿਆਂ ਤਕ ਯਿਸੂ ਨੇ ਆਪਣੇ ਮਾਮੇ ਨਾਲ ਗਲੀਲ ਦੇ ਸਮੁੰਦਰ ਵਿਚ ਮੱਛੀਆਂ ਫੜਨ ਦਾ ਤਜਰਬਾ ਹਾਸਲ ਕੀਤਾ ਸੀ। ਇਸ ਕੰਮ ਵਿਚ ਵੀ ਉਹ ਬਹੁਤ ਸਫ਼ਲ ਰਹੇ ਸਨ ਕਿਉਂਕਿ ਉਹ ਹਰ ਕੰਮ ਨੂੰ ਪਹਿਲਾਂ ਸਮਝਦੇ ਸਨ, ਫਿਰ ਕਰਦੇ ਸਨ। ਪੂਰਨ ਬਾਲਗ਼ ਭਾਵ ਬਾਲਗ਼ ਹੋਣ ਤਕ ਯਿਸੂ ਇਕ ਮਾਹਿਰ ਮਛੇਰੇ ਵੀ ਬਣ ਚੁੱਕੇ ਸਨ (ਯੂਰੈਂਸ਼ੀਆ-124 2.7)

ਇਸ ਵਰ੍ਹੇ ਵੀ ਯਿਸੂ ਆਪਣੇ ਸਕੂਲ ਵਿਚ ਸਭ ਤੋਂ ਅੱਗੇ ਰਹੇ। ਆਪਣੇ ਸਾਰੇ ਦੁਨਿਆਵੀ ਭਰਾਵਾਂ-ਭੈਣਾਂ ਨਾਲ ਵੀ ਉਹ ਸਦਾ ਹੱਸਦੇ-ਖੇਡਦੇ ਰਹਿੰਦੇ ਸਨ। ਉਨ੍ਹਾਂ ਤੋਂ ਛੋਟੇ ਦੁਨਿਆਵੀ ਭਰਾ ਜੇਮਸ (ਯਾਕੂਬ) ਉਨ੍ਹਾਂ ਤੋਂ ਸਾਢੇ ਤਿੰਨ ਸਾਲ ਛੋਟੇ ਸਨ। ਯਿਸੂ ਜੇ ਕਦੇ ਆਪਣੇ ਭਰਾਵਾਂ-ਭੈਣਾਂ ਨਾਲ ਖੇਡਦੇ ਵੀ ਸਨ, ਤਾਂ ਉਹ ਖੇਡਾਂ ਵੀ ਕੁਝ ਗੰਭੀਰ ਤੇ ਸੋਚ-ਵਿਚਾਰ ਕਰਦਿਆਂ ਅੱਗੇ ਵਧਣ ਨਾਲ ਸਬੰਧਤ ਹੁੰਦੀਆਂ ਸਨ। ਉਹ ਕਿਉਂਕਿ ਜਨਮ ਤੋਂ ਹੀ ਇਕ ਅਧਿਆਪਕ ਤੇ ਉਪਦੇਸ਼ਕ ਵਾਂਗ ਸਨ, ਇਸੇ ਲਈ ਉਹ ਆਪਣੇ ਨਾਲ ਖੇਡਣ ਵਾਲੇ ਹੋਰ ਬੱਚਿਆਂ ਨੂੰ ਵੀ ਖੇਡ-ਖੇਡ ਵਿਚ ਵੀ ਚੰਗੇ ਆਦਰਸ਼ਾਂ ਤੇ ਸਿਧਾਂਤਾਂ ਉੱਤੇ ਚੱਲਣ ਦਾ ਹੀ ਉਪਦੇਸ਼ ਦਿੰਦੇ ਸਨ (ਯੂਰੈਂਸ਼ੀਆ-124 2.8)

ਪਿਤਾ ਯੂਸਫ਼ ਵੀ ਯਿਸੂ ਨੂੰ ਸਦਾ ਵਧੀਆ ਢੰਗ ਨਾਲ ਜੀਵਨ ਬਤੀਤ ਕਰਨ ਦੇ ਤਰੀਕੇ ਸਿਖਾਉਂਦੇ ਸਨ। ਪਿਤਾ ਦਾ ਮੰਨਣਾ ਸੀ ਕਿ ਉਦਯੋਗ ਤੇ ਵਪਾਰ ਤੋਂ ਵੱਧ ਖੇਤੀਬਾੜੀ ਦੇ ਲਾਭ ਹਨ। ਗਲੀਲ ਜ਼ਿਲ੍ਹਾ ਯਹੂਦੀਆ ਤੋਂ ਵੱਧ ਸੁੰਦਰ ਤੇ ਖ਼ੁਸ਼ਹਾਲ ਸੀ। ਇੱਥੇ ਰਹਿਣ ਲਈ ਇਕ ਆਮ ਔਸਤ ਵਿਅਕਤੀ ਨੂੰ ਯੇਰੂਸਲੇਮ ਤੇ ਯਹੂਦੀਆ ਦੇ ਮੁਕਾਬਲੇ ਕੇਵਲ ਇਕ-ਚੌਥਾਈ ਧਨ ਘੱਟ ਖ਼ਰਚ ਕਰਨਾ ਪੈਂਦਾ ਸੀ। ਇਸੇ ਲਈ ਗਲੀਲ ਦੇ ਲੋਕ ਵੱਧ ਖ਼ੁਸ਼ਹਾਲ ਸਨ (ਯੂਰੈਂਸ਼ੀਆ-124 2.9)

ਗਲੀਲ ਦੀ ਝੀਲ ਉੱਤੇ ਚੱਲਣ ਵਾਲੇ ਮੱਛੀ ਉਦਯੋਗ ਨੂੰ ਪਹਿਲੀ ਵਾਰ ਵੇਖਣ ਲਈ ਯਿਸੂ ਆਪਣੇ ਪਿਤਾ ਨਾਲ ਇਸੇ ਸਾਲ ਹੀ ਗਏ ਸਨ। ਪਹਿਲਾਂ ਯਿਸੂ ਨੇ ਵੀ ਮਛੇਰਾ ਬਣਨ ਬਾਰੇ ਸੋਚਿਆ ਸੀ, ਫਿਰ ਉਸ ਤੋਂ ਬਾਅਦ ਉਨ੍ਹਾਂ ਆਪਣੇ ਦੁਨਿਆਵੀ ਪਿਤਾ ਦੇ ਪ੍ਰਭਾਵ ਕਾਰਨ ਤਰਖਾਣ ਦਾ ਕੰਮ ਕਰਨਾ ਵੱਧ ਪਸੰਦ ਕੀਤਾ ਸੀ। ਪਰ ਫਿਰ ਬਾਅਦ ਵਿਚ



ਉਨ੍ਹਾਂ ਇਕ ਨਵੀਂ ਵਿਵਸਥਾ ਦਾ ਧਾਰਮਿਕ ਅਧਿਆਪਕ ਬਣਨ ਦਾ ਫ਼ੈਸਲਾ ਲਿਆ ਸੀ (ਯੂਰੈਂਸ਼ੀਆ-124 2.10)

ਸੰਨ 5 (ਭਾਵ ਅੱਜ ਤੋਂ 2012 ਸਾਲ ਪਹਿਲਾਂ) ’ਚ ਯਿਸੂ 11ਵੇਂ ਸਾਲ ਵਿਚ ਦਾਖ਼ਲ ਹੋ ਗਏ ਸਨ। ਇਸੇ ਵਰ੍ਹੇ ਯਿਸੂ ਨੇ ਆਪਣੇ ਪਿਤਾ ਨਾਲ ਦੂਰ-ਦੁਰਾਡੇ ਦੀਆਂ ਯਾਤਰਾਵਾਂ ਦਾ ਸਿਲਸਿਲਾ ਜਾਰੀ ਰੱਖਿਆ ਸੀ। ਮੈਗਡਾਲਾ ਸਥਿਤ ਆਪਣੇ ਮਾਮੇ ਦੇ ਫ਼ਾਰਮ-ਹਾਊਸ ਉੱਤੇ ਵੀ ਉਹ ਅਕਸਰ ਜਾਂਦੇ ਰਹਿੰਦੇ ਸਨ। ਉਨ੍ਹਾਂ ਦੇ ਮਾਮੇ ਦੀ ਮੱਛੀ ਉਦਯੋਗ ਵਿਚ ਬਹੁਤ ਦਿਲਚਸਪੀ ਸੀ (ਯੂਰੈਂਸ਼ੀਆ-124 3.1)

ਅਨੁਵਾਦ ***-ਮਹਿਤਾਬ-ਉਦ-ਦੀਨ***

ਮਨੁੱਖਤਾ ਦਾ ਵਿਨਾਸ਼ ਹੈ ਕ੍ਰੋਧ

ਕ੍ਰੋਧ ਦਾ ਆਰੰਭ ਮੂਰਖਤਾ ਤੋਂ ਹੁੰਦਾ ਹੈ ਅਤੇ ਪਛਤਾਵੇ ’ਤੇ ਆ ਕੇ ਖ਼ਤਮ ਹੁੰਦਾ ਹੈ। ਕ੍ਰੋਧ, ਅਕਲ ਨੂੰ ਖ਼ਾਨਿਓਂ ਬਾਹਰ ਕੱਢ ਕੇ ਦਰਵਾਜ਼ੇ ’ਤੇ ਜਿੰਦਰਾ ਲਾ ਦਿੰਦੀ ਹੈ। ਆਦਮੀ ਭਾਵੇਂ ਜਿੰਨੇ ਮਰਜ਼ੀ ਦਾਨ ਪੁੰਨ ਅਤੇ ਯੱਗ ਕਰ ਲਵੇ ਪਰ ਜਿਉਂ ਹੀ ਇਕ ਵੇਰ ਕ੍ਰੋਧ ਕਰ ਲਿਆ ਤਾਂ ਸਮਝੋ ਸਭ ਕੁਝ ਖ਼ਤਮ। ਜੇ ਅਸੀਂ ਕ੍ਰੋਧ ਨੂੰ ਸਹਿਣਸ਼ੀਲਤਾ ਦੇ ਮੰਤਰ ਨਾਲ ਵੱਸ ਵਿਚ ਨਹੀਂ ਕਰਦੇ ਤਾਂ ਪੂਜਾ ਪਾਠ ਸਭ ਵਿਅਰਥ ਹੈ। ਆਪਣੇ ਅੰਦਰ ਸਹਿਣਸ਼ੀਲਤਾ ਪੈਦਾ ਕਰਨਾ ਹੀ ਤਪ ਹੈ। ਜਿਨ੍ਹਾਂ ਘਰਾਂ ’ਚ ਤਪ ਦੀ ਭਾਵਨਾ ਨਹੀਂ ਉੱਥੇ ਨਿੱਤ ਝਗੜੇ ਅਤੇ ਰੋਣ ਪਿੱਟਣ ਲੱਗਾ ਰਹਿੰਦਾ ਹੈ। ਕ੍ਰੋਧ ਆਉਂਦਾ ਹੀ ਉਨ੍ਹਾਂ ਨੂੰ ਹੈ ਜਿਨ੍ਹਾਂ ਅੰਦਰ ਸਹਿਣਸ਼ੀਲਤਾ ਦੀ ਭਾਵਨਾ ਨਹੀਂ। ਜਿਹੜੇ ਬੰਦੇ ਆਪਣੇ ਅੰਦਰ ਸਹਿਣਸ਼ੀਲਤਾ ਪੈਦਾ ਕਰ ਲੈਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ’ਚ ਇਕ ਅਨੋਖੀ ਮਿਠਾਸ ਭਰ ਜਾਂਦੀ ਹੈ।

ਗੁੱਸੇ ਹੋਣ ਦਾ ਅਰਥ ਹੈ ਉੱਬਲਣਾ, ਅੰਦਰੋਂ ਧੂੰਆਂ ਕੱਢਣਾ, ਆਪੇ ਤੋਂ ਬੇਵੱਸ ਹੋਣਾ। ਇਕ ਤਰ੍ਹਾਂ ਵੇਖਿਆ ਜਾਵੇ ਤਾਂ ਆਧੁਨਿਕ ਯੁੱਗ ਦਾ ਆਦਮੀ ਇਕ ਦੁਖਦ ਸਮੇਂ ’ਚੋਂ ਗੁਜ਼ਰ ਰਿਹਾ ਹੈ। ਗੁੱਸਾ ਅਤੇ ਤਣਾਅ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਦਾ ਸਥਾਈ ਅੰਗ ਬਣ ਚੁੱਕਾ ਹੈ। ਇਸ ਲਈ ਸਾਨੂੰ ਆਪਣੀ ਰਫ਼ਤਾਰ ਨੂੰ ਘੱਟ ਕਰਨ ਦੀ ਲੋੜ ਹੈ। ਆਪਣੇ ਆਪ ਨੂੰ ਹੌਲੀ ਅਤੇ ਸ਼ਾਂਤ ਕਰਨ ਦੀ ਲੋੜ ਹੈ। ਦੂਜਿਆਂ ਦੇ ਦਿਲਾਂ ਅੰਦਰ ਜਗ੍ਹਾ ਬਣਾਉਣ ਲਈ ਆਦਮੀ ਨੂੰ ਲੋੜ ਹੈ ਠੰਢੇ ਸੁਭਾਅ ਅਤੇ ਮਿੱਠ-ਬੋਲੜਾ ਹੋਣ ਦੀ। ਸਵਰਗ ਉਨ੍ਹਾਂ ਲਈ ਹੀ ਹੈ ਜੋ ਆਪਣੇ ਕ੍ਰੋਧ ਅਤੇ ਹੰਕਾਰ ਨੂੰ ਕਾਬੂ ਰੱਖਣ ’ਚ ਕਾਮਯਾਬ ਰਹਿੰਦੇ ਹਨ। ਅਜਿਹੇ ਬੰਦਿਆਂ ਨੂੰ ਸਮੁੱਚੀ ਲੋਕਾਈ ਪਿਆਰ ਕਰਦੀ ਹੈ। ਸਾਨੂੰ ਆਪਣੀ ਸਵੈ ਪੜਚੋਲ ਕਰਕੇ ਵੇਖਣਾ ਚਾਹੀਦਾ ਹੈ ਕਿ ਸਾਡਾ ਸੁਭਾਅ ਗੁੱਸੇ ਖੋਰ, ਕ੍ਰੋਧ ਜਾਂ ਹੰਕਾਰੀ ਤਾਂ ਨਹੀਂ? ਅਸੀਂ ਸਾਰਾ ਦਿਨ ਜੋ ਕੁਝ ਖਾਂਦੇ ਹਾਂ ਉਹਦੀ ਸਾਰੀ ਊਰਜਾ ਅਸੀਂ ਇਕ ਵੇਰ ਦੇ ਕ੍ਰੋਧ ਨਾਲ ਨਸ਼ਟ ਕਰ ਦਿੰਦੇ ਹਾਂ। ਜੇ ਅਸੀਂ ਆਪਣੇ ਕ੍ਰੋਧ ਨੂੰ ਆਪਣੇ ਉਪਰ ਝੱਲ ਲੈਂਦੇ ਹਾਂ ਤਾਂ ਹੀ ਦੂਸਰਿਆਂ ਦੇ ਕ੍ਰੋਧ ਤੋਂ ਬਚ ਸਕਦੇ ਹਾਂ ਅਤੇ ਆਪਣੇ ਜੀਵਨ ਨੂੰ ਸੁਖੀ ਬਣਾ ਸਕਦੇ ਹਾਂ।

• ਸੰਤੋਖ ਸਿੰਘ ਭਾਣਾ

ਮਨੁੱਖੀ ਜਨਮ ਨੂੰ ਸਫ਼ਲ ਬਣਾਉਣ ਦੀ ਪ੍ਰੇਰਨਾ

ਮੰਘਿਰਿ ਮਾਹਿ ਸੁਹੰਦੀਆ, ਹਰਿ ਪਿਰ
ਸੰਗਿ ਬੈਠੜੀਆਹ।।
ਤਿਨ ਕੀ ਸੋਭਾ ਕਿਆ ਗਣੀ, ਜਿ ਸਾਹਿਬਿ
ਮੇਲੜੀਆਹ॥
---------------------------------॥
ਨਾਨਕੁ ਬਾਂਛੈ ਧੂੜਿ ਤਿਨ, ਪ੍ਰਭ ਸਰਣੀ
ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ,ਬਹੁੜਿ ਨ
ਜਨਮੜੀਆਹ॥

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿਚ ਆਪਣੀ ਉਪਦੇਸ਼ਮਈ ਬਾਣੀ ਬਾਰਹਮਾਹ ਵਿਚ ਕੁਦਰਤੀ ਵਾਤਾਵਰਣ ਨੂੰ ਸਨਮੁੱਖ ਰੱਖ ਕੇ ਮਨੁੱਖੀ ਜਨਮ ਨੂੰ ਸਫ਼ਲ ਬਣਾਉਣ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਬਾਰ੍ਹਾਂ ਮਹੀਨਿਆਂ ਰਾਹੀਂ ਜੀਵ ਇਸਤਰੀ ਦੀ ਵਿਆਕੁਲ ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਜੀਵ-ਆਤਮਾ ਆਪਣੇ ਮੂਲ ਨਾਲੋਂ ਵਿਛੜ ਕੇ ਆਪਣੀ ਤੁੱਛਤਾ ਨੂੰ ਮਹਿਸੂਸ ਕਰਦੀ ਹੈ ਅਤੇ ਪਰਮਾਤਮਾ ਦੇ ਮਿਲਾਪ ਲਈ ਤਾਂਘਦੀ ਹੈ।

ਮੱਘਰ ਦੇ ਮਹੀਨੇ ਰਾਹੀਂ ਗੁਰੂ ਜੀ ਸਮਝਾਉਣਾ ਕਰਦੇ ਹਨ ਕਿ ਜਿਹੜੀਆਂ ਜੀਵ ਰੂਪੀ ਇਸਤਰੀਆਂ ਆਪਣੇ ਪਤੀ ਪਰਮੇਸ਼ਰ ਨਾਲ ਮਿਲ ਬੈਠਦੀਆਂ ਹਨ ਉਹ ਇਸਤਰੀਆਂ ਹੀ ਸਤਿਕਾਰ ਅਤੇ ਪਿਆਰ ਦੇ ਯੋਗ ਹਨ। ਸਤਿਸੰਗੀਆਂ ਦੀ ਸੰਗਤ ਸਦਕਾ ਉਨ੍ਹਾਂ ਦਾ ਤਨ ਅਤੇ ਮਨ ਸਦਾ ਹੀ ਰੱਬੀ ਰੰਗ ਵਿਚ ਰੰਗਿਆ ਰਹਿੰਦਾ ਹੈ ਅਤੇ ਜਿਹੜੀਆਂ ਜੀਵ-ਇਸਤਰੀਆਂ ਸੰਤਾਂ ਦੀ ਸੰਗਤ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਉਹ ਇਕੱਲੀਆਂ ਭਾਵ ਛੁੱਟੜ ਹੀ ਰਹਿ ਜਾਂਦੀਆਂ ਹਨ। ਉਨ੍ਹਾਂ ਬੇਮੁੱਖਾਂ ਦਾ ਜਨਮ-ਮਰਨ ਦਾ ਵੱਡਾ ਦੁੱਖ ਕਦੇ ਨਹੀਂ ਮਿਟਦਾ ਅਤੇ ਉਹ ਜਮਦੂਤਾਂ ਦੇ ਵੱਸ ਪਈਆਂ ਰਹਿੰਦੀਆਂ ਹਨ। ਇਸ ਦੇ ਉਲਟ ਜਿਹੜੀਆਂ ਜੀਵ-ਇਸਤਰੀਆਂ ਨੇ ਪਤੀ-ਪਰਮੇਸ਼ਰ (ਪ੍ਰਭੂ) ਦਾ ਸਾਥ ਮਾਣਿਆ ਹੈ



ਉਹ ਹਮੇਸ਼ਾ ਸੁਚੇਤ ਅਤੇ ਸਾਵਧਾਨ ਰਹਿੰਦੀਆਂ ਹਨ ਅਤੇ ਵਿਕਾਰਾਂ ਦੀ ਚੋਟ ਤੋਂ ਬਚ ਜਾਂਦੀਆਂ ਹਨ। ਕਿਉਂਕਿ ਉਨ੍ਹਾਂ ਨੇ ਹੀਰੇ ਜਵਾਹਰ ਤੇ ਲਾਲਾਂ ਰੂਪੀ ਅਕਾਲ ਪੁਰਖ ਦੇ ਗੁਣਾਂ ਦਾ ਹਾਰ ਆਪਣੇ ਹਿਰਦੇ ਵਿਚ ਪ੍ਰੋਇਆ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਗਵਾਹ ਬਣਾ ਕੇ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਵਾਹਿਗੁਰੂ ਦੇ ਚਰਨੀ ਲੱਗ ਕੇ ਨਾਮ-ਸਿਮਰਨ ਦਾ ਲਾਹਾ ਲੈਂਦੇ ਹਨ ਮੈਂ ਉਨ੍ਹਾਂ ਦੀ ਚਰਨ ਧੂੜ ਤੋਂ ਵੀ ਬਲਿਹਾਰ ਜਾਂਦਾ ਹਾਂ। ਜਿਹੜੇ ਪ੍ਰਾਣੀਆਂ ਨੇ ਮੱਘਰ ਦੇ ਮਹੀਨੇ ਵਿਚ ਸਵਾਸ-ਸਵਾਸ ਪਰਮਾਤਮਾ ਨੂੰ ਆਰਾਧਿਆ ਹੈ, ਉਹ ਧੰਨ ਹਨ ਅਤੇ ਉਨ੍ਹਾਂ ਦਾ ਜਨਮ-ਮਰਨ ਦਾ ਗੇੜ ਖ਼ਤਮ ਹੋ ਜਾਂਦਾ ਹੈ। ਇਨ੍ਹਾਂ ਬਚਨਾਂ ਦੀ ਪ੍ਰੋੜਤਾ ਗੁਰੂ ਰਾਮਦਾਸ ਜੀ ਇਸ ਤਰ੍ਹਾਂ ਕਰ ਰਹੇ ਹਨ :-

“ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ॥”

“ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ॥”

• ਰਮੇਸ਼ ਬੱਗਾ ਚੋਹਲਾ
94631-32719

ਕਲਗੀਆਂ ਵਾਲੇ ਵੱਲੋਂ ਪਾਈ ਪਾਤਸ਼ਾਹੀ ਪੰਜਵੀਂ ਦੀ ਬਾਤ

ਤਿੰਨ ਸੌ ਬਿਆਲੀ (342) ਸਾਲ ਪਹਿਲਾਂ 1675 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖ ਧਰਮ ਦੀ ਗੁਰੂ ਲੜੀ ਵਿਚ ਦਸਵਾਂ ਤੇ ਆਖਰੀ ਦੇਹਧਾਰੀ ਗੁਰੂ ਪ੍ਰਗਟਾਇਆ ਗਿਆ ਸੀ। ਇਹ ਬਖ਼ਸ਼ਿਸ਼ ਸਬੱਬ ਉਨ੍ਹਾਂ ਦੇ ਪਿਤਾ ਜੀ ਵੱਲੋਂ ਭਾਰਤ ਦੇਸ਼ ਅੰਦਰ ਧਾਰਮਿਕ ਵੰਨ-ਸੁਵੰਨਤਾ ਨੂੰ ਬਰਕਰਾਰ ਰੱਖਦਿਆਂ ਦਿੱਲੀ ਦੇ ਚਾਂਦਨੀ ਚੌਕ ਅੰਦਰ ਦਿੱਤੀ ਸ਼ਹਾਦਤ ਸੀ। ਇਹ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਦਿੱਤੀ ਗਈ ਸੀ। ਇਸ ਸ਼ਹਾਦਤ ਦੀ ਬੁਨਿਆਦ ਗੁਰੂ ਤੇਗ ਬਹਾਦਰ ਜੀ ਦੇ ਬਾਬਾ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੜਦਾਦਾ ਜੀ, ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਵੱਲੋਂ ਲਾਹੌਰ ਵਿਖੇ ਦਿੱਤੀ ਸ਼ਹਾਦਤ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਗੁਰਤਾ ਗੱਦੀ ਨਾਲ ਇਨ੍ਹਾਂ ਸ਼ਹਾਦਤਾਂ ਨਾਲ ਡੂੰਘਾ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਬਾਣੀਆਂ ਅੰਦਰ ਸਮੋਇਆ ਹੈ। ਉਨ੍ਹਾਂ ਦੇ ਗੁਰਤਾ ਗੱਦੀ ਦਿਵਸ ਦੇ ਸੰਦਰਭ ਵਿਚ ਉਸ ਨੂੰ ਵੀ ਯਾਦ ਕਰਨਾ ਯੋਗ ਹੋਵੇਗਾ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਅੱਜ ਤੋਂ 350 ਸਾਲ ਪਹਿਲਾਂ ਹੋਇਆ ਸੀ। ਮਾਤਾ ਗੁਜਰੀ ਜੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਸਨ। ਗੁਰੂ ਜੀ ਨੂੰ 1675 ਈਃ ਵਿਚ ਗੁਰਿਆਈ ਮਿਲੀ। ਉਸ ਸਮੇਂ ਉਨ੍ਹਾਂ ਦੀ ਉਮਰ 9 ਸਾਲ ਸੀ।

ਗੁਰੂ ਜੀ ਦੇ ਵਿਆਹ 1677 ਈਃ ਵਿਚ ਮਾਤਾ ਜੀਤੋ ਜੀ ਨਾਲ, 1684 ਈਃ ਵਿਚ ਮਾਤਾ ਸੁੰਦਰੀ ਜੀ ਨਾਲ ਤੇ 1700 ਈਃ ਵਿਚ ਮਾਤਾ ਸਾਹਿਬ ਦੇਵਾਂ ਜੀ ਨਾਲ ਹੋਏ। ਮਾਤਾ ਜੀਤੋ ਜੀ ਤੇ ਮਾਤਾ ਸੁੰਦਰੀ ਜੀ ਤੋਂ ਗੁਰੂ ਜੀ ਦੇ ਗ੍ਰਹਿ ਵਿਖੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ, ਚਾਰ ਪੁੱਤਰਾਂ ਨੇ ਜਨਮ ਲਿਆ।

1699 ਈਃ ਵਿਚ ਗੁਰੂ ਗੋਬਿੰਦ ਜੀ ਵੱਲੋਂ ਖ਼ਾਲਸਾ ਸਾਜਿਆ ਗਿਆ। ਉਨ੍ਹਾਂ ਨੇ ਕੇਸਗੜ੍ਹ,ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਫ਼ਤਹਿਗੜ੍ਹ ਆਦਿ ਕਿਲ੍ਹਿਆਂ ਦੀ ਉਸਾਰੀ ਕਰਵਾਈ।

ਗੁਰੂ ਜੀ ਤੇਗ਼ ਤੇ ਕਲਮ ਦੇ ਧਨੀ ਸਨ।

ਉਨ੍ਹਾਂ ਨੇ ਭੰਗਾਣੀ, ਚਮਕੌਰ, ਮੁਕਤਸਰ, ਨਦੌਣ, ਅਨੰਦਪੁਰ ਸਮੇਤ ਕੁਲ 14 ਯੁੱਧ ਲੜੇ।

ਗੁਰੂ ਜੀ ਦੇ ਪੜਦਾਦਾ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਗੁਰੂ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਸਮੇਤ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵੀ ਧਰਮ ਹੇਤ ਸ਼ਹਾਦਤ ਨੂੰ ਪ੍ਰਾਪਤ ਹੋਏ ਸਨ।

ਗੁਰੂ ਜੀ ਨੇ ਭਾਈ ਮਨੀ ਜੀ ਹੱਥੋਂ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਆਦਿ ਬੀੜ ਦੀ ਮੁੜ ਸੰਪਾਦਨਾ ਕਰਵਾਈ। 1708 ਈਃ ਵਿਚ ਇਸੇ ਦਮਦਮੀ ਬੀੜ ਨੂੰ ਗੁਰੂ ਪਦਵੀ ਨਾਲ ਨਿਵਾਜਿਆ। ਖ਼ਾਲਸਾ ਪੰਥ ਨੂੰ ਸ਼ਬਦ ਗੁਰੂ ਬਖ਼ਸ਼ ਗੁਰੂ ਜੀ 1708 ਈਃ ਵਿਚ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕਈ ਬਾਣੀਆਂ ਰਚੀਆਂ। ਅੱਜ ਇਹ ਲਿਖਤਾਂ ਦਸਮ ਗ੍ਰੰਥ ਦੇ ਰੂਪ ਵਿਚ ਪ੍ਰਾਪਤ ਹਨ।

ਗੁਰੂ ਜੀ ਵਲੋਂ ਲਿਖਵਾਏ ਕਈ ਗ੍ਰੰਥ ਅਨੰਦਪੁਰ ਛੱਡਣ ਸਮੇਂ ਸਰਸਾ ਨਦੀ ਵਿਚ ਰੁੜ੍ਹ ਗਏ ਮੰਨੇ ਜਾਂਦੇ ਹਨ। ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੇ ਵਿਦਵਾਨ ਸਿੱਖਾਂ ਦੀ ਮਦਦ ਨਾਲ ਸ਼ਰਧਾਲੂਆਂ ਪਾਸ ਸੁਰੱਖਿਅਤ ਪਈਆਂ ਪੋਥੀਆਂ ਤੋਂ ਉਤਾਰੇ ਕਰਵਾ ਕੇ ਦਸਮ ਗ੍ਰੰਥ ਤਿਆਰ ਕਰਵਾਇਆ। ਇਸ ਗ੍ਰੰਥ ਨੂੰ ਪਹਿਲਾਂ ਬਚਿਤ੍ਰ ਨਾਟਕ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਹੁਣ ਇਸ ਦਾ ਨਾਮ ਦਸਮ ਗ੍ਰੰਥ ਪੱਕ ਗਿਆ ਹੈ।

ਦਸਮ ਗ੍ਰੰਥ ਵਿਚ ਗੁਰੂ ਜੀ ਦੀਆਂ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ, ਵਾਰ ਦੁਰਗਾ ਕੀ, ਗਿਆਨ ਪ੍ਰਬੋਧ, ਸ਼ਸਤ੍ਰ ਨਾਮਮਾਲਾ, ਜ਼ਫ਼ਰਨਾਮਾ ਆਦਿ ਰਚਨਾਵਾਂ ਹੋਣ ਬਾਰੇ ਕਰੀਬ-ਕਰੀਬ ਸਰਵਸੰਮਤੀ ਪਾਈ ਜਾਂਦੀ ਹੈ।

ਗੁਰੂ ਗੋਬਿੰਦ ਜੀ ਨੇ ਬਚਿਤ੍ਰ ਨਾਟਕ ਤੇ ਚੰਡੀ ਦੀ ਵਾਰ (ਵਾਰ ਦੁਰਗਾ ਕੀ) ਵਿਚ ਆਪਣੇ ਪੜਦਾਦਾ ਜੀ ਦੀ ਗੁਰਿਆਈ ਦਾ ਜ਼ਿਕਰ ਕੀਤਾ ਹੈ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰਚਨਾਵਾਂ ਅੰਦਰ ਪੜਪੋਤੇ ਵਲੋਂ ਪੜਦਾਦਾ ਜੀ ਦੀ ਬਾਤ ਵੀ ਪਾਈ ਗਈ ਹੈ।

ਇਥੇ ਗੁਰੂ ਅਰਜਨ ਦੇਵ ਜੀ ਦੇ ਹਵਾਲੇ ਨਾਲ ਬਚਿਤ੍ਰ ਨਾਟਕ ਬਾਰੇ ਵਿਚਾਰ ਕਰਦੀ ਹਾਂ। ਬਚਿਤ੍ਰ ਨਾਟਕ ਦਸਮ ਗ੍ਰੰਥ ਦੀਆਂ ਬੀੜਾਂ ਵਿਚ ਤੀਜੇ ਅਧਿਆਇ ਦੇ ਰੂਪ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਅੰਦਰ ਸਮੇਂ-ਸਮੇਂ ਹੋਏ ਭਾਰਤੀ ਲੋਕ-ਨਾਇਕਾਂ ਦੇ ਜੀਵਨ ਬ੍ਰਿਤਾਂਤ ਨੂੰ ਪੇਸ਼ ਕੀਤਾ ਗਿਆ ਹੈ। ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੇ ਨਾਲ-ਨਾਲ ਉਨ੍ਹਾਂ ਦੀ ਆਤਮ ਕਥਾ ਸਵੀਕਾਰੀ ਗਈ ਹੈ। ਭਾਵੇਂ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਨਹੀਂ।

ਇਸ ਵੱਡੇ ਅਕਾਰ ਵਾਲੀ ਰਚਨਾ ਦੇ ਕੁੱਲ 14 ਅਧਿਆਇ ਹਨ। ਇਹ ਛੰਦ ਪ੍ਰਧਾਨ ਰਚਨਾ ਹੈ। ਇਸ ਵਿਚ ਕੁੱਲ 13 ਕਿਸਮ ਦੇ ਛੰਦਾਂ ਦੀ ਵਰਤੋਂ ਹੋਈ ਹੈ। ਸਭ ਤੋਂ ਵੱਧ ਚੌਪਈ ਛੰਦ ਵਰਤਿਆ ਗਿਆ ਹੈ। ਇਸ ਰਚਨਾ ਦੇ ਪੰਜਵੇਂ ਅਧਿਆਇ ਦੇ 16 ਛੰਦਾਂ ਵਿਚ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤਕ ਗੁਰਗੱਦੀ ਦਾ ਇਤਿਹਾਸ ਤਰਤੀਬਬੱਧ ਕੀਤਾ ਗਿਆ ਹੈ।

ਇਸ ਅਧਿਆਇ ਦੇ 11 ਵੇਂ ਛੰਦ ਵਿਚ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ’ਤੇ ਬੈਠਣ ਦੀ ਤੇ ਜੋਤੀ-ਜੋਤ ਸਮਾਉਣ ਦੀ ਸੰਖੇਪ ਜਾਣਕਾਰੀ ਦਰਜ ਕੀਤੀ ਗਈ ਹੈ, ਜੋ ਇਸ ਪ੍ਰਕਾਰ ਹੈ :

ਰਾਮਦਾਸ ਹਰਿ ਸੋ ਮਿਲਿ ਗਏ।
ਗੁਰਤਾ ਦੇਤ ਅਰਜੁਨਹਿ ਭਏ।
ਜਬ ਅਰਜੁਨ ਪ੍ਰਭ ਲੋਕਿ ਸਿਧਾਏ।
ਹਰਿ ਗੋਬਿੰਦ ਤਿਹ ਠਾਂ ਠਹਰਾਏ॥ ੧੧॥ (ਪੰ. 70)

ਇਨ੍ਹਾਂ ਸਤਰਾਂ ਵਿਚ ਉਨ੍ਹਾਂ ਨੂੰ ਇਕ ਗੁਰੂ ਲੜੀ ਅਧੀਨ ਗੁਰਤਾਗੱਦੀ ਪ੍ਰਾਪਤ ਹੋਣ ਤੋਂ ਬਾਅਦ ਅਕਾਲ ਚਲਾਣਾ ਕਰ ਜਾਣ ਉਪਰੰਤ ਗੁਰਤਾ ਹਰਿਗੋਬਿੰਦ ਪ੍ਰਤੀ ਜਾਣ ਹਿਤ ਸੰਕੇਤ ਮਾਤਰ ਜ਼ਿਕਰ ਹੈ। ਇਹ ਸਤਰਾਂ ਗੁਰੂ ਅਰਜਨ ਦੇਵ ਜੀ ਦੇ ਗੁਰੂ ਰੂਪ ਨੂੰ ਪ੍ਰਕਾਸ਼ ਦਿੰਦਿਆਂ ਉਨ੍ਹਾਂ ਦਾ ਗੁਰੂ ਬਿੰਬ ਸਿਰਜਦੀਆਂ ਹਨ।

ਬਚਿੱਤਰ ਨਾਟਕ ਦੀ ਇਸ ਚੌਪਈ ਵਿਚ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦਾ ਹੀ ਹਵਾਲਾ ਦਿੱਤਾ ਗਿਆ ਹੈ ਪਰ ਇਸ ਤੋਂ ਬਾਅਦ ਉਨ੍ਹਾਂ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪ੍ਰਕਾਸ਼ ਦੇਣ ਵਾਲੀਆਂ ਉਹ ਅਮਰ ਪੰਗਤੀਆਂ ਲਿਖਤਬੱਧ ਹੋਈਆਂ ਹਨ ਜਿਹੜੀਆਂ ਗੁਰੂ ਤੇਗ ਬਹਾਦਰ ਪ੍ਰਤੀ ਅਖਾਣ ਰੂਪ ਹੀ ਬਣ ਗਈਆਂ ਹਨ। ਇਹ ਇਸ ਤਰ੍ਹਾਂ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ॥੧੩॥
ਧਰਮ ਹੇਤ ਸਾਕਾ ਜਿਨ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ॥੧੪॥
ਦੋਹਰਾ :
ਠੀਕਰ ਫੋਰਿ ਦਿਲੀਸ ਸਿਰਿ,
ਪ੍ਰਭ ਪੁਰਿ ਕੀਯਾ ਪਯਾਨ
ਤੇਗ ਬਹਾਦੁਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨਿ॥੧੫॥
ਤੇਗ ਬਹਾਦੁਰ ਕੇ ਚਲਤ,
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕਿ॥੧੬॥ (ਪੰ. 70)





ਹਰਪ੍ਰੀਤ ਕੌਰ ਹਰਫ਼
82849-42992

ਇਨ੍ਹਾਂ ਸਤਰਾਂ ਦੇ ਪਾਠ ਉਪਰੰਤ ਇਹ ਸਵਾਲ ਆਪ ਮੁਹਾਰੇ ਦਿਲ ਅੰਦਰ ਉਠਦਾ ਹੈ ਕਿ ਗੁਰੂ ਜੀ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਪੋਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿਕਰ ਬਹੁਤ ਜ਼ੋਰਦਾਰ ਢੰਗ ਨਾਲ ਹੋਇਆ ਹੈ ਪਰ ਬਾਬੇ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਥੇ ਦਰਜ ਨਹੀਂ ਹੋਈ। ਇਹ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮਾਡਲ ਰੂਪ ਸੀ। ਗੁਰੂ ਤੇਗ ਬਹਾਦਰ ਜੀ ਵੀ ਉਵੇਂ ਹੀ ਸ਼ਹਾਦਤ ਨੂੰ ਪ੍ਰਾਪਤ ਹੋਏ ਜਿਵੇਂ ਗੁਰੂ ਅਰਜਨ ਦੇਵ ਜੀ ਹੋਏ ਸਨ। ਬਾਦਸ਼ਾਹੀ ਤੇ ਨਗਰ ਦਾ ਅੰਤਰ ਹੈ। ਗੁਰੂ ਤੇਗ ਬਹਾਦਰ ਵੇਲੇ ਔਰੰਗਜ਼ੇਬ ਦੀ ਬਾਦਸ਼ਾਹੀ ਸੀ ਤੇ ਸ਼ਹਾਦਤ ਸਥਾਨ ਦਿੱਲੀ ਸੀ ਪਰ ਗੁਰੂ ਅਰਜਨ ਦੇਵ ਵੇਲੇ ਬਾਦਸ਼ਾਹ ਜਹਾਂਗੀਰ ਸੀ ਤੇ ਨਗਰ ਦਾ ਨਾਮ ਲਾਹੌਰ ਸੀ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਾਪੂ ਜੀ ਦੇ ਬਾਬਾ ਜੀ ਨੂੰ ਗੁਰੂ ਰੂਪ ਵਿਚ ਹੀ ਪੇਸ਼ ਕੀਤਾ ਹੈ। ਇੱਥੇ ਇਕ ਦਿਲਚਸਪ ਤੱਥ ਪ੍ਰਕਾਸ਼ ਵਿਚ ਆਉਂਦਾ ਹੈ। ਉਹ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਲਿਖਤੀ ਹਵਾਲਾ ਤੁਜ਼ਿਕ-ਇ-ਜਹਾਂਗੀਰੀ ਵਿਚ ਮਿਲਦਾ ਹੈ ਪਰ ਪੰਜਾਬੀ ਭਾਸ਼ਾ ਵਿਚ ਰਚੇ ਸਾਹਿਤ ਵਿਚ ਇਹ ਹਵਾਲਾ ਸੰਕੇਤ ਮਾਤਰ ਭਾਈ ਗੁਰਦਾਸ ਜੀ ਦੀ ਚੌਵੀਵੀਂ ਵਾਰ ਦੀ ਤੇਈਵੀਂ ਪਉੜੀ ਵਿਚ ਦਰਜ ਹੋਇਆ ਹੈ। ਇਸ ਵਾਰ ਦੀਆਂ ਸ਼ਹਾਦਤੀ ਭਾਵ ਵਾਲੀਆਂ ਦੋ ਸਤਰਾਂ ਇਹ ਹਨ :

ਰਹਿੰਦੇ ਗੁਰ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ।
ਗੁਰੂ ਅਰਜਨ ਵਿਟਹੁ ਕੁਰਬਾਣੀ॥੨੩॥

ਭਾਈ ਗੁਰਦਾਸ ਤੋਂ ਬਾਅਦ ਪੂਰੀ ਸਤਾਰਵੀਂ ਸਦੀ ਦੀਆਂ ਲਿਖਤਾਂ ਵਿਚ ਮਹਲਾ ਪੰਜਵਾਂ ਦੇ ਸ਼ਹਾਦਤੀ ਭਾਵ ਦਾ ਹਵਾਲਾ ਦਰਜ ਨਹੀਂ ਹੋਇਆ। ਬਚਿੱਤਰ ਨਾਟਕ ਵੀ ਇਸੇ ਲੜੀ ਅਧੀਨ ਆਉਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਆਪਣੀ ਇਕ ਹੋਰ ਰਚਨਾ ਚੰਡੀ ਦੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਦਾ ਜ਼ਿਕਰ ਕਰਦੇ ਹਨ। ਇਹ ਰਚਨਾ ਦਸਮ ਗ੍ਰੰਥ ਵਿਚ ਛੇਵਾਂ ਅਧਿਆਇ ਬਣ ਦਰਜ ਹੋਈ ਹੈ। ਇਸ ਨੂੰ ਵਾਰ ਦੁਰਗਾ ਕੀ, ਵਾਰ ਸ੍ਰੀ ਭਗਉਤੀ ਜੀ ਕੀ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰਃ ਪੌੜੀ ਛੰਦ ਵਿਚ ਭਗਵਤੀ (ਦੁਰਗਾ) ਦੀ ਯੁੱਧਕਥਾ, ਦਸਮ ਗ੍ਰੰਥ ਦੇ ਦੋਹਾਂ ਚੰਡੀ ਚਰਿਤ੍ਰਾਂ ਪਿੱਛੋਂ ਪੰਜਾਬੀ ਦੀ ਮਨੋਹਰ ਰਚਨਾ ਹੈ। ਇਸ ਵਿਚ 55 ਪੌੜੀਆਂ ਹਨ। ਇਸ ਵਿਚ ਮਾਰਕੰਡੇਯ ਪੁਰਾਣ ਦੀ ਦੁਰਗਾ ਸਪਤਸ਼ਤੀ ਦਾ ਖੁਲਾਸਾ ਹੈ। (ਪੰ. 10 91/ਸੰਸਕਰਣ 2006)

ਚੰਡੀ ਦੀ ਵਾਰ ਦੀ ਪਹਿਲੀ ਪਾਉੜੀ ਸਿੱਖਾਂ ਦੁਆਰਾ ਨਿੱਤ ਕੀਤੀ ਜਾਂਦੀ ਅਰਦਾਸ ਤੋਂ ਆਰੰਭ ਹੁੰਦੀ ਹੈ। ਇਸ ਵਿਚ ਪਾਤਸ਼ਾਹੀ ਪਹਿਲੀ ਤੋਂ ਨੌਵੀਂ ਤਕ ਨੂੰ ਧਿਆਇਆ ਤੇ ਸਿਮਰਿਆ ਗਿਆ ਹੈ। ਇਸ ਪਉੜੀ ਦੀ ਤੀਜੀ ਸਤਰ ਵਿਚ ਗੁਰੂ ਗੋਬਿੰਦ ਸਿੰਘ ਜੀ, ਗੁਰੂ ਅਰਜਨ ਦੇਵ ਜੀ ਨੂੰ ਸਿਮਰਦੇ ਹਨ। ਸਾਰੀ ਪਾਉੜੀ ਇਸ ਤਰ੍ਹਾਂ ਹੈ :

ਪ੍ਰਥਮਿ ਭਗਉਤੀ ਸਿਮਰਕੈ
ਗੁਰੂ ਨਾਨਕ ਲਈ ਧਿਆਇ।
ਅੰਗਦ ਗੁਰ ਤੇ ਅਮਰਦਾਸ
ਰਾਮਦਾਸੈ ਹੋਈ ਸਹਾਇ।
ਅਰਜੁਨ ਹਰਿਗੋਬਿੰਦ ਨੋ
ਸਿਮਰੌ ਸ੍ਰੀ ਹਰਿ ਰਾਇ।
ਸ੍ਰੀ ਹਰਿ ਕ੍ਰਿਸਨਿ ਧਿਆਇਐ
ਜਿਸੁ ਡਿਠੇ ਸਭੁ ਦੁਖੁ ਜਾਇ।
ਤੇਗ ਬਹਾਦੁਰ ਸਿਮਰੀਐ
ਘਰਿ ਨੌਨਿਧ ਆਵੈ ਧਾਇ।
ਸਭ ਥਾਈਂ ਹੋਇ ਸਹਾਇ।੧। (ਪੰ. 154)

ਅਰਦਾਸ ਰੂਪ ਵਿਚ ਗੁਰੂ ਅਰਜਨ ਦੇਵ ਜੀ ਇਸ ਪਉੜੀ ਦਾ ਹਿੱਸਾ ਬਣੇ ਹਨ। ਇਸ ਪਉੜੀ ਦਾ ਅਕੱਥ ਮਹੱਤਵ ਸਿੱਖ ਧਰਮ ਦੀ ਅਰਦਾਸ ਵਿਚ ਸ਼ਾਮਿਲ ਹੋ ਜਾਣ ਕਾਰਨ ਵੀ ਹੈ। ਗੁਰੂ ਅਰਜਨ ਦੇਵ ਜੀ ਇਸ ਅੰਦਰ ਗੁਰੂ ਹਸਤੀ ਵਜੋਂ ਨਿਖਰੇ ਗੁਰੂ ਬਿੰਬ ਦੇ ਧਾਰਨੀ ਹਨ।

ਗੁਰੂ ਸਾਹਿਬਾਨ ਨੂੰ ਸਿਮਰਨਾ ਇਸ ਪਉੜੀ ਦਾ ਮੂਲ ਮੰਤਵ ਹੈ। ਸਿਮਰਨ ਦਾ ਅਰਥ ਗੁਰੂ ਨੂੰ ਆਪਣੇ ਅੰਗ ਸੰਗ ਮੰਨਣਾ ਹੈ। ਇਹ ਮੰਨਣ ਨਾਲ ਸਿੱਖ ਕਦੇ ਵੀ ਆਪਣੇ ਆਪ ਨੂੰ ਖਾਲੀ, ਨਿਤਾਣਾ ਤੇ ਇਕੱਲਾ ਮਹਿਸੂਸ ਨਹੀਂ ਕਰਦਾ। ਅਰਦਾਸ ਦਾ ਇਹ ਸ਼ਕਤੀਸ਼ਾਲੀ ਪੱਖ ਹੈ ਜਿਸ ਅੰਦਰ ਸਿੱਖ ਮਨ ਦਾ ਖੇੜਾ, ਸਰਬੱਤ ਦੇ ਭਲੇ ਵਾਲਾ ਭਾਵ, ਚੜ੍ਹਦੀ ਕਲਾ ਵਾਲਾ ਭਾਵ ਤੇ ਨਿਮਰਤਾ ਦਾ ਭਾਵ ਸਦਾ ਵਿਗਾਸ ਦਾ ਰੂਪ ਬਣ ਵਸਦਾ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵੱਖਰੇ ਅੰਦਾਜ਼ ਵਿਚ ਇਸ ਪਉੜੀ ਨਾਲ ਸਮਸਤ ਗੁਰੂ ਸਾਹਿਬਾਨ ਨੂੰ ਇਕ ਜੋਤ ਬਣਾ ਸਿੱਖ ਹਿਰਦੇ ਅੰਦਰ ਸਦੀਵ ਕਾਲ ਤਕ ਟਿਕਾ ਦਿੱਤਾ ਹੈ।

ਇਸ ਜੋਤ ਦਾ ਨਿਆਰਾ ਰੂਪ ਗੁਰੂ ਅਰਜਨ ਦੇਵ ਜੀ ਵੀ ਸਨ ਜਿਨ੍ਹਾਂ ਬਾਣੀ ਨੂੰ ਲਿਖਤ ਰੂਪ ਪ੍ਰਦਾਨ ਕਰਵਾਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸਥਾਪਿਤ ਕੀਤਾ ਤਾਂ ਜੋ ਹਰ ਦਿਲ ਉਸ ਜਗਦੀ ਜੋਤ ਤੋਂ ਜੋਤੀ ਲੈਂਦਾ ਰਹੇ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਦੋ ਰਚਨਾਵਾਂ ਬਚਿੱਤਰ ਨਾਟਕ ਤੇ ਚੰਡੀ ਦੀ ਵਾਰ ਵਿਚ ਪਾਤਸ਼ਾਹੀ ਪੰਜਵੀਂ ਦੀ ਬਾਤ ਸਮੂਹ ਮਾਨਵ ਹਿੱਤ ਪਾਈ ਹੈ। •

ਗੁਲਾਂ ਦਾ ਖ਼ਜ਼ਾਨਾ

ਗੁਰਦੀਪ ਸਿੰਘ

ਕੁੱਲੀ, ਗੁੱਲੀ ਤੇ ਜੁੱਲੀ ਆਧੁਨਿਕ ਸੰਸਾਰਕ ਜੀਵ ਦੀਆਂ ਮੁੱਖ ਲੋੜਾਂ ਹਨ। ਇਨਸਾਨ ਦਾ ਜਦੋਂ ਉਪਜੀਵਕਾਂ ਕਮਾਉਣ ਦਾ ਕੋਈ ਸਾਧਨ ਬਣ ਜਾਂਦਾ ਹੈ ਤਾਂ ਉਸ ਦੇ ਦੋ ਮਸਲੇ ਗੁੱਲੀ ਤੇ ਜੁੱਲੀ ਦਾ ਸਹਿਜੇ ਹੱਲ ਹੋ ਜਾਂਦਾ ਹੈ ਪਰ ਕੁੱਲੀ ਬਣਾਉਣ ਲਈ ਸਾਰਾ ਜੀਵਨ ਲੱਗ ਜਾਂਦਾ ਹੈ। ਮੇਰੇ ਨਾਲ ਵੀ ਏਦਾਂ ਹੀ ਹੋਇਆ। ਸੇਵਾ ਮੁਕਤੀ ਤੋਂ ਬਾਅਦ ਰਿਹਾਇਸ਼ ਉੱਪਰ ਦੋ ਕਮਰਿਆਂ ਦਾ ਸੈੱਟ ਪਾ ਕੇ ਕਿਰਾਏ ’ਤੇ ਦੇ ਦਿੱਤਾ। ਕੁਝ ਸਮਾਂ ਪਹਿਲਾਂ ਹੀ ਉੱਪਰਲਾ ਪੋਰਸ਼ਨ ਬਸੰਤ ਸਿੰਘ ਗਰੇਵਾਲ ਐਡਵੋਕੇਟ ਨੇ ਕਿਰਾਏ ’ਤੇ ਲਿਆ ਹੈ। ਬੇਸ਼ੱਕ ਉਨ੍ਹਾਂ ਦਾ ਪਿੰਡ ਇੱਥੋਂ ਬਠਿੰਡੇ ਤੋਂ ਕੋਈ ਬਹੁਤਾ ਦੂਰ ਨਹੀਂ ਪਰ ਉਨ੍ਹਾਂ ਨੇ ਆਪਣੇ ਛੋਟੇ ਬੱਚੇ ਨੂੰ ਸੇਂਟ ਜੋਸਫ਼ ਕਾਨਵੈਂਟ ਸਕੂਲ ਵਿਚ ਪੜ੍ਹਾਉਣ ਖ਼ਾਤਰ ਸ਼ਹਿਰ ਵਿਚ ਰਹਿਣਾ ਠੀਕ ਸਮਝਿਆ। ਨਾਲ ਉਨ੍ਹਾਂ ਨੂੰ ਵੀ ਰੋਜ਼ਾਨਾ ਬਠਿੰਡੇ ਕੋਰਟ ਵਿਚ ਪ੍ਰੈਕਟਿਸ ਲਈ ਆਉਣਾ ਪੈਂਦਾ ਸੀ। ਉਨ੍ਹਾਂ ਦਾ ਛੋਟਾ ਜਿਹਾ ਪਰਿਵਾਰ ਹੈ।

ਜਦੋਂ ਇਹ ਪਰਿਵਾਰ ਆਪਣਾ ਸਾਮਾਨ ਲੈ ਕੇ ਸਾਡੇ ਘਰ ਰਹਿਣ ਲਈ ਆ ਗਿਆ ਤਾਂ ਕੋਠੇ ਦੀ ਛੱਤ ਉੱਪਰੋਂ ਹੀ ਇਨ੍ਹਾਂ ਦੇ ਬੱਚੇ ਨੇ ਮੈਨੂੰ ਥੱਲੇ ਵਿਹੜੇ ਵਿਚ ਤੁਰਦਾ-ਫਿਰਦਾ ਵੇਖ ਲਿਆ। ਉਸ ਨੇ ਫੱਟ ਆਪਣੀ ਮੰਮੀ ਨੂੰ ਕਹਿ ਦਿੱਤਾ, ‘ਮੰਮੀ ਔਹ ਥੱਲੇ ਤਾਂ ਨਾਨੂੰ ਹਨ, ਮੈਂ ਉਨ੍ਹਾਂ ਕੋਲ ਜਾਂਦਾ ਹਾਂ।’ ਉਹ ਉੱਪਰੋਂ ਉੱਤਰ ਕੇ ਥੱਲੇ ਮੇਰੇ ਕੋਲ ਆ ਗਿਆ। ਮੈਂ ਵੀ ਉਸ ਨਾਲ ਗੱਲਾਂ ਕਰਨ ਲੱਗ ਪਿਆ। ਗੱਲਾਂ ਕਰਦਿਆਂ ਉਸ ਨੂੰ ਪੁੱਛਿਆ, ‘ਬੇਟਾ ਤੇਰਾ ਨਾਂ ਕੀ ਹੈ?’ ਉਹ ਕਹਿਣ ਲੱਗਾ, ‘ਮੇਰਾ ਨਾਂ ਗੁਨਤਾਸ ਹੈ।’ ਉਸ ਦਾ ਨਾਂ ਸੁਣ ਕੇ ਬੜਾ ਹੈਰਾਨ ਹੋਇਆ।

ਕੁਝ ਦਿਨ ਬੀਤਣ ਤੋਂ ਬਾਅਦ ਆਖ਼ਿਰ ਮੈਂ ਬਸੰਤ ਸਿੰਘ ਤੋਂ ਪੁੱਛ ਲਿਆ ਕਿ ਅੱਜ ਕੱਲ੍ਹ ਤਾਂ ਲੋਕ ਬੱਚਿਆਂ ਦੇ ਬੜੇ ਛੋਟੇ-ਛੋਟੇ ਉਪ ਨਾਂ ਰੱਖ ਲੈਂਦੇ ਹਨ ਜਿਵੇਂ ਹੈਰੀ, ਸ਼ੈਰੀ। ਤੁਸੀਂ ਗੁਨਤਾਸ ਦਾ ਹੋਰ ਕੀ ਨਾਂ ਰੱਖਿਆ ਹੈ? ਉਨ੍ਹਾਂ ਕਿਹਾ, ‘ਨਹੀਂ ਜੀ, ਇਸ ਦਾ ਕੋਈ ਛੋਟਾ ਨਾਂ ਨਹੀਂ ਰੱਖਿਆ।’ ਫਿਰ ਮੈਂ ਪੁੱਛਿਆ ਕਿ ਉਸ ਦਾ ਨਾਂ ਕਿਸ ਨੇ ਰੱਖਿਆ ਹੈ? ਉਨ੍ਹਾਂ ਦੱਸਿਆ ਕਿ ਇਸ ਦੀ ਮਾਸੀ ਨੇ ਰੱਖਿਆ ਹੈ। ਉਹ ਸਾਰਾ ਪਰਿਵਾਰ ਦਿੱਲੀ ਰਹਿੰਦੇ ਹਨ ਤੇ ਸਾਰਾ ਧਾਰਮਿਕ ਪਰਿਵਾਰ ਹੈ। ਉਸ ਤੋਂ ਬਾਅਦ ਮੈਂ ਇਕ ਹੋਰ ਸਵਾਲ ਦਾਗ ਦਿੱਤਾ, ‘ਤੁਹਾਨੂੰ ਗੁਨਤਾਸ ਦਾ ਮਤਲਬ ਪਤਾ ਹੈ ਕਿ ਕਿਸ ਨੂੰ ਕਹਿੰਦੇ ਹਨ?’ ਕਹਿਣ ਲੱਗੇ, ‘ਨਹੀਂ ਜੀ’। ਫਿਰ ਮੈਂ ਦੱਸਿਆ ਕਿ ਗੁਨਤਾਸ ਲਫ਼ਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰ ਆਉਂਦਾ ਹੈ। ਇਸ ਦਾ ਸ਼ਬਦੀ ਅਰਥ ‘ਗੁਣਾਂ ਦਾ ਖ਼ਜ਼ਾਨਾ’ ਹੈ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਰਚਿਤ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਦੀ ਅਠਾਰਵੀਂ ਅਸ਼ਟਪਦੀ ਵਿਚ ਇਸ ਦਾ ਜ਼ਿਕਰ ਆਉਂਦਾ ਹੈ ਕਿ :

‘ਉਸ ਪੁਰਖ ਕਾ ਨਹੀ ਕਦੇ ਬਿਨਾਸ,
ਜਾ ਕੈ ਮਨਿ ਪ੍ਰਗਟੇ ਗੁਨਤਾਸ।’

ਭਾਵ ਉਸ ਜੀਵ ਦਾ ਕਦੇ ਵੀ ਖ਼ਾਤਮਾ ਨਹੀਂ ਹੁੰਦਾ ਜਿਸ ਦੇ ਮਨ ਵਿਚ ਗੁਣਾਂ ਦੇ ਖ਼ਜ਼ਾਨੇ ਉਸ ਪ੍ਰਭੂ ਦਾ ਨਾਂ ਵੱਸ ਜਾਂਦਾ ਹੈ। ਉਸ ਤੋਂ ਬਾਅਦ ਇਸੇ ਬਾਣੀ ਦੀ ਵੀਹਵੀਂ ਅਸ਼ਟਪਦੀ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ :

‘ਸਗਲ ਦੂਖ ਕਾ ਹੋਵਤ ਨਾਸੁ,
ਨਾਨਕ ਨਾਮ ਜਪਹੁ ਗੁਨਤਾਸ।’

ਭਾਵ ਪੰਜਵੇਂ ਨਾਨਕ ਜੀ ਕਹਿ ਰਹੇ ਹਨ ਕਿ ਸਾਰਿਆਂ ਦੁੱਖਾਂ ਦਾ ਖ਼ਾਤਮਾ ਹੋ ਜਾਂਦਾ ਹੈ ਜੇ ਤੁਸੀਂ ਗੁਣਾਂ ਦੇ ਖ਼ਜ਼ਾਨੇ ਉਸ ਪਰਮਾਤਮਾ ਦਾ ਨਾਂ ਜਪਦੇ ਹੋ।

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਵਾਰੀ ਇਸ ਨਾਂ ਦਾ ਵਰਨਣ ਕੀਤਾ ਗਿਆ ਹੈ।

98150-87751

ਨਾਰਾਇਣੀ ਕਲੀਆਂ ਦੀ ਉਡੀਕ

ਤਲਵਿੰਦਰ ਸ਼ਾਸਤਰੀ ਨਾਰੀਕੇ

ਹਰ ਮਨੁੱਖ ਆਪਣੇ ਜੀਵਨ ਵਿਚ ਨਿੱਕੀਆਂ-ਨਿੱਕੀਆਂ ਕਣੀਆਂ ਦਾ ਮੀਂਹ ਪੈਂਦਾ ਤਾਂ ਦੇਖਦਾ ਹੀ ਹੈ। ਕਿਣ-ਮਿਣ ਕਰਦੀਆਂ ਕਣੀਆਂ ਪੈਂਦੀਆਂ ਦੇਖਕੇ ਉਸ ਸਮੇਂ ਦਾ ਆਨੰਦ ਵੀ ਹਰ ਕਿਸੇ ਨੇ ਲਿਆ ਵੀ ਹੋਵੇਗਾ। ਲੱਖਾਂ ਕਵੀਆਂ ਤੇ ਗੀਤਕਾਰਾਂ ਨੇ ਇਸ ਮਨਮੋਹਕ ਦ੍ਰਿਸ਼ ’ਤੇ ਅਨੇਕਾਂ ਗੀਤ ਲਿਖੇ-ਗਾਏ ਵੀ ਹੋਣਗੇ। ਪ੍ਰੰਤੂ ਹਿੰਦੂ ਰਿਸ਼ੀਆਂ ਤੇ ਪਵਿੱਤਰ ਗ੍ਰੰਥਾਂ ਅਨੁਸਾਰ ਸੁੰਦਰਤਮ ਸੱਚ ਤਾਂ ਇਹ ਹੈ ਕਿ ਇਨ੍ਹਾਂ ਕਣੀਆਂ ਦੇ ਦੋ ਰੂਪ ਹਨ। ਇਨ੍ਹਾਂ ਨੂੰ ਦੇਖਣ ਲਈ ਵੀ ਦੋ ਤਰ੍ਹਾਂ ਦੀ ਦ੍ਰਿਸ਼ਟੀ ਦੀ ਲੋੜ ਹੈ। ਇਕ ਦੁਨਿਆਵੀ ਤੇ ਦੂਜੀ ਅਧਿਆਤਮਵਾਦੀ ਦ੍ਰਿਸ਼ਟੀ। ਦੁਨਿਆਵੀ ਦ੍ਰਿਸ਼ਟੀ ਨਾਲ ਦੇਖਣ ਵਾਲਿਆਂ ਲਈ ਤਾਂ ਕਣੀਆਂ ਦਾ ਪੈਣਾ ਆਮ ਜਿਹਾ ਵਰਤਾਰਾ ਹੈ। ਉਨ੍ਹਾਂ ਲਈ ਤਾਂ ਅੰਬਰ ’ਚ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਹੁੰਦੀਆਂ ਹਨ। ਕਿਤੇ-ਕਿਤੇ ਮੋਰ ਪੈਲਾਂ ਪਾ ਰਹੇ ਹੁੰਦੇ ਹਨ। ਬੱਦਲਾਂ ਵਿੱਚੋਂ ਪਾਣੀ ਦੀਆਂ ਬੂੰਦਾਂ ਡਿੱਗ ਰਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕਣੀਆਂ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਕਣੀਆਂ ਨਾਲ ਧੁੱਪਾਂ ਨਾਲ ਤਪੀ ਧਰਤੀ ਦਾ ਸੀਨਾ ਜ਼ਰੂਰ ਠਰਦਾ ਹੈ। ਪ੍ਰਕਿਰਤੀ ਹਰੀ-ਭਰੀ ਦਿਖਾਈ ਦਿੰਦੀ ਹੈ। ਇਕ ਪਲ ਲਈ ਐਦਾਂ ਲੱਗਦੈ ਜਿਵੇਂ ਪ੍ਰਕਿਰਤੀ ਮਾਂ ਨੇ ਆਪਣੇ ਉੱਪਰ ਹਰੀ ਚੁੰਨੀ ਲਪੇਟ ਲਈ ਹੋਵੇ। ਇਸ ਆਨੰਦਮਈ ਨਜ਼ਾਰੇ ਨੂੰ ਦੇਖਦਿਆਂ ਇਕ ਪਲ ਲਈ ਨਾਸਤਿਕ ਤੇ ਪ੍ਰਕਿਰਤੀ ਵਿਰੋਧੀ ਲੋਕ ਵੀ ਉਸ ਪਰਮੇਸ਼ਵਰ ਦੀ ਲੀਲ੍ਹਾ ਨੂੰ ਨਿਹਾਰਕੇ ਵਾਹ! ਵਾਹ! ਕਰ ਉੱਠੇ ਹੋਣਗੇ। ਉਸ ਸਮੇਂ ਮਨੁੱਖ ਦੁਨਿਆਵੀ ਝਮੇਲਿਆਂ ਨੂੰ ਕੁੱਝ ਪਲ ਲਈ ਭੁਲਾ ਕੇ ਸਾਗਰ ਵਿਚਲੀਆਂ ਲਹਿਰਾਂ ਵਾਂਗ ਪ੍ਰਭੂ ਨਾਲ ਇਕਮਿਕ ਹੋਇਆ ਦਿਖਾਈ ਵੀ ਦਿੰਦਾ ਹੈ। ਅਧਿਆਤਮਵਾਦੀ ਦ੍ਰਿਸ਼ਟੀ ਨਾਲ ਇਨ੍ਹਾਂ ਕਣੀਆਂ ਨੂੰ ਦੇਖਣ ਵਾਲੇ ਤਾਂ ਇਨ੍ਹਾਂ ਪਲਾਂ ਨੂੰ ਜ਼ਿੰਦਗੀ ਲਈ ਵਿਸ਼ੇਸ਼ ਪਲ ਦੱਸਦੇ ਹਨ। ਆਸਥਾ ਦੀ



ਦੁਨੀਆ ਅਨੁਸਾਰ ਹਰ ਕਿਸੇ ਦੇ ਨਸੀਬਾਂ ਵਿਚ ਨਹੀਂ ਹੁੰਦਾ ਪ੍ਰਭੂ ਪ੍ਰੇਮ ਦੀਆਂ ਕਣੀਆਂ ਵਿਚ ਭਿੱਜਣਾ। ਆਸਥਾਵਾਨ ਲੋਕ ਤਾਂ ਇਨ੍ਹਾਂ ਕਣੀਆਂ ਨੂੰ ਨਾਰਾਇਣੀ ਕਣੀਆਂ ਨਾਲ ਸੰਬੋਧਨ ਕਰ ਕੇ ਆਪਣੀ ਸ਼ਰਧਾ ਤੇ ਪ੍ਰੇਮ ਭੇਟ ਕਰਦੇ ਹਨ। ਸਰੀਰ ਦੇ ਰੋਮ-ਰੋਮ ਨਾਲ ਰਾਮ ਨਾਮ ਦੇ ਸਿਮਰਨ ਦੀ ਕਮਾਈ ਕਰਨੀ ਪੈਂਦੀ ਹੈ। ਤਪੱਸਿਆ ਤੇ ਭਗਤੀ ਨਾਲ ਆਤਮਾ ਨੂੰ ਕੁੰਦਨ ਬਣਾਉਣਾ ਪੈਂਦੈ। ਫਿਰ ਕਿਤੇ ਜਾ ਕੇ ਬਣਿਆ ਜਾ ਸਕਦਾ ਹੈ-ਇਨ੍ਹ ਨਾਰਾਇਣੀ ਕਣੀਆਂ ਦਾ ਹੱਕਦਾਰ ਪ੍ਰਭੂ ਰਾਮ ਦੇ ਰਾਹਾਂ ’ਤੇ ਅੱਖੀਆਂ ਵਿਛਾਈ ਬੈਠੀ ਭੀਲਣੀ, ਧਿਆਨੂੰ ਭਗਤ, ਧੰਨਾ ਜੱਟ, ਮੀਰਾਬਾਈ ਤੇ ਸੁਦਾਮਾ ਆਦਿ ਉਨ੍ਹਾਂ ਲੱਖਾਂ ਕਰੋੜਾਂ ਲੋਕਾਂ ’ਚੋਂ ਉਹ ਵਿਰਲੇ ਖ਼ੁਸ਼ਨਸੀਬ ਭਗਤ ਹਨ ਜਿਨ੍ਹਾਂ ’ਤੇ ਪ੍ਰਭੂ ਪ੍ਰੇਮ ਦੀਆਂ ਕਣੀਆਂ ਵਰਸੀਆਂ ਹਨ। ਇਨ੍ਹਾਂ ਪ੍ਰਭੂ ਪ੍ਰੇਮੀਆਂ ਦੀਆਂ ਰੂਹਾਂ ਰਾਮ ਨਾਮ ਦੀਆਂ ਕਣੀਆਂ ਵਿਚ ਭਿੱਜ ਕੇ ਹੀ ਬੈਕੁੰਠ ਧਾਮ ਵਿਚ ਪਹੁੰਚਣ ਦੇ ਯੋਗ ਹੋਈਆਂ।

ਅੱਜ ਦੁਨੀਆ ’ਚ ਪ੍ਰਭੂ ਦੀ ਕ੍ਰਿਪਾ ਦੀਆਂ ਕਣੀਆਂ ਦੀ ਵਿਸ਼ੇਸ਼ ਲੋੜ ਹੈ। ਅੱਜ ਲੋਕ-ਹਿਰਦੇ ਸੱਚਮੁੱਚ ਈਰਖਾ, ਵੈਰ-ਵਿਰੋਧ ਤੇ ਸਵਾਰਥ ਦੀਆਂ ਤਪਦੀਆਂ ਭੱਠੀਆਂ ਬਣ ਚੁੱਕੇ ਹਨ। ਮਨੁੱਖੀ ਜੀਵਨ ਤੰਦੂਰ ਵਾਂਗ ਬਲ ਰਿਹਾ ਹੈ। ਜਿਨ੍ਹਾਂ ’ਤੇ ਦੁਨਿਆਵੀ ਕਣੀਆਂ ਕੋਈ ਸਕਾਰਾਤਮਕ ਪ੍ਰਭਾਵ ਪਾਉਣ ਦੇ ਸਮਰੱਥ ਨਹੀਂ। ਇਸ ਲਈ ਤਾਂ ਅੱਜ ਆਸਥਾਵਾਨ ਲੋਕਾਂ ਦਾ ਸੰਸਾਰ ਪੁਕਾਰ ਰਿਹੈ ਕਿ ਭਗਵਾਨ ਆਪਣੇ ਕਰ-ਕਮਲਾਂ ਦੀ ਛੋਹ ਪ੍ਰਾਪਤ ਵਿਸ਼ੇਸ਼ ਸੁਭਾਗੀਆਂ ਕਣੀਆਂ ਦੀ ਦੁਨੀਆ ਵਿਚ ਵਰਖਾ ਕਰਨ। ਜਿਸ ਨਾਲ ਮਨੁੱਖੀ ਹਿਰਦਿਆਂ ਦੀ ਧਰਤ ’ਤੇ ਪ੍ਰੇਮ ਸਾਂਝਾਂ ਤੇ ਮੋਹ ਦੀ ਹਰਿਆਲੀ ਹੋਵੇ ਤੇ ਚਹੁੰ ਦਿਸ਼ਾਵਾਂ ਵਿਚ ਆਨੰਦ ਹੀ ਆਨੰਦ ਮਹਿਕੇ। ਆਸ਼ਾ ਕਰਨੀ ਬਣਦੀ ਹੈ ਕਿ ਲੱਖਾਂ-ਕਰੋੜਾਂ ਲੋਕਾਂ ਦੀਆਂ ਪੁਕਾਰਾਂ ਤੇ ਅਰਜ਼ਾਂ ਨੂੰ ਮੰਨਕੇ ਭਗਵਾਨ ਮੋਹ ਭਰੀਆਂ ਅਜਿਹੀਆਂ ਨਾਰਾਇਣੀ ਕਣੀਆਂ ਸੰਸਾਰ ਵਿਚ ਇਕ ਨਾ ਇਕ ਦਿਨ ਮੀਂਹ ਦੇ ਰੂਪ ਵਿਚ ਵਰਸਾਉਣਗੇ। ਜਿਸ ਨਾਲ ਸਮੁੱਚਾ ਬ੍ਰਹਿਮੰਡ ਫਿਰ ਤੋਂ ‘ਖ਼ੁਸ਼ੀਆਂ ਦਾ ਵਿਹੜਾ’ ਬਣ ਜਾਵੇਗਾ।

94643-48258

ਅਜ਼ਕਾਰ/ਜ਼ਿਕਰ-ਅਜ਼ਕਾਰ



ਜ਼ਿਕਰ ਸੂਫ਼ੀਆਂ ਦੇ ਨਜ਼ਦੀਕ ਰੱਬ ਦੀ ਯਾਦ ਅਤੇ ਰੱਬ ਦਾ ਸਿਮਰਨ ਹੈ। ਅਜ਼ਕਾਰ ਜ਼ਿਕਰ ਦਾ ਬਹੁਵਚਨ ਹੈ। ਜ਼ਿਕਰ ਨੂੰ ਦੂਜੇ ਸ਼ਬਦਾਂ ਵਿਚ ਜ਼ਿਕਰ-ਏ-ਖ਼ੁਦਾ ਵੀ ਕਹਿ ਦਿੱਤਾ ਜਾਂਦਾ ਹੈ। ਸੂਫ਼ੀ ਦਰਵੇਸ਼ਾਂ ਦੇ ਜ਼ਿਕਰ-ਏ-ਖ਼ੁਦਾ ਦੇ ਵੱਖ-ਵੱਖ ਢੰਗ ਤਰੀਕੇ ਰਹੇ ਹਨ।

ਵਰਤਮਾਨ ਸਮੇਂ ਵੀ ਵੱਖ-ਵੱਖ ਸੂਫ਼ੀ ਸਿਲਸਿਲਿਆਂ ਦੇ ਸੂਫ਼ੀ ਫ਼ਕੀਰਾਂ ਅਤੇ ਸੂਫ਼ੀ ਸਾਲਕਾਂ ਦੇ ਅੱਲਾਹ ਤਆਲਾ ਦਾ ਨਾਮ ਜਪਣ ਦੀਆਂ ਵਿਧੀਆਂ ਹਨ। ਵੱਖ-ਵੱਖ ਸ਼ਬਦ ਅਤੇ ਢੰਗ ਅਪਣਾ ਕੇ ਅੱਲਾਹ-ਪਾਕ ਦਾ ਜ਼ਿਕਰ ਕਰਨਾ ਹੀ ਸੂਫ਼ੀਆਂ ਦੇ ਅਜ਼ਕਾਰ ਹਨ। ਸੂਫ਼ੀਆਂ ਦੇ ਕੁਝ ਪ੍ਰਮੁੱਖ ਅਜ਼ਕਾਰ ਹਨ-ਜ਼ਿਕਰ-ਏ-ਇਸਮੈ ਜ਼ਾਤ, ਜ਼ਿਕਰੇ-ਕਲਬੀ, ਜ਼ਿਕਰੇ ਜੱਲੀ, ਜ਼ਿਕਰੇ-ਖ਼ਫ਼ੀ, ਜ਼ਿਕਰੇ ਨਫ਼ੀ ਇਸਬਾਤ, ਜ਼ਿਕਰੇ ਪਾਸ-ਅਨਫ਼ਾਸ, ਜ਼ਿਕਰੇ-ਰੂਹੀ, ਜ਼ਿਕਰੇ-ਅਖ਼ਫ਼ੀ, ਜ਼ਿਕਰੇ ਸਿਰੱਰੀ ਆਦਿ। ਜ਼ਿਕਰੇ-ਜੱਲੀ ਬੋਲ ਕੇ ਅੱਲਾਹ ਦੇ ਨਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਜ਼ਿਕਰੇ-ਖ਼ਫ਼ੀ ਮਨ ਹੀ ਮਨ ਚੁੱਪ-ਚਾਪ ਕੀਤਾ ਜਾਣ ਵਾਲਾ ਜ਼ਿਕਰ ਹੈ। ਜ਼ਿਕਰੇ-ਕਲਬੀ ਦਿਲ ਅਥਵਾ ਕਲਬ ਉੱਤੇ ਧਿਆਨ ਇਕਾਗਰ ਕਰ ਕੇ ਅੱਲਾਹ ਦਾ ਨਾਂ ਜਪਿਆ ਜਾਂਦਾ ਹੈ। ਜ਼ਿਕਰੇ-ਰੂਹੀ, ਜ਼ਿਕਰੇ-ਅਖ਼ਫ਼ੀ ਅਤੇ ਜ਼ਿਕਰੇ-ਸਿਰੱਰੀ ਸੂਫ਼ੀਆਂ ਦੇ ਅਡਵਾਂਸ ਸਟੇਜ ਦੇ ਜ਼ਿਕਰ ਹਨ ਜਿਨ੍ਹਾਂ ਬਾਰੇ ਖੁਲਾਸਾ ਖੋਲ੍ਹਣਾ ਮੁਨਾਸਿਬ ਨਹੀਂ। ਇਸੇ ਤਰ੍ਹਾਂ ਜ਼ਿਕਰੇ-ਜੱਲੀ ਜਾਂ ਜ਼ਿਕਰੇ-ਜ਼ਾਹਿਰੀ ਦੀਆਂ ਵੱਖ-ਵੱਖ ਕਿਸਮਾਂ ਹਨ ਜਿਵੇਂ ਜ਼ਿਕਰੇ-ਯਕ-ਜ਼ਰਬੀ, ਜ਼ਿਕਰੇ-ਦੋ-ਜ਼ਰਬੀ, ਜ਼ਿਕਰੇ-ਸਿਹ-ਜ਼ਰਬੀ ਅਤੇ ਜ਼ਿਕਰੇ-ਚਹਾਰ-ਜ਼ਰਬੀ। ਉਪਰੋਕਤ ਜ਼ਿਕਰ-ਅਜ਼ਕਾਰ ਚਿਸ਼ਤੀ, ਕਾਦਿਰੀ, ਨਕਸ਼ਬੰਦੀ ਅਤੇ ਸੁਹਰਵਦੀ ਸੂਫ਼ੀ ਸਿਲਸਿਲਿਆਂ ਵਿਚ ਅਕਸਰ ਅਪਣਾਏ ਜਾਂਦੇ ਹਨ। ਹਦੀਸ ਸ਼ਰੀਫ਼ ਵਿਚ ਹਜ਼ਰਤ ਜਾਬਿਰ ਬਿਨ ਅਬਦੁੱਲਾਹ (ਰਜ਼ੀ.) ਤੋਂ ਰਿਵਾਇਤ ਹੈ ਕਿ ਰਸੂਲ ਅੱਲਾਹ (ਸ.) ਨੇ ਫ਼ਰਮਾਇਆ ਕਿ ‘ਸਭ ਅਜ਼ਕਾਰ ਵਿਚੋਂ ਅਫਜ਼ਲ ਜ਼ਿਕਰ, ‘ਲਾ ਇਲਾਹਾ ਇਲਲਿੱਲਾਹ’ ਹੈ ਅਤੇ ਸਭ ਦੁਆਵਾਂ ਵਿੱਚੋਂ ਸਭ ਤੋਂ ਵਧੀਆ ਦੁਆ ‘ਅਲ-ਹਮਦੂ ਲਿੱਲਲਾਹਿ’ ਹੈ।’ ਯਾਦ ਰਹੇ ਕਿ ‘ਲਾ ਇਲਾਹਾ ਇਲਲਿੱਲਾਹ’ ਜ਼ਿਕਰ ਹੀ ਸੂਫ਼ੀਆਂ ਦਾ ਜ਼ਿਕਰ ਨਫ਼ੀ ਇਸਬਾਤ ਹੈ। ਰੱਬ ਦੇ ਜ਼ਾਤੀ ਨਾਮ ‘ਅੱਲਾਹ’ ਦਾ ਜ਼ਿਕਰ ਸੂਫ਼ੀਆਂ ਨੇ ਨਜ਼ਦੀਕ ‘ਜ਼ਿਕਰੇ-ਇਸਮੇ-ਜ਼ਾਤ’ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

ਚੰਡੀਗੜ੍ਹ ਅਤੇ ਆਸਪਾਸ ਦੇ ਖੇਤਰਾਂ ਵਿੱਚ ਛੇ ਸਥਾਨਾਂ 'ਤੇ ਖ਼ੂਨਦਾਨ ਅਤੇ ਮੁਫ਼ਤ ਮੈਡੀਕਲ ਕੈਂਪ ਲਗਾਏ



ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਚੰਡੀਗੜ੍ਹ ਅਤੇ ਆਸਪਾਸ ਦੇ ਖੇਤਰਾਂ ਵਿੱਚ ਛੇ ਸਥਾਨਾਂ 'ਤੇ ਖ਼ੂਨਦਾਨ ਅਤੇ ਮੁਫ਼ਤ ਮੈਡੀਕਲ ਕੈਂਪ ਲਗਾਏ ਗਏ। ਇਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ, ਸੈਕਟਰ 17, ਚੰਡੀਗੜ੍ਹ ਅਤੇ ਹਰਿਆਣਾ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਸਹਿਤ ਹੋਰ ਸਥਾਨ ਸ਼ਾਮਲ ਰਹੇ। ਇਸ ਪਹਿਲ ਵਿੱਚ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ), ਸੈਕਟਰ 32; ਪੀਜੀਆਈਐੱਮਈਆਰ, ਚੰਡੀਗੜ੍ਹ; ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ; ਅਤੇ ਸਰਕਾਰੀ ਹਸਪਤਾਲ, ਸੈਕਟਰ 6, ਪੰਚਕੂਲਾ ਸਹਿਤ ਵਿਭਿੰਨ ਸਿਹਤ ਸੰਸਥਾਵਾਂ ਨੇ ਸਹਿਯੋਗ ਕੀਤਾ।

ਇਨ੍ਹਾਂ ਕੈਂਪਾਂ ਵਿੱਚ ਲੋਕਾਂ ਦੀ ਉਤਸ਼ਾਹਜਨਕ ਭਾਗੀਦਾਰੀ ਰਹੀ। ਇਸ ਦੌਰਾਨ 400 ਯੂਨਿਟ ਤੋਂ ਅਧਿਕ ਖ਼ੂਨ ਇਕੱਤਰ ਕੀਤਾ ਗਿਆ, ਜਦਕਿ 1,150 ਤੋਂ ਅਧਿਕ ਮਰੀਜ਼ਾਂ ਨੇ ਮੁਫ਼ਤ ਮੈਡੀਕਲ ਸਲਾਹ-ਮਸ਼ਵਰੇ ਅਤੇ ਦਵਾਈਆਂ ਦਾ ਲਾਭ ਉਠਾਇਆ।

ਇਨ੍ਹਾਂ ਕੈਂਪਾਂ ਦਾ ਆਯੋਜਨ 'ਵਿਸ਼ਵ ਮਾਨਵ ਰੂਹਾਨੀ ਕੇਂਦਰ' (ਵੀਐੱਮਆਰਕੇ), ਇੱਕ ਚੈਰੀਟੇਬਲ ਸੋਸਾਇਟੀ ਦੁਆਰਾ ਸੰਤ ਬਲਜੀਤ ਸਿੰਘ ਜੀ ਮਹਾਰਾਜ ਦੀ ਜਯੰਤੀ ਦੇ ਅਵਸਰ 'ਤੇ ਇੰਡੀਅਨ ਰੈੱਡ ਕਰਾਸ ਸੋਸਾਇਟੀ ਅਤੇ ਵਿਭਿੰਨ ਸਿਹਤ ਸੰਸਥਾਵਾਂ ਦੇ ਸਹਿਯੋਗ ਨਾਲ ਕੀਤਾ ਗਿਆ। ਕਰੁਣਾ ਅਤੇ ਨਿਰਸੁਆਰਥ ਸੇਵਾ ਦੀ ਭਾਵਨਾ ਤੋਂ ਪ੍ਰੇਰਿਤ ਇਹ ਸੰਸਥਾ ਬਿਨਾ ਕਿਸੇ ਭੇਦਭਾਵ ਦੇ ਸਿਹਤ ਸੇਵਾ, ਭੋਜਨ ਵੰਡ ਅਤੇ ਹੋਰ ਜਨਕਲਿਆਣਕਾਰੀ ਗਤੀਵਿਧੀਆਂ ਦੇ ਜ਼ਰੀਏ ਮਾਨਵਤਾ ਦੀ ਸੇਵਾ ਵਿੱਚ ਨਿਰੰਤਰ ਯੋਗਦਾਨ ਦੇ ਰਹੀ ਹੈ।

ਡਿਪਟੀ ਕਮਿਸ਼ਨਰ ਦਫ਼ਤਰ, ਸੈਕਟਰ 17, ਚੰਡੀਗੜ੍ਹ ਵਿਖੇ ਖ਼ੂਨ ਇਕੱਤਰ ਕਰਨ ਦਾ ਕਾਰਜ ਜੀਐੱਮਸੀਐੱਚ-32 ਦੁਆਰਾ ਕੀਤਾ ਗਿਆ, ਜਦਕਿ ਪੀਜੀਆਈਐੱਮਈਆਰ, ਚੰਡੀਗੜ੍ਹ ਨੇ ਹਰਿਆਣਾ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ; ਵੀਐੱਮਆਰਕੇ ਲਾਇਟਹਾਊਸ ਸੈਂਟਰ, ਭਬਾਤ ਅਤੇ ਐੱਚਐੱਸਵੀਪੀ ਦਫ਼ਤਰ, ਸੈਕਟਰ 6, ਪੰਚਕੂਲਾ ਵਿੱਚ ਲਗਾਏ ਗਏ ਕੈਂਪਾਂ ਵਿੱਚ ਸਹਿਯੋਗ ਦਿੱਤਾ।

ਇਸੇ ਤਰ੍ਹਾਂ, ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਨੇ ਵੀਐੱਮਆਰਕੇ ਲਾਇਟਹਾਊਸ ਸੈਂਟਰ, ਮੁੱਲਾਂਪੁਰ, ਮੋਹਾਲੀ ਵਿੱਚ ਖ਼ੂਨ ਇਕੱਤਰ ਕਰਨ ਦੀ ਵਿਵਸਥਾ ਸੰਭਾਲੀ, ਜਦਕਿ ਸਰਕਾਰੀ ਹਸਪਤਾਲ, ਸੈਕਟਰ 6, ਪੰਚਕੂਲਾ ਨੇ ਡਿਪਟੀ ਕਮਿਸ਼ਨਰ ਦਫ਼ਤਰ, ਮਿੰਨੀ ਸਕੱਤਰੇਤ, ਸੈਕਟਰ 1, ਪੰਚਕੂਲਾ ਵਿੱਚ ਲਗਾਏ ਗਏ ਕੈਂਪ ਵਿੱਚ ਸਹਿਯੋਗ ਦਿੱਤਾ।

ਚੰਡੀਗੜ੍ਹ ਪ੍ਰਸ਼ਾਸਨ ਸਵੈਇੱਛਕ ਖ਼ੂਨਦਾਨ ਅਤੇ ਨਿਵਾਰਕ ਸਿਹਤ ਸੇਵਾਵਾਂ ਨੂੰ ਹੁਲਾਰਾ ਦੇਣ ਲਈ ਜਾਗਰੂਕਤਾ ਪ੍ਰੋਗਰਾਮਾਂ ਅਤੇ ਸਿਹਤ ਸੰਸਥਾਵਾਂ ਅਤੇ ਸੈਲਫ ਹੈਲਪ ਸੰਗਠਨਾਂ ਦੇ ਸਹਿਯੋਗ ਨਾਲ ਆਯੋਜਿਤ ਵਿਭਿੰਨ ਪਹਿਲਾਂ ਨੂੰ ਨਿਰੰਤਰ ਪ੍ਰੋਤਸਾਹਨ ਕਰ ਰਿਹਾ ਹੈ। ਅਜਿਹੇ ਪ੍ਰਯਾਸ ਸਭ ਲਈ ਸੁਲਭ ਸਿਹਤ ਸੇਵਾਵਾਂ ਸੁਨਿਸ਼ਚਿਤ ਕਰਨ ਅਤੇ ਜਨਕਲਿਆਣ ਪ੍ਰਤੀ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਮਜ਼ਬੂਤ ਕਰਦੇ ਹਨ।

ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਦੇ ਪਹਿਲੇ 'ਹੁਨਰ ਉਤਸਵ' ਦਾ ਉਦਘਾਟਨ ਕੀਤਾ

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸੁਖਨਾ ਝੀਲ 'ਤੇ ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਆਯੋਜਿਤ ਪਹਿਲੇ 'ਸਕਿੱਲ ਫੈਸਟ' 'ਹੁਨਰ ਉਤਸਵ 2026 - ਕੌਸ਼ਲ, ਸੰਸਕ੍ਰਿਤੀ, ਸਮ੍ਰਿੱਧੀ' ਦਾ ਉਦਘਾਟਨ ਕੀਤਾ। ਇਸ ਅਵਸਰ 'ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਮੁੱਖ ਸਕੱਤਰ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ 'ਵਿਸ਼ਿਸ਼ਟ ਮਹਿਮਾਨ' ਦੇ ਰੂਪ ਵਿੱਚ ਅਤੇ ਸਿੱਖਿਆ ਸਕੱਤਰ ਸੁਸ਼੍ਰੀ ਪ੍ਰੇਰਨਾ ਪੁਰੀ ਅਤੇ ਸਕੂਲ ਸਿੱਖਿਆ ਡਾਇਰੈਕਟਰ ਸ਼੍ਰੀ ਨਿਤੀਸ਼ ਸਿੰਗਲਾ ਵੀ ਉਪਸਥਿਤ ਰਹੇ।



ਉਤਸਵ ਦੇ ਦੌਰਾਨ ਪ੍ਰਸ਼ਾਸਕ ਨੇ ਵਿਦਿਆਰਥੀਆਂ ਦੁਆਰਾ ਲਗਾਏ ਗਏ ਵਿਭਿੰਨ ਸਟਾਲਾਂ ਦਾ ਅਵਲੋਕਨ ਕੀਤਾ, ਜਿੱਥੇ ਉਨ੍ਹਾਂ ਨੇ ਆਪਣੇ ਕਿੱਤਾਮੁਖੀ ਕੌਸ਼ਲ, ਹੱਥੀਂ ਬਣਾਏ ਉਤਪਾਦਾਂ ਅਤੇ ਰਚਨਾਤਮਕ ਕਾਰਜਾਂ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੂੰ ਗਾਹਕਾਂ ਨਾਲ ਸੰਵਾਦ ਕਰਨ, ਆਪਣੇ ਉਤਪਾਦਾਂ ਨੂੰ ਪ੍ਰਸਤੁਤ ਕਰਨ ਅਤੇ ਬਜ਼ਾਰ ਦੀ ਮੰਗ ਨੂੰ ਸਮਝਣ ਦਾ ਅਵਸਰ ਮਿਲਿਆ। ਇਸ ਨਾਲ ਉਨ੍ਹਾਂ ਨੂੰ ਇਹ ਸਮਝਣ ਵਿੱਚ ਮਦਦ ਮਿਲੀ ਕਿ ਵਿਵਹਾਰਿਕ ਕੌਸ਼ਲ ਆਰਥਿਕ ਅਵਸਰਾਂ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ।

'ਹੁਨਰ ਉਤਸਵ' ਵਿਦਿਆਰਥੀਆਂ ਨੂੰ ਆਪਣੇ ਕਿੱਤਾਮੁਖੀ ਕੌਸ਼ਲ, ਕਲਾਤਮਕ ਪ੍ਰਤਿਭਾ ਅਤੇ ਉੱਦਮਸ਼ੀਲਤਾ ਦੀ ਸਮਰੱਥਾ ਪ੍ਰਦਰਸ਼ਿਤ ਕਰਨ ਲਈ ਇੱਕ ਮੰਚ ਪ੍ਰਦਾਨ ਕਰਦਾ ਹੈ। ਇਸ ਪਹਿਲ ਦਾ ਉਦੇਸ਼ ਕੌਸ਼ਲ-ਅਧਾਰਿਤ ਸਿੱਖਿਆ, ਅਨੁਭਵਾਤਮਕ ਸਿੱਖਣ ਅਤੇ ਆਤਮਨਿਰਭਰਤਾ ਨੂੰ ਹੁਲਾਰਾ ਦੇਣਾ ਅਤੇ ਕਲਾਸ ਵਿੱਚ ਪ੍ਰਾਪਤ ਗਿਆਨ ਨੂੰ ਵਿਵਹਾਰਿਕ ਗਤੀਵਿਧੀਆਂ ਨਾਲ ਜੋੜਨਾ ਹੈ।

ਇਸ ਉਤਸਵ ਵਿੱਚ ਵਿਦਿਆਰਥੀਆਂ ਦੁਆਰਾ ਸੰਚਾਲਿਤ ਕਈ ਤਰ੍ਹਾਂ ਦੇ ਸਟਾਲ ਲਗਾਏ ਗਏ ਹਨ। 'ਸੂਈ ਧਾਗਾ ਕਲਾ' ਵਿੱਚ ਫੈਸ਼ਨ ਨਾਲ ਜੁੜੀਆਂ ਰਚਨਾਤਮਕ ਵਸਤਾਂ ਅਤੇ ਕੱਪੜੇ ਨਾਲ ਜੁੜੀਆਂ ਹਸਤਸ਼ਿਲਪ ਕਲਾਕ੍ਰਿਤੀਆਂ ਦਾ ਪ੍ਰਦਰਸ਼ਨ ਕੀਤਾ ਗਿਆ ਹੈ, ਜਦਕਿ 'ਸਜਾਵਟ' ਵਿੱਚ ਦੀਵੇ, ਮੋਮਬੱਤੀਆਂ ਅਤੇ ਤੋਰਣ ਸਹਿਤ ਸਜਾਵਟੀ ਉਤਪਾਦ ਪ੍ਰਦਰਸ਼ਿਤ ਕੀਤੇ ਗਏ ਹਨ। 'ਰੂਪ ਨਿਖਾਰ' ਵਿੱਚ ਸੁੰਦਰਤਾ ਅਤੇ ਵੈੱਲਨੈੱਸ ਨਾਲ ਜੁੜੇ ਕੌਸ਼ਲ, 'ਮਹਿੰਦੀ ਘਰ' ਵਿੱਚ ਮਹਿੰਦੀ ਦੇ ਵਿਭਿੰਨ ਡਿਜ਼ਾਈਨਾਂ ਅਤੇ 'ਇੰਕ ਐਂਡ ਗਲੈਮ' ਵਿੱਚ ਨੇਲ ਆਰਟ ਅਤੇ ਟੈਟੂ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ ਹੈ। ਉੱਥੇ ਹੀ 'ਸਵਾਦ ਵਾਟਿਕਾ' ਵਿੱਚ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਗਏ ਵਿਭਿੰਨ ਵਿਅੰਜਨਾਂ ਦੇ ਜ਼ਰੀਏ ਪਾਕ-ਕਲਾ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।

ਸਮਾਵੇਸ਼ਿਤਾ ਅਤੇ ਜੀਵਨ ਭਰ ਸਿੱਖਣ ਨੂੰ ਹੁਲਾਰਾ ਦਿੰਦੇ ਹੋਏ 'ਹਮ ਕਿਸੀ ਸੇ ਕਮ ਨਹੀਂ' ਵਿਸ਼ੇਸ਼ ਜ਼ਰੂਰਤ ਵਾਲੇ ਬੱਚਿਆਂ (ਸੀਡਬਲਿਊਐੱਸਐੱਨ) ਦੀਆਂ ਸਮਰੱਥਾਵਾਂ ਤੇ ਉਪਲਬਧੀਆਂ ਨੂੰ ਸਾਹਮਣੇ ਲਿਆਇਆ, ਜਦਕਿ 'ਉੱਲਾਸ' ਬਾਲਗ ਸਿੱਖਿਆ ਨਾਲ ਜੁੜੀਆਂ ਪਹਿਲਾਂ ਨੂੰ ਪ੍ਰਦਰਸ਼ਿਤ ਕੀਤਾ। 'ਸੋਚੋ, ਸਮਝੋ, ਜਿੱਤੋ' ਦੇ ਜ਼ਰੀਏ ਕੌਸ਼ਲ-ਅਧਾਰਿਤ ਖੇਡਾਂ ਦਾ ਆਯੋਜਨ ਕੀਤਾ ਗਿਆ ਹੈ, ਜੋ ਸੈਲਾਨੀਆਂ ਵਿੱਚ ਤਾਰਕਿਕ ਸੋਚ ਅਤੇ ਸਮੱਸਿਆ-ਸਮਾਧਾਨ ਦੀ ਸਮਰੱਥਾ ਨੂੰ ਪ੍ਰੋਤਸਾਹਿਤ ਕਰਦੇ ਹਨ। ਹੁਨਰ ਉਤਸਵ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਵਿਵਹਾਰਿਕ ਕੌਸ਼ਲ, ਰਚਨਾਤਮਕਤਾ, ਇਨੋਵੇਸ਼ਨ ਅਤੇ ਉੱਦਮਸ਼ੀਲ ਸੋਚ ਨੂੰ ਵਿਕਸਿਤ ਕਰਨ ਪ੍ਰਤੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਇਹ ਉਤਸਵ ਹਸਤਕਲਾ ਅਤੇ ਕਾਰੀਗਰੀ ਦੇ ਪ੍ਰਤੀ ਸਨਮਾਨ ਵਧਾਉਣ ਅਤੇ ਸਵੈ-ਰੋਜ਼ਗਾਰ ਦੇ ਅਵਸਰਾਂ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਵੀ ਸਹਾਇਕ ਹੈ।

ਸਕੂਲ ਸਿੱਖਿਆ ਵਿਭਾਗ ਨੇ ਸ਼ਹਿਰ ਦੇ ਵਾਸੀਆਂ, ਮਾਪਿਆਂ, ਵਿਦਿਆਰਥੀਆਂ ਅਤੇ ਸੈਲਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ 3 ਨਵੰਬਰ ਨੂੰ ਸਵੇਰੇ 11:00 ਵਜੇ ਤੋਂ ਸ਼ਾਮ 6:00 ਵਜੇ ਤੱਕ ਸੁਖਨਾ ਝੀਲ ਪਹੁੰਚ ਕੇ, ਪ੍ਰਦਰਸ਼ਨੀ ਦਾ ਅਵਲੋਕਨ ਕਰਨ ਅਤੇ ਇਸ ਵਿੱਚ ਹਿੱਸਾ ਲੈ ਰਹੇ ਵਿਦਿਆਰਥੀਆਂ ਉਤਸ਼ਾਹ ਵਧਾਉਣ।

'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪਿੰਡ ਸਰਹਾਲਾ ਕਲਾਂ 'ਚ ਨਾਜਾਇਜ਼ ਉਸਾਰੀ ਢਾਹੀ



ਹੁਸ਼ਿਆਰਪੁਰ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਨੇੜਲੇ ਪਿੰਡ ਸਰਹਾਲਾ ਕਲਾਂ ਵਿਖੇ ਅੱਜ ਨਸ਼ਿਆਂ ਦੇ ਤਸਕਰਾਂ ਨਾਲ ਸਬੰਧਤ ਪਰਿਵਾਰ ਵਲੋਂ ਪੰਚਾਇਤੀ ਜ਼ਮੀਨ 'ਤੇ ਕੀਤੀ ਨਾਜਾਇਜ਼ ਉਸਾਰੀ ਨੂੰ ਜੇ.ਸੀ.ਬੀ. ਮਸ਼ੀਨ ਰਾਹੀਂ ਢਾਹ ਦਿੱਤਾ ਗਿਆ।

ਐਸ.ਪੀ. ਸੰਦੀਪ ਸਿੰਘ ਮੰਡ, ਡੀ.ਐਸ.ਪੀ. ਭਾਰਤ ਭੂਸ਼ਨ ਅਤੇ ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਅਮਨਦੀਪ ਕੌਰ ਦੀ ਮੌਜੂਦਗੀ ਅਤੇ ਭਾਰੀ ਪੁਲਿਸ ਫੋਰਸ ਸਮੇਤ ਨਾਜਾਇਜ਼ ਉਸਾਰੀ ਨੂੰ ਢਾਹਿਆ ਗਿਆ। ਐਸ.ਪੀ. ਸੰਦੀਪ ਸਿੰਘ ਮੰਡ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਚੁੱਕੇ ਜਾ ਰਹੇ ਕਦਮਾਂ ਤਹਿਤ ਅੱਜ ਦੀ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਧੰਦੇ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨਾਲ ਕੋਈ ਲਿਹਾਜ਼ ਨਹੀਂ ਵਰਤਿਆ ਜਾਵੇਗਾ ਅਤੇ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਜਿਹੀਆਂ ਹੋਰ ਵੀ ਗੈਰਕਾਨੂੰਨੀ ਉਸਾਰੀਆਂ ਵਿਰੁੱਧ ਕਾਰਵਾਈ ਹੋਵੇਗੀ।

ਜ਼ਿਕਰਯੋਗ ਹੈ ਕਿ ਇਹ ਉਸਾਰੀ ਪੰਚਾਇਤੀ ਜਮੀਨ 'ਤੇ ਨਜਾਇਜ਼ ਢੰਗ ਨਾਲ ਕੀਤੀ ਗਈ ਸੀ ਜਦਕਿ ਸਬੰਧਤ ਪਰਿਵਾਰ ਨਸ਼ਿਆਂ ਨਾਲ ਸਬੰਧਤ ਐਨ.ਡੀ.ਪੀ.ਐਸ. ਐਕਟ ਦੇ ਵੱਖ-ਵੱਖ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਹ ਉਸਾਰੀ ਨਸ਼ਿਆਂ ਤੋਂ ਕਮਾਈ ਕਰਕੇ ਨਾਜਾਇਜ਼ ਢੰਗ ਨਾਲ ਕੀਤੀ ਗਈ ਸੀ। ਪੁਲਿਸ ਅਧਿਕਾਰੀਆਂ ਮੁਤਾਬਕ ਜ਼ਿਲ੍ਹੇ ਵਿਚ 60 ਦਿਨਾਂ ਲਈ ਚਲਾਈ ਜਾ ਰਹੀਆਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਇਹ ਕਾਰਵਾਈ ਕੀਤੀ ਗਈ ਅਤੇ ਇਸ ਤਰ੍ਹਾਂ ਬਣੀਆਂ ਹੋਰ ਵੀ ਨਾਜਾਇਜ਼ ਉਸਾਰੀਆਂ ਵਿਰੁੱਧ ਇਸੇ ਤਰ੍ਹਾਂ ਕਾਰਵਾਈ ਹੋਵੇਗੀ।

ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਰਤੀ ਚੋਣ ਕਮਿਸ਼ਨ ਅਤੇ ਬੀ.ਈ.ਐਲ. ਦੇ ਵਫ਼ਦ ਨੇ ਐਫ.ਐਲ.ਸੀ. ਵਰਕਸ਼ਾਪ ਅਤੇ ਲਾਗੂਕਰਨ ਏਜੰਸੀਆਂ ਦੇ ਕੰਮਕਾਜ ਦੀ ਕੀਤੀ ਸਮੀਖਿਆ



ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤੀ ਚੋਣ ਕਮਿਸ਼ਨ ਦੇ ਸੀਨੀਅਰ ਡਿਪਟੀ ਚੋਣ ਕਮਿਸ਼ਨਰਾਂ, ਡਾਇਰੈਕਟਰ ਜਨਰਲਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਇੱਕ ਵਫ਼ਦ ਨੇ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਚੋਣ ਅਫ਼ਸਰ, ਸਟੇਟ ਪੁਲਿਸ ਨੋਡਲ ਅਫ਼ਸਰ ਅਤੇ ਵੱਖ-ਵੱਖ ਕੇਂਦਰੀ ਤੇ ਸੂਬਾਈ ਲਾਗੂਕਰਨ ਏਜੰਸੀਆਂ ਨਾਲ ਇੱਕ ਸਮੀਖਿਆ ਮੀਟਿੰਗ ਕੀਤੀ।

ਇਸੇ ਦਿਨ 'ਫਸਟ ਲੈਵਲ ਚੈਕਿੰਗ' (ਐਫਐਲਸੀ) ਵਰਕਸ਼ਾਪ ਵੀ ਕਰਵਾਈ ਗਈ, ਜਿਸ ਦਾ ਉਦੇਸ਼ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਈ.ਵੀ.ਐਮਜ਼ ਅਤੇ ਵੀ.ਵੀ.ਪੀ.ਏ.ਟੀਜ਼ ਦੀ 'ਫਸਟ ਲੈਵਲ ਚੈਕਿੰਗ' ਨਾਲ ਸਬੰਧਤ ਤਕਨੀਕੀ ਅਤੇ ਪ੍ਰਸ਼ਾਸਕੀ ਅਮਲਾਂ ਬਾਰੇ ਸਿਖਲਾਈ ਵੀ ਦਿੱਤੀ ਗਈ।

ਸੀਈਓ, ਪੰਜਾਬ ਨੇ ਦੱਸਿਆ ਕਿ ਜ਼ਿਲ੍ਹਿਆਂ ਵਿੱਚ 12 ਨਵੰਬਰ ਤੋਂ ਸ਼ੁਰੂ ਹੋਣ ਵਾਲੀ ਐਫ.ਐਲ.ਸੀ. ਦੀ ਮੁਕੰਮਲ ਪ੍ਰਕਿਰਿਆ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਚੋਣ ਅਫ਼ਸਰ ਦੀ ਸਖ਼ਤ ਨਿਗਰਾਨੀ ਹੇਠ ਪੂਰੀ ਪਾਰਦਰਸ਼ਤਾ ਨਾਲ ਕੀਤੀ ਜਾਵੇਗੀ।

ਇਸ ਦੌਰਾਨ ਭਾਰਤ ਇਲੈਕਟ੍ਰਾਨਿਕਸ ਲਿਮਟਿਡ (ਬੀਈਐਲ) ਦੇ ਮਾਹਰ ਇੰਜੀਨੀਅਰਾਂ ਵਲੋਂ ਅਮਲੀ ਸਿਖਲਾਈ ਵੀ ਦਿੱਤੀ ਗਈ, ਜਿਸ ਤੋਂ ਬਾਅਦ ਇੱਕ ਮੁਲਾਂਕਣ ਅਤੇ ਸ਼ੰਕਿਆਂ ਨੂੰ ਦੂਰ ਕਰਨ ਸਬੰਧੀ ਸੈਸ਼ਨ ਵੀ ਕਰਵਾਇਆ ਗਿਆ। ਵਰਕਸ਼ਾਪ ਵਿੱਚ ਜ਼ਿਲ੍ਹਾ ਚੋਣ ਅਫ਼ਸਰਾਂ, ਵਧੀਕ ਜ਼ਿਲ੍ਹਾ ਚੋਣ ਅਫ਼ਸਰਾਂ, ਐਫ.ਐਲ.ਸੀ. ਦੇ ਨੋਡਲ ਅਫ਼ਸਰਾਂ, ਮਾਸਟਰ ਟ੍ਰੇਨਰਾਂ, ਬੀ.ਈ.ਐਲ. ਮਾਹਿਰਾਂ ਅਤੇ ਹੋਰ ਸਬੰਧਤ ਅਧਿਕਾਰੀਆਂ ਨੇ ਭਾਗ ਲਿਆ।

ਇਸ ਦੌਰਾਨ ਐਫ.ਐਲ.ਸੀ ਪ੍ਰਕਿਰਿਆ ਨੂੰ ਨਿਰਧਾਰਤ ਪ੍ਰੋਟੋਕੋਲ, ਪਾਰਦਰਸ਼ਤਾ ਅਤੇ ਪੂਰੀ ਸਾਵਧਾਨੀ ਨਾਲ ਨੇਪਰੇ ਚਾੜ੍ਹਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।

ਐਫ.ਐਲ.ਸੀ. ਵਰਕਸ਼ਾਪ ਤੋਂ ਬਾਅਦ, ਤਿਆਰੀਆਂ ਦਾ ਜਾਇਜ਼ਾ ਲੈਣ ਲਈ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਇੱਕ ਸਮੀਖਿਆ ਮੀਟਿੰਗ ਕੀਤੀ ਗਈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਚੋਣਾਂ ਸਾਰੀਆਂ ਏਜੰਸੀਆਂ ਦੀ ਸ਼ਮੂਲੀਅਤ ਨਾਲ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਜਾਣ।

ਦਵਾਈਆਂ ਦੀ ਦੁਰਵਰਤੋਂ ਰੋਕਣ ਲਈ ਕੈਮਿਸਟ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ: ਡੀਐੱਸਪੀ ਡਾ. ਰੁਪਿੰਦਰ ਕੌਰ ਬਾਜਵਾ



ਦਿੜ੍ਹਬਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਦਵਾਈਆਂ ਦੀ ਦੁਰਵਰਤੋਂ ਰੋਕਣ ਅਤੇ ਉਨ੍ਹਾਂ ਦੀ ਵਿਕਰੀ ਸਬੰਧੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਉਦੇਸ਼ ਨਾਲ ਡੀਐੱਸਪੀ ਦਿੜ੍ਹਬਾ ਡਾ. ਰੁਪਿੰਦਰ ਕੌਰ ਬਾਜਵਾ ਦੀ ਅਗਵਾਈ ਹੇਠ ਦਿੜ੍ਹਬਾ ਅਤੇ ਆਸ-ਪਾਸ ਦੇ ਪਿੰਡਾਂ ਦੇ ਕੈਮਿਸਟਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਡਰੱਗ ਇੰਸਪੈਕਟਰ ਸੰਤੋਸ਼ ਜਿੰਦਲ ਅਤੇ ਐੱਸਐੱਚਓ ਦਿੜ੍ਹਬਾ ਦਵਿੰਦਰ ਸਿੰਘ ਵੀ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰੁਪਿੰਦਰ ਕੌਰ ਬਾਜਵਾ ਨੇ ਕਿਹਾ ਕਿ ਦਵਾਈ ਵਿਕਰੇਤਾ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਤੇ ਦਵਾਈਆਂ ਦੀ ਵਿਕਰੀ ਸਬੰਧੀ ਲਾਗੂ ਕਾਨੂੰਨਾਂ ਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਦੀ ਸੁਰੱਖਿਆ ਅਤੇ ਦਵਾਈਆਂ ਦੀ ਦੁਰਵਰਤੋਂ ਰੋਕਣ ਵਿੱਚ ਕੈਮਿਸਟਾਂ ਦੀ ਅਹਿਮ ਭੂਮਿਕਾ ਹੈ, ਇਸ ਲਈ ਦਵਾਈਆਂ ਵੇਚਣ ਸਮੇਂ ਪੂਰੀ ਸਾਵਧਾਨੀ ਵਰਤੀ ਜਾਵੇ।

ਡੀਐੱਸਪੀ ਬਾਜਵਾ ਨੇ ਹਦਾਇਤ ਕੀਤੀ ਕਿ ਜਿਨ੍ਹਾਂ ਦਵਾਈਆਂ ਦੀ ਵਿਕਰੀ ਲਈ ਡਾਕਟਰੀ ਪਰਚੀ ਲਾਜ਼ਮੀ ਹੈ, ਉਹ ਯੋਗ ਡਾਕਟਰ ਦੀ ਪਰਚੀ ਤੋਂ ਬਿਨਾਂ ਨਾ ਵੇਚੀਆਂ ਜਾਣ। ਖ਼ਾਸ ਤੌਰ 'ਤੇ ਅਜਿਹੀਆਂ ਦਵਾਈਆਂ ਦੀ ਵਿਕਰੀ ਸਮੇਂ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਵੇ, ਜਿਨ੍ਹਾਂ ਦੀ ਨਸ਼ੇ ਵਜੋਂ ਦੁਰਵਰਤੋਂ ਹੋਣ ਦਾ ਖ਼ਦਸ਼ਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਨਿਯਮਾਂ ਦੇ ਉਲਟ ਅਜਿਹੀਆਂ ਦਵਾਈਆਂ ਮੁਹੱਈਆ ਨਾ ਕਰਵਾਈਆਂ ਜਾਣ।

ਉਨ੍ਹਾਂ ਕੈਮਿਸਟਾਂ ਨੂੰ ਦਵਾਈਆਂ ਦੀ ਖ਼ਰੀਦ-ਵਿਕਰੀ ਦਾ ਲੋੜੀਂਦਾ ਰਿਕਾਰਡ ਨਿਯਮਾਂ ਅਨੁਸਾਰ ਦਰਜ ਕਰਨ ਅਤੇ ਸਬੰਧਤ ਬਿੱਲ ਸੰਭਾਲ ਕੇ ਰੱਖਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰੀ ਹਦਾਇਤਾਂ ਅਤੇ ਲਾਗੂ ਨਿਯਮਾਂ ਦੀ ਉਲੰਘਣਾ ਸਾਹਮਣੇ ਆਉਣ 'ਤੇ ਸਬੰਧਤ ਵਿਕਰੇਤਾ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਡਰੱਗ ਇੰਸਪੈਕਟਰ ਸੰਤੋਸ਼ ਜਿੰਦਲ ਨੇ ਦਵਾਈ ਵਿਕਰੇਤਾਵਾਂ ਨੂੰ ਦਵਾਈਆਂ ਦੀ ਵਿਕਰੀ ਅਤੇ ਰਿਕਾਰਡ ਦੀ ਸੰਭਾਲ ਸਬੰਧੀ ਹਦਾਇਤਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਦੁਕਾਨਾਂ 'ਤੇ ਮੌਜੂਦ ਦਵਾਈਆਂ ਦੀ ਖ਼ਰੀਦ ਦੇ ਬਿੱਲ ਉਪਲਬਧ ਹੋਣੇ ਚਾਹੀਦੇ ਹਨ। ਜਿਨ੍ਹਾਂ ਦਵਾਈਆਂ ਦੀ ਵਿਕਰੀ ਦਾ ਰਿਕਾਰਡ ਰੱਖਣਾ ਨਿਯਮਾਂ ਤਹਿਤ ਲਾਜ਼ਮੀ ਹੈ, ਉਨ੍ਹਾਂ ਦੇ ਵੇਰਵੇ ਸਬੰਧਤ ਰਜਿਸਟਰ ਵਿੱਚ ਦਰਜ ਕੀਤੇ ਜਾਣ। ਉਨ੍ਹਾਂ ਡਾਕਟਰੀ ਪਰਚੀ ਦੇ ਆਧਾਰ 'ਤੇ ਵੇਚੀਆਂ ਜਾਣ ਵਾਲੀਆਂ ਦਵਾਈਆਂ ਦੀ ਵਿਕਰੀ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਾ ਵਰਤਣ ਲਈ ਕਿਹਾ।

ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾ. ਸਤੀਸ਼ ਕੁਮਾਰ ਨੇ ਭਰੋਸਾ ਦਿਵਾਇਆ ਕਿ ਐਸੋਸੀਏਸ਼ਨ ਸਰਕਾਰ ਅਤੇ ਸਬੰਧਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਦੇ ਮੈਂਬਰ ਪਹਿਲਾਂ ਵੀ ਨਿਯਮਾਂ ਦੀ ਪਾਲਣਾ ਕਰਦੇ ਆ ਰਹੇ ਹਨ ਅਤੇ ਭਵਿੱਖ ਵਿੱਚ ਵੀ ਜਾਰੀ ਹਦਾਇਤਾਂ ਅਨੁਸਾਰ ਕੰਮ ਕਰਦੇ ਰਹਿਣਗੇ।

ਡਾ. ਸਤੀਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਜੇਕਰ ਐਸੋਸੀਏਸ਼ਨ ਦਾ ਕੋਈ ਮੈਂਬਰ ਨਿਯਮਾਂ ਦੇ ਉਲਟ ਦਵਾਈਆਂ ਵੇਚਦਾ ਪਾਇਆ ਜਾਂਦਾ ਹੈ ਤਾਂ ਐਸੋਸੀਏਸ਼ਨ ਉਸ ਦੀ ਹਮਾਇਤ ਨਹੀਂ ਕਰੇਗੀ, ਸਗੋਂ ਪ੍ਰਸ਼ਾਸਨ ਨੂੰ ਸਹਿਯੋਗ ਦੇਵੇਗੀ। ਉਨ੍ਹਾਂ ਦਵਾਈਆਂ ਦੀ ਦੁਰਵਰਤੋਂ ਰੋਕਣ ਲਈ ਪੁਲਿਸ ਅਤੇ ਸਬੰਧਤ ਵਿਭਾਗ ਨਾਲ ਮਿਲ ਕੇ ਕੰਮ ਕਰਨ ਦਾ ਭਰੋਸਾ ਵੀ ਦਿੱਤਾ।


ਜ਼ਿਲਾ ਪ੍ਰਸ਼ਾਸਨ ਨੇ ਪਟਾਖਿਆਂ ਦੀ ਵਿਕਰੀ ਲਈ 57 ਆਰਜ਼ੀ ਲਾਇਸੰਸ ਕੀਤੇ ਜਾਰੀ

ਹੁਸ਼ਿਆਰਪੁਰ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਦੇ ਵਿਸ਼ੇਸ਼ ਕਾਰਜ ਅਫਸਰ (ਸ਼ਹਿਰੀ ਮਾਮਲੇ) ਓਇਸ਼ੀ ਮੰਡਲ ਨੇ ਇਸ ਸਾਲ ਦੀਵਾਲੀ ਦੇ ਤਿਉਹਾਰ ਦੌਰਾਨ ਪ੍ਰਚੂਨ ਵਿਚ ਪਟਾਖੇ ਵੇਚਣ ਲਈ ਡਰਾਅ ਰਾਹੀਂ ਜ਼ਿਲ੍ਹੇ ਵਿੱਚ 57 ਆਰਜ਼ੀ ਲਾਇਸੰਸ ਜਾਰੀ ਕੀਤੇ ਹਨ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਵਿਖੇ ਅੱਜ ਵੀਡੀਓਗ੍ਰਾਫੀ ਰਾਹੀਂ ਪੂਰੀ ਡਰਾਅ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਕਰਵਾਈ ਗਈ। ਇਸ ਦੌਰਾਨ ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਗੁਰਪ੍ਰੀਤ ਕੌਰ ਵੀ ਮੌਜੂਦ ਸਨ। ਜਿਕਰਯੋਗ ਹੈ ਕਿ ਪੂਰੇ ਜ਼ਿਲ੍ਹੇ ਤੋਂ 1128 ਅਰਜ਼ੀਆਂ ਸੇਵਾ ਕੇਂਦਰਾਂ ਰਾਹੀਂ ਪ੍ਰਾਪਤ ਹੋਈਆਂ ਸਨ ਅਤੇ ਅੱਜ ਡਰਾਅ ਰਾਹੀਂ 57 ਆਰਜ਼ੀ ਲਾਇਸੰਸ ਜਾਰੀ ਕਰਨ ਦੀ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ।

ਓਇਸ਼ੀ ਮੰਡਲ ਨੇ ਦੱਸਿਆ ਕਿ ਜਿਨ੍ਹਾਂ ਬਿਨੈਕਾਰਾਂ ਦੇ ਡਰਾਅ ਨਿਕਲੇ ਹਨ ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਜੀ.ਐਸ.ਟੀ ਨਾਲ ਸਬੰਧੀ ਆਮ ਰਜਿਸਟ੍ਰੇਸ਼ਨ ਟੈਕਸ ਵਿਭਾਗ ਵਿਚ ਕਰਵਾਉਣ। ਉਨ੍ਹਾਂ ਕਿਹਾ ਕਿ ਇਹ ਅਸਥਾਈ ਲਾਇਸੰਸ ਸਿਰਫ਼ ਪ੍ਰਸ਼ਾਸਨ ਵੱਲੋਂ ਨਿਰਧਾਰਤ ਥਾਵਾਂ 'ਤੇ ਪਟਾਖੇ ਵੇਚਣ ਲਈ ਜਾਰੀ ਕੀਤੇ ਗਏ ਹਨ। ਇਸ ਦੌਰਾਨ ਉਨ੍ਹਾਂ ਨੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 22 ਸਤੰਬਰ 2023 ਨੂੰ ਜਾਰੀ ਹਦਾਇਤਾਂ ਦੀ ਪੂਰੀ ਪਾਲਣਾ, ਪਟਾਖੇ ਵੇਚਣ ਵਾਲੀਆਂ ਥਾਵਾਂ 'ਤੇ ਸਟਾਲਾਂ ਦੀ ਬਣਤਰ ਅਤੇ ਸੁਰੱਖਿਆ ਨਿਯਮਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪਟਾਖਾ ਵੇਚਣ ਵਾਲਾ ਅਸਥਾਈ ਲਾਇਸੰਸ ਤੋਂ ਇਲਾਵਾ ਨਿਰਧਾਰਤ ਥਾਵਾਂ 'ਤੇ ਪਟਾਖੇ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਾਰੇ ਐਸ.ਡੀ.ਐਮਜ਼ ਅਤੇ ਡੀ.ਐਸ.ਪੀਜ਼ ਨੂੰ ਹਦਾਇਤਾਂ ਦਿੰਦੇ ਹੋਏ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੀ ਸਬ-ਡਵੀਜ਼ਨ ਵਿੱਚ ਪਟਾਖੇ ਸਿਰਫ਼ ਨਿਰਧਾਰਤ ਥਾਵਾਂ 'ਤੇ ਹੀ ਵੇਚੇ ਜਾਣ।

ਉਨ੍ਹਾਂ ਕਿਹਾ ਕਿ ਐਸ.ਡੀ.ਐਮਜ਼ ਨਿਯਮਤ ਜਾਂਚ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਰਫ਼ ਉਹੀ ਵਿਅਕਤੀ ਜਿਨ੍ਹਾਂ ਨੇ ਆਰਜ਼ੀ ਲਾਇਸੰਸ ਲਿਆ ਹੈ,



ਨਿਰਧਾਰਤ ਥਾਵਾਂ 'ਤੇ ਪਟਾਖੇ ਵੇਚਣ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਬੰਧਤ ਐਸ.ਡੀ.ਐਮ ਅਤੇ ਡੀ.ਐਸ.ਪੀ ਇਸ ਲਈ ਜ਼ਿੰਮੇਵਾਰ ਹੋਣਗੇ।

ਅੱਜ ਹੋਏ ਡਰਾਅ ਵਿੱਚ ਸਬ ਡਵੀਜ਼ਨ ਹੁਸ਼ਿਆਰਪੁਰ ਵਿੱਚ ਦੁਸਹਿਰਾ ਗਰਾਊਂਡ (ਨਵੀਂ ਆਬਾਦੀ) ਲਈ 18, ਜ਼ਿਲ੍ਹਾ ਪ੍ਰੀਸ਼ਦ ਮਾਰਕੀਟ (ਅੱਡਾ ਮਾਹਿਲਪੁਰ) ਲਈ 5, ਰੋਸ਼ਨ ਗਰਾਊਂਡ ਹੁਸ਼ਿਆਰਪੁਰ ਲਈ 5, ਰਾਮਲੀਲਾ ਗਰਾਊਂਡ ਹਰਿਆਣਾ ਲਈ 5, ਬੁੱਲੋਵਾਲ ਖੁੱਲ੍ਹੀ ਜਗ੍ਹਾ ਲਈ 1, ਅਤੇ ਚੱਬੇਵਾਲ ਖੁੱਲ੍ਹੀ ਜਗ੍ਹਾ ਲਈ 1 ਡਰਾਅ ਕੱਢਿਆ ਗਿਆ, ਸਬ-ਡਿਵੀਜ਼ਨ ਗੜ੍ਹਸ਼ੰਕਰ ਵਿੱਚ ਮਿਲਟਰੀ ਗਰਾਊਂਡ ਲਈ 5, ਸ਼ਹੀਦਾਂ ਰੋਡ (ਦਾਣਾ ਮੰਡੀ), ਮਾਹਿਲਪੁਰ ਲਈ 3 ਅਤੇ ਕੋਟ ਫਤੂਹੀ ਤੋਂ ਬਿੰਜੋ ਰੋਡ 'ਤੇ ਖਾਲੀ ਸਥਾਨ ਲਈ 1 ਡਰਾਅ ਕੱਢਿਆ ਗਿਆ, ਸਬ-ਡਿਵੀਜ਼ਨ ਦਸੂਹਾ ਵਿੱਚ ਮਹਾਰਿਸ਼ੀ ਵਾਲਮੀਕਿ ਪਾਰਕ ਲਈ 2, ਬਲਾਕ ਸੰਮਤੀ ਸਟੇਡੀਅਮ ਦਸੂਹਾ ਲਈ 1 ਅਤੇ ਦੁਸਹਿਰਾ ਗਰਾਊਂਡ ਗੜ੍ਹਦੀਵਾਲਾ ਲਈ 2 ਡਰਾਅ ਕੱਢੇ ਗਏ। ਸਬ-ਡਵੀਜ਼ਨ ਟਾਂਡਾ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਦੀ ਗਰਾਊਂਡ ਵਿਖੇ 2 ਅਤੇ ਸ਼ਿਮਲਾ ਪਹਾੜੀ ਪਾਰਕ, ਟਾਂਡਾ ਲਈ 2 ਡਰਾਅ ਕੱਢੇ ਗਏ। ਸਬ-ਡਵੀਜ਼ਨ ਮੁਕੇਰੀਆਂ ਵਿੱਚ ਦੁਸਹਿਰਾ ਗਰਾਊਂਡ ਮੁਕੇਰੀਆਂ ਲਈ 3, ਦੁਸਹਿਰਾ ਗਰਾਊਂਡ ਦਾਤਾਰਪੁਰ ਲਈ 1 ਲਾਇਸੰਸ ਜਾਰੀ ਕੀਤੇ ਗਏ ਹਨ।

ਜ਼ਿਲ੍ਹਾ ਮੈਜਿਸਟਰੇਟ ਵਲੋਂ ਜਾਰੀ ਹੁਕਮਾਂ ਅਨੁਸਾਰ ਦੀਵਾਲੀ ਵਾਲੇ ਦਿਨ 8 ਨਵੰਬਰ 2026 ਨੂੰ ਰਾਤ 8:00 ਵਜੇ ਤੋਂ ਰਾਤ 10 ਵਜੇ ਤੱਕ ਮਨਜ਼ੂਰਸ਼ੁਦਾ ਪਟਾਕੇ ਚਲਾਏ ਜਾ ਸਕਣਗੇ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 24 ਨਵੰਬਰ ਨੂੰ ਸਵੇਰੇ 4:00 ਵਜੇ ਤੋਂ ਸਵੇਰੇ 5:00 ਵਜੇ ਤੱਕ ਅਤੇ ਰਾਤ 9:00 ਵਜੇ ਤੋਂ ਰਾਤ 10:00 ਵਜੇ ਤੱਕ ਪਟਾਕੇ ਚਲਾਏ ਜਾਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਜਾਰੀ ਹੁਕਮਾਂ ਅਨੁਸਾਰ ਕ੍ਰਿਸਮਸ ਵਾਲੇ ਦਿਨਾਂ 25 ਅਤੇ 26 ਦਸੰਬਰ ਨੂੰ ਰਾਤ 11:55 ਵਜੇ ਤੋਂ ਰਾਤ 12:30 ਵਜੇ ਤੱਕ ਪਟਾਕੇ ਚਲਾਏ ਜਾ ਸਕਣਗੇ। ਨਵੇਂ ਸਾਲ ਦੀ ਪੂਰਬਲੀ ਸ਼ਾਮ ਮੌਕੇ 31 ਦਸੰਬਰ ਨੂੰ ਰਾਤ 11:55 ਵਜੇ ਤੋਂ ਰਾਤ 12:30 ਵਜੇ ਤੱਕ ਹੀ ਪਟਾਕੇ ਚਲਾਉਣ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ।

ਖੇਤ ਬਚਾਓ ਮੁਹਿੰਮ ਤਹਿਤ ਪਿੰਡ ਮਾਈਸਰਖਾਨਾ ਵਿਖੇ ਸਰ੍ਹੋਂ ਦੀ ਕਾਸ਼ਤ ਸਬੰਧੀ ਸਿਖਲਾਈ ਕੈਂਪ ਲਗਾਇਆ



ਬਠਿੰਡਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਖੇਤ ਬਚਾਓ ਮੁਹਿੰਤ ਤਹਿਤ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਗੁਰਦੀਪ ਸਿੰਘ ਦੀ ਅਗਵਾਈ ਹੇਠ ਬਲਾਕ ਮੌੜ ਦੇ ਪਿੰਡ ਮਾਈਸਰਖਾਨਾ ਵਿਖੇ ਸਰ੍ਹੋਂ ਦੀ ਕਾਸ਼ਤ ਦੀਆਂ ਤਕਨੀਕਾਂ ਸਬੰਧੀ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਸਰ੍ਹੋਂ ਦੀ ਸੁਚੱਜੀ ਕਾਸ਼ਤ, ਇਸ ਦੇ ਆਰਥਿਕ ਲਾਭ ਅਤੇ ਖੇਤੀਬਾੜੀ ਵਿੱਚ ਸਹਾਇਕ ਕਿੱਤਿਆਂ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।

ਕੈਂਪ ਦੌਰਾਨ ਡਾ. ਰਮਨਦੀਪ ਕੌਰ, ਸਹਾਇਕ ਪ੍ਰੋਫੈਸਰ (ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ) ਨੇ ਕਿਸਾਨਾਂ ਨਾਲ ਸਰ੍ਹੋਂ ਦੀ ਕਾਸ਼ਤ ਦੀਆਂ ਉੱਨਤ ਤਕਨੀਕਾਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਸਰ੍ਹੋਂ ਦੀ ਫ਼ਸਲ ਦੀ ਸਫ਼ਲ ਪੈਦਾਵਾਰ ਲਈ ਢੁਕਵੀਆਂ ਕਾਸ਼ਤਕਾਰੀ ਵਿਧੀਆਂ ਅਪਣਾਉਣ ਦੀ ਮਹੱਤਤਾ ਬਾਰੇ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰ੍ਹੋਂ ਦੇ ਤੇਲ ਦੇ ਪੌਸ਼ਟਿਕ ਅਤੇ ਆਰਥਿਕ ਲਾਭਾਂ ਅਤੇ ਸਰ੍ਹੋਂ ਦੇ ਤੇਲ ਦੀ ਪ੍ਰੋਸੈਸਿੰਗ ਰਾਹੀਂ ਮੁੱਲ ਵਾਧਾ ਕਰਕੇ ਕਿਸਾਨਾਂ ਦੀ ਆਮਦਨ ਵਧਾਉਣ ਦੀਆਂ ਸੰਭਾਵਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਰੂਰਲ ਐਗਰੀਕਲਚਰਲ ਵਰਕ ਐਕਸਪੀਰੀਐਂਸ ਪ੍ਰੋਗਰਾਮ ਅਧੀਨ ਆਏ ਵਿਦਿਆਰਥੀਆਂ ਵਤਨਪ੍ਰੀਤ ਕੌਰ ਅਤੇ ਸੁਖਵੀਰ ਕੌਰ ਨੇ ਵੀ ਕਿਸਾਨਾਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਘਰੇਲੂ ਬਗੀਚੀ ਦੀ ਮਹੱਤਤਾ, ਘਰ ਵਿੱਚ ਤਾਜ਼ੀਆਂ ਅਤੇ ਸੁਰੱਖਿਅਤ ਸਬਜ਼ੀਆਂ ਪੈਦਾ ਕਰਨ ਦੇ ਢੰਗਾਂ ਅਤੇ ਖੁੰਬਾਂ ਦੀ ਕਾਸ਼ਤ ਨੂੰ ਸਹਾਇਕ ਕਿੱਤੇ ਵਜੋਂ ਅਪਣਾਉਣ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਿੱਤਿਆਂ ਨੂੰ ਅਪਣਾ ਕੇ ਪਰਿਵਾਰ ਦੀ ਪੌਸ਼ਟਿਕ ਲੋੜ ਪੂਰੀ ਕਰਨ ਦੇ ਨਾਲ-ਨਾਲ ਵਾਧੂ ਆਮਦਨ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਕੈਂਪ ਦੌਰਾਨ ਬਲਾਕ ਮੌੜ ਵਿੱਚ ਸਰ੍ਹੋਂ ਦੀ ਫ਼ਸਲ ਦੇ ਕਲੱਸਟਰ ਫਰੰਟਲਾਈਨ ਪ੍ਰਦਰਸ਼ਨਾਂ ਦੇ ਅਧੀਨ ਪ੍ਰਦਰਸ਼ਨ ਲਗਾਉਣ ਲਈ ਕਿਸਾਨਾਂ ਨੂੰ ਸਰ੍ਹੋਂ ਦੀ ਉੱਨਤ ਕਿਸਮ ਪੀ.ਐੱਚ.ਆਰ.-127 ਦਾ ਬੀਜ ਅਤੇ ਜੈਵਿਕ ਖਾਦ ਵੀ ਵੰਡੀ ਗਈ। ਇਸ ਪਹਿਲਕਦਮੀ ਦਾ ਉਦੇਸ਼ ਕਿਸਾਨਾਂ ਨੂੰ ਉੱਨਤ ਖੇਤੀ ਤਕਨੀਕਾਂ ਨਾਲ ਜੋੜਨਾ ਅਤੇ ਸਰ੍ਹੋਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨਾ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਅਜਿਹੇ ਸਿਖਲਾਈ ਕੈਂਪਾਂ ਰਾਹੀਂ ਕਿਸਾਨਾਂ ਨੂੰ ਖੇਤੀਬਾੜੀ ਦੀਆਂ ਨਵੀਨਤਮ ਤਕਨੀਕਾਂ ਅਤੇ ਸਹਾਇਕ ਕਿੱਤਿਆਂ ਬਾਰੇ ਜਾਣਕਾਰੀ ਦੇ ਕੇ ਖੇਤੀ ਨੂੰ ਵਧੇਰੇ ਲਾਹੇਵੰਦ ਅਤੇ ਟਿਕਾਊ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ

ਫਾਜ਼ਿਲਕਾ , 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਡਿਪਟੀ ਕਮਿਸ਼ਨਰ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕਾ ਝੋਨਾ ਲਿਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਨਮੀ ਦੀ ਮਾਤਰਾ 17 ਫੀਸਦੀ ਨਿਰਧਾਰਤ ਕੀਤੀ ਗਈ ਹੈ।

ਫਾਜ਼ਿਲਕਾ ਜ਼ਿਲ੍ਹੇ ਵਿੱਚ ਇਸ ਵਾਰ 100 ਮੰਡੀਆਂ ਝੋਨੇ ਦੀ ਖਰੀਦ ਲਈ ਨੋਟੀਫਾਈ ਕੀਤੀਆਂ ਗਈਆਂ ਹਨ। ਹਰ ਕੇਂਦਰ 'ਤੇ ਕਿਸਾਨਾਂ ਦੀ ਸਹੂਲਤ ਲਈ ਪੂਰੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ ਉਹਨਾਂ ਦੀ ਫਸਲ ਦੀ ਅਦਾਇਗੀ ਵੱਧ ਤੋਂ ਵੱਧ 48 ਘੰਟਿਆਂ ਅੰਦਰ ਕੀਤੀ ਜਾ ਰਹੀ ਹੈ। ਸੋ ਕਿਸਾਨ ਵੀਰ ਆਪਣੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਪਕਾ ਕੇ ਹੀ ਕੱਟਣ ਤੇ ਉਸ ਉਪਰੰਤ ਹੀ ਮੰਡੀਆਂ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਅੱਗੇ ਕਿਹਾ ਕਿ ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਕੁੱਝ ਕਿਸਾਨਾਂ ਵੱਲੋਂ ਆਪਣੀ ਝੋਨੇ ਦੀ ਫਸਲ ਪੂਰੀ ਤਰ੍ਹਾਂ ਪਕਾ ਕੇ ਨਹੀਂ ਲਿਆਂਦੀ ਜਾਂਦੀ ਜਿਸ ਨਾਲ ਜਿੱਥੇ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਜ਼ਿਆਦਾ ਦੇਰ ਤੱਕ ਮੰਡੀ ਵਿੱਚ ਬੈਠਣਾ ਪੈਂਦਾ ਹੈ ਉੱਥੇ ਹੀ ਖ਼ਰੀਦ, ਲਿਫਟਿੰਗ ਤੇ ਜਾਮ ਦੀ ਸਮੱਸਿਆ ਆਉਂਦੀ ਹੈ, ਸੋ ਕਿਸਾਨ ਵੀਰ ਆਪਣੀ ਝੋਨੇ ਦੀ ਫਸਲ ਪੂਰੀ ਤਰ੍ਹਾਂ ਪਕਾ ਕੇ ਕਟਵਾਉਣ।

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀਮਤੀ ਡੇਜ਼ੀ ਮਹਿਤਾ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 1,89,279 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ, ਜਦਕਿ ਹੁਣ ਤੱਕ ਕੁੱਲ 1,87,690 ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ।

ਉਨ੍ਹਾਂ ਨੇ ਦੱਸਿਆ ਕਿ ਪਨਗ੍ਰੇਨ ਨੇ ਹੁਣ ਤੱਕ 34,849 ਮੀਟਰਿਕ ਟਨ, ਮਾਰਕਫੈਡ ਨੇ 25,912 ਮੀਟਰਿਕ ਟਨ, ਪਨਸਪ ਨੇ 23,452 ਮੀਟਰਿਕ ਟਨ, ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਨੇ 17,360 ਮੀਟਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਨੇ 86,117 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਹੈ।

ਇਸ ਤੋਂ ਇਲਾਵਾ ਬੀਤੀ ਸ਼ਾਮ ਤੱਕ ਖਰੀਦ ਕੀਤੇ ਗਏ ਝੋਨੇ ਵਿਚੋਂ 209 ਕਰੋੜ ਤੋਂ ਵਧੇਰੇ ਦੀ ਅਦਾਇਗੀ ਦੇ ਅਡਵਾਇਸ ਵੀ ਜਨਰੇਟ ਕੀਤੇ ਗਏ ਹਨ ਜੋ ਕਿ ਖਰੀਦੀ ਫਸਲ ਦੇ 100 ਫੀਸਦੀ ਬਣਦੇ ਹਨ।

ਪੰਜਾਬ ਸਰਕਾਰ ਵੱਲੋਂ ਲਿਖਤੀ ਅਤੇ ਫਿਜ਼ੀਕਲ ਦੀ ਮੁਫ਼ਤ ਟ੍ਰੇਨਿੰਗ ਲਈ ਕੈਂਪ ਸ਼ੁਰੂ

ਫਾਜ਼ਿਲਕਾ , 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫਸਰ ਕੈਪਟਨ (ਰਿਟਾਇਡ) ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਵੱਖ-ਵੱਖ ਫੋਰਸਾਂ ਵਿੱਚ ਜਿਵੇਂ ਕਿ ਸੀ.ਏ.ਪੀ.ਐਫ਼. (ਜੀ.ਡੀ.), ਬੀ.ਐਸ.ਐਫ਼., ਸੀ.ਆਈ.ਐਸ.ਐਫ਼, ਸੀ.ਆਰ.ਪੀ.ਐਫ਼. ਐਸ.ਐਸ.ਬੀ., ਆਈ.ਟੀ.ਬੀ.ਪੀ., ਏ.ਆਰ., ਐਸ.ਐਸ.ਐਫ਼. ਅਤੇ ਐਨ.ਆਈ.ਏ ਲਈ ਪੋਸਟਾਂ ਕੱਢੀਆਂ ਜਾ ਰਹੀਆਂ ਹਨ। ਇਨ੍ਹਾਂ ਪੋਸਟਾਂ ਵਿੱਚੋਂ ਕੇਵਲ ਲੜਕਿਆਂ ਨੂੰ ਲਿਖਤੀ ਪੇਪਰ ਅਤੇ ਫਿਜ਼ੀਕਲ ਦੀ ਟ੍ਰੇਨਿੰਗ ਕੈਂਪ ਵਿਖੇ ਮੁਫ਼ਤ ਕਰਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਰੀਦਕੋਟ ਅਤੇ ਮੋਗਾ ਜ਼ਿਲ੍ਹੇ ਦੇ ਯੁਵਕਾਂ ਦੀ ਜਿਨ੍ਹਾਂ ਨੇ



ਉਪਰੋਕਤ ਪੋਸਟਾਂ ਲਈ ਲਿਖਤੀ ਅਤੇ ਫਿਜ਼ੀਕਲ ਦੀ ਤਿਆਰੀ ਕਰਨੀ ਹੈ, ਉਹ ਯੁਵਕ ਜਲਦੀ ਤੋਂ ਜਲਦੀ ਸਵੇਰੇ 09:30 ਵਜੇ ਤੋਂ 11:30 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਮ ਦਰਜ਼ ਕਰਵਾਉਣ ਲਈ ਰਿਪੋਰਟ ਕਰਨ। ਉਨ੍ਹਾਂ ਕਿਹਾ ਕਿ ਯੁਵਕ ਆਪਣਾ ਨਾਮ ਦਰਜ਼ ਕਰਵਾਉਣ/ ਟ੍ਰੇਨਿੰਗ ਲੈਣ ਲਈ ਕੈਂਪ ਵਿੱਚ ਆਉਣ ਸਮੇਂ ਉਪਰੋਕਤ ਕਿਸੇ ਵੀ ਭਰਤੀ ਲਈ ਆਨ ਲਾਈਨ ਅਪਲਾਈ ਕੀਤਾ ਹੈ, ਉਸ ਦੀ ਫੋਟੋ ਸਟੇਟ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਅਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਰਿਪੋਰਟ ਕਰ ਸਕਦੇ ਹਨ।

ਪੰਜਾਬ ਵਿਧਾਨ ਸਭਾ 'ਚ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਲਈ ਮਤਾ ਪੇਸ਼

ਚੰਡੀਗੜ੍ਹ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਦੀ ਮੰਗ ਸਬੰਧੀ ਮਤਾ ਪੇਸ਼ ਕੀਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਲਾਂਘਾ ਮੁੜ ਖੋਲ੍ਹਣ ਦੇ ਨਾਲ-ਨਾਲ ਇਸ ਨੂੰ ਲਗਾਤਾਰ ਚਾਲੂ ਰੱਖਣ ਲਈ ਤੁਰੰਤ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਇਹ ਲਾਂਘਾ ਸਿੱਖ ਸੰਗਤ ਲਈ ਸਿਰਫ਼ ਰਸਤਾ ਨਹੀਂ, ਸਗੋਂ ਧਾਰਮਿਕ ਆਜ਼ਾਦੀ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ।

ਸੈਸ਼ਨ ਦੇ ਆਖ਼ਰੀ ਦਿਨ ਪੇਸ਼ ਕੀਤੇ ਮਤੇ ਵਿੱਚ ਕੇਂਦਰ ਸਰਕਾਰ ਨੂੰ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ, ਸ਼ਰਧਾਲੂਆਂ ਦੇ ਜਾਣ ਦੀ ਪ੍ਰਕਿਰਿਆ ਸੌਖੀ ਬਣਾਉਣ ਅਤੇ ਕਰਤਾਰਪੁਰ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸੁਰੱਖਿਅਤ ਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ।

ਔਰਤਾਂ ਅਤੇ ਲੜਕੀਆਂ ਆਪਣੇ ਉੱਪਰ ਹੁੰਦੇ ਅਤਿਆਚਾਰਾਂ ਸਬੰਧੀ ਪੁਲਿਸ ਦੇ ਹੈਲਪ ਲਾਈਨ ਨੰਬਰ 181 ਅਤੇ 1091 ਤੇ ਸੂਚਨਾ ਦੇਣ ਲਈ ਅੱਗੇ ਆਉਣ: ਬਰਾੜ, ਔਲਖ, ਭੁੱਲਰ



ਪਟਿਆਲਾ, 3 ਨਵੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ.ਐਸ.ਐਸ. ਵਿਭਾਗ ਦੇ ਸਹਿਯੋਗ ਨਾਲ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ ਕਰਹਾਲੀ ਸਾਹਿਬ ਵਿਖੇ ਚੱਲ ਰਹੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੌਰਾਨ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਹ ਕੈਂਪ ਪ੍ਰਿੰਸੀਪਲ ਡਾ. ਰਮਨਜੀਤ ਕੌਰ ਦੀ ਸਰਪ੍ਰਸਤੀ ਅਤੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਅਰਸ਼ਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਲੱਗਾ ਹੋਇਆ ਹੈ। ਇਸ ਸੈਮੀਨਾਰ ਵਿੱਚ ਸਮਾਜ ਸੇਵੀ ਸੰਸਥਾਵਾਂ ਦੋਸਤ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਨੇ ਸਹਿਯੋਗ ਦਿੱਤਾ।

ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਰਿਟਾਇਰ ਐਸ.ਪੀ. ਮਨਜੀਤ ਸਿੰਘ ਬਰਾੜ ਅਤੇ ਸਾਬਕਾ ਜਨਰਲ ਮੈਨੇਜਰ ਪੀ.ਆਰ.ਟੀ.ਸੀ. ਰਵਿੰਦਰ ਸਿੰਘ ਔਲਖ ਨੇ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਵਿਸ਼ੇਸ਼ ਮਹਿਮਾਨਾਂ ਵਜੋਂ ਸਾਬਕਾ ਕਰਨਲ ਜਰਨੈਲ ਸਿੰਘ ਥਿੰਦ, ਗੁਰਤੇਜ ਸਿੰਘ ਭੁੱਲਰ ਰਿਟਾਇਰ ਕਸਟਮ ਅਫਸਰ, ਬੈਂਕ ਮੈਨੇਜਰ ਰੋਹਿਤ ਕੁਮਾਰ, ਸਾਬਕਾ ਪ੍ਰਿੰਸੀਪਲ ਮਨਜੀਤ ਸਿੰਘ, ਸਟੇਟ ਐਵਾਰਡੀ ਪਰਮਿੰਦਰ ਪਹਿਲਵਾਨ ਮੈਂਬਰ ਜ਼ਿਲ੍ਹਾ ਵੂਮੈਨ ਕਾਊਂਸਲਿੰਗ ਸੈੱਲ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ ਪਟਿਆਲਾ ਪੁਲਿਸ, ਪ੍ਰੋਫੈਸਰ ਹੁਸਨਪ੍ਰੀਤ ਕੌਰ, ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ ਲਵਪ੍ਰੀਤ ਕੌਰ, ਪ੍ਰੋਫੈਸਰ ਪਿੰਕੀ, ਹਰਜਿੰਦਰ ਕੌਰ ਅਤੇ ਹਰਦੀਪ ਕੌਰ ਨੇ ਸ਼ਿਰਕਤ ਕੀਤੀ।

ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਮਨਜੀਤ ਕੌਰ ਅਤੇ ਪ੍ਰੋਫੈਸਰ ਅਰਸ਼ਪ੍ਰੀਤ ਕੌਰ ਨੇ ਸਾਰੇ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਵਾਗਤ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਨੂੰ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਵੀ ਬਹੁਤ ਲੋੜ ਹੈ।

ਮੁੱਖ ਮਹਿਮਾਨ ਰਿਟਾਇਰ ਐਸ.ਪੀ. ਮਨਜੀਤ ਸਿੰਘ ਬਰਾੜ ਨੇ ਕਿਹਾ ਕਿ ਔਰਤਾਂ ਖਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਲਈ ਕਾਨੂੰਨ ਦੇ ਨਾਲ-ਨਾਲ ਸਮਾਜਿਕ ਸੋਚ ਵਿੱਚ ਬਦਲਾਅ ਲਿਆਉਣਾ ਜ਼ਰੂਰੀ ਹੈ। ਉਨ੍ਹਾਂ ਨੇ ਲੜਕੀਆਂ ਨੂੰ ਆਪਣੇ ਅਧਿਕਾਰਾਂ, ਕਾਨੂੰਨੀ ਸੁਰੱਖਿਆ, ਮਹਿਲਾ ਹੈਲਪਲਾਈਨ ਨੰਬਰ 1091, 112 ਅਤੇ ਸਾਂਝ ਕੇਂਦਰਾਂ ਦੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਛੇੜਛਾੜ, ਘਰੇਲੂ ਹਿੰਸਾ ਜਾਂ ਸਾਈਬਰ ਅਪਰਾਧ ਨੂੰ ਚੁੱਪਚਾਪ ਸਹਿਣ ਦੀ ਬਜਾਏ ਤੁਰੰਤ ਪੁਲਿਸ ਨੂੰ ਸੂਚਿਤ ਕਰਨਾ ਚਾਹੀਦਾ ਹੈ। ਡਰਨਾ ਨਹੀਂ, ਡਟ ਕੇ ਮੁਕਾਬਲਾ ਕਰਨਾ ਹੀ ਅਸਲ ਬਹਾਦਰੀ ਹੈ।

ਰਵਿੰਦਰ ਸਿੰਘ ਔਲਖ ਨੇ ਕਿਹਾ ਕਿ ਬੇਟੀਆਂ ਸਾਡੇ ਸਮਾਜ ਦੀ ਸ਼ਾਨ ਹਨ। ਜੇਕਰ ਬੇਟੀ ਪੜ੍ਹੇਗੀ ਅਤੇ ਜਾਗਰੂਕ ਹੋਵੇਗੀ ਤਾਂ ਪੂਰਾ ਪਰਿਵਾਰ ਅਤੇ ਸਮਾਜ ਤਰੱਕੀ ਕਰੇਗਾ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਲੜਕੀਆਂ ਦੇ ਸਤਿਕਾਰ ਲਈ ਪ੍ਰੇਰਿਤ ਕੀਤਾ।

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਮੈਂਬਰਾਂ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਲੜਕੀਆਂ ਨੂੰ ਸਵੈ-ਰੱਖਿਆ ਦੇ ਗੁਰ ਸਿਖਾਏ ਅਤੇ ਦੱਸਿਆ ਕਿ ਮੁਸ਼ਕਲ ਸਮੇਂ ਵਿੱਚ ਕਿਵੇਂ ਹਿੰਮਤ ਨਾਲ ਕੰਮ ਲੈਣਾ ਹੈ। ਉਨ੍ਹਾਂ ਨੇ ਔਰਤਾਂ ਲਈ ਚਲਾਈਆਂ ਜਾ ਰਹੀਆਂ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਸਾਹਿਰ ਲੁਧਿਆਣਵੀ ਦੀ ਯਾਦ ’ਚ ਕਰਵਾਇਆ ਉਰਦੂ ਮੁਸ਼ਾਇਰਾ

➤ ‘ਬਜ਼ਮ-ਏ-ਸ਼ਾਇਰੀ’ ਦੌਰਾਨ ਉਰਦੂ ਸ਼ਾਇਰੀ ਦਾ ਹਰ ਰੰਗ ਦੇਖਣ ਨੂੰ ਮਿਲਿਆ ➤ ‘ਹਮ ਹੈ ਜ਼ੰਜੀਰੋਂ ਕੀ ਖਨ ਖਨ ਕੇ ਵਿਗਾੜੇ ਹੋਏ ਲੋਕ ’



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਭਾਸ਼ਾ ਭਵਨ ਵਿਖੇ ਉੱਘੇ ਸ਼ਾਇਰ ਸਾਹਿਰ ਲੁਧਿਆਣਵੀ ਦੀ ਯਾਦ ਵਿੱਚ ‘ਬਜ਼ਮ-ਏ-ਸ਼ਾਇਰੀ’ ਦੇ ਬੈਨਰ ਹੇਠ ਉਰਦੂ ਮੁਸ਼ਾਇਰਾ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਦੇ ਨਾਮਵਰ ਸ਼ਾਇਰਾਂ ਨੇ ਰੰਗ ਬੰਨ੍ਹਿਆ। ਮੁਸ਼ਾਇਰੇ ਦੀ ਪ੍ਰਧਾਨਗੀ ਉੱਘੇ ਸ਼ਾਇਰ ਡਾ. ਅਜ਼ੀਜ਼ ਪਰਿਹਾਰ ਨੇ ਕੀਤੀ ਅਤੇ ਮੁਸ਼ਾਇਰੇ ਦੀ ਨਜ਼ਾਮਤ ਦਿੱਲੀ ਤੋਂ ਆਏ ਜਨਾਬ ਸਲਮਾਨ ਸਈਅਦ ਨੇ ਕੀਤੀ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਪੰਜਾਬ ਦੀ ਸਰਜ਼ਮੀਨ ਬਹੁਤ ਵਿਲੱਖਣ ਹੈ ਜਿੱਥੇ ਬਹੁਤ ਸਾਰੀਆਂ ਭਾਸ਼ਾਵਾਂ ਦੀ ਉਤਪਤੀ ਹੋਈ ਹੈ। ਉਂਞ ਤਾਂ ਸਮੁੱਚੇ ਦੱਖਣੀ ਏਸ਼ੀਆ ’ਚ ਭੂਗੋਲਿਕ, ਭਾਸ਼ਾਈ, ਸਮਾਜਿਕ ਤੇ ਸੱਭਿਆਚਾਰਕ ਪੱਖੋਂ ਅਨੇਕ ਸਮਾਨਤਾਵਾਂ ਹਨ। ਵੱਡੀ ਗੱਲ ਇਹ ਹੈ ਕਿ ਸਾਡੇ ਗੁਰੂਆਂ ਨੇ ਵੀ ਇਸ ਬਹੁਰੰਗੇ ਖਿੱਤੇ ਦੀਆਂ ਵੱਖ-ਵੱਖ ਥਾਵਾਂ ਤੋਂ ਬਾਣੀ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਕੀਤੀ। ਫਾਰਸੀ ਭਾਸ਼ਾ ਮਹਾਰਾਜਾ ਰਣਜੀਤ ਸਿੰਘ ਦੇ ਕਾਲ ’ਚ ਰਾਜ ਭਾਸ਼ਾ ਦਾ ਰੁਤਬਾ ਪ੍ਰਾਪਤ ਸੀ। ਇਸ ਤੋਂ ਬਾਅਦ ਹੀ ਫਾਰਸੀ ਅਤੇ ਹੋਰ ਭਾਸ਼ਾਵਾਂ ਦੇ ਸੁਮੇਲ ਨਾਲ ਉਰਦੂ ਵਰਗੀ ਮੇਲ ਮਿਲਾਪ ਵਾਲੀ ਭਾਸ਼ਾ ਦੀ ਉਤਪਤੀ ਹੋਈ। ਸਾਨੂੰ ਚਾਹੀਦਾ ਹੈ ਕਿ ਸਾਡੀ ਇਸ ਵਂ ਸੁਵੰਨਤਾ ਨੂੰ ਮਾਣੀਏ ਅਤੇ ਉਸ ਦਾ ਮਾਣ ਕਰੀਏ। ਮੁਸ਼ਾਇਰੇ ਦੀ ਸ਼ੁਰੂਆਤ ਮਾਲੇਰਕੋਟਲਾ ਤੋਂ ਆਏ ਜ਼ਫ਼ਰ ਅਹਿਮਦ ਜ਼ਫ਼ਰ ਨੇ ‘ਮੇਰੇ ਦਿਲ ਕੀ ਆਰਜ਼ੂ..’ ਗ਼ਜ਼ਲ ਨਾਲ ਕੀਤੀ। ਫਿਰ ਪਰਮਿੰਦਰ ਸ਼ੋਖ਼ ਨੇ ‘ਨਾ ਥਾ ਮਹਿਫ਼ੂਜ਼ ਪਹਿਲੇ ਵੀ ਕਹੀ ਸੱਚ ਬੋਲਨੇ ਵਾਲਾ..’ ਗ਼ਜ਼ਲ ਨਾਲ ਅਜੋਕੀਆਂ ਸਮਾਜਿਕ ਪ੍ਰਸਥਿਤੀਆਂ ’ਤੇ ਚੋਟ ਕੀਤੀ। ਮੁਹੰਮਦ ਮੁਅੱਜ਼ਮ ਸੈਫ਼ੀ ਨੇ ਧੀਆਂ ਦੀ ਅਹਿਮੀਅਤ ਬਾਰੇ ਆਪਣਾ ਕਲਾਮ ਪੇਸ਼ ਕੀਤਾ। ਚੰਡੀਗੜ੍ਹ ਤੋਂ ਆਈ ਸ਼ਾਇਰਾ ਸ਼ਹਿਨਾਜ਼ ਭਾਰਤੀ ਨੇ ਤਰੰਨਮ ’ਚ ਤਿੰਨ ਗ਼ਜ਼ਲਾਂ ਪੇਸ਼ ਕਰਕੇ ਖ਼ੂਬ ਦਾਦ ਹਾਸਲ ਕੀਤੀ। ਪਟਿਆਲਵੀ ਸ਼ਾਇਰ ਅਮਰਦੀਪ ਅਮਰ ਨੇ ਆਪਣੇ ਸ਼ਿਅਰਾਂ ਨਾਲ ਸਭ ਦਾ ਮਨ ਮੋਹ ਲਿਆ। ਦਿੱਲੀ ਤੋਂ ਆਈ ਮੁਹਤਰਮਾ ਮੁਸਕਾਨ ਮਜੀਦ ਨੇ ਅਜੋਕੇ ਸਮਾਜ ’ਚ ਧੀਆਂ ਦੀ ਹਾਲਤ ਬਾਰੇ ਗ਼ਜ਼ਲ ਸੁਣਾਈ। ਅੰਮ੍ਰਿਤਪਾਲ ਸ਼ੈਦਾ ਨੇ ਜੋਸ਼ੀਲੇ ਅੰਦਾਜ਼ ’ਚ ਸ਼ੇਅਰ ਤੇ ਗ਼ਜ਼ਲਾਂ ਸੁਣਾ ਕੇ ਮੁਸ਼ਾਇਰੇ ਨੂੰ ਨਵਾਂ ਰੰਗ ਪ੍ਰਦਾਨ ਕੀਤਾ। ਸਲਮਾਨ ਸਈਅਦ ਨੇ ‘ਹਮ ਹੈ ਜ਼ੰਜੀਰੋ ਕੀ ਖਨ ਖਨ ਕੇ ਵਿਗਾੜੇ ਹੋਏ ਲੋਕ, ਤੇਰੀ ਪਾਜ਼ੇਬ ਕੀ ਛਨ-ਛਨ ਮੇਂ ਨਹੀਂ ਆ ਸਕਤੇ’, ਵਰਗੇ ਸ਼ਿਅਰਾਂ ਨਾਲ ਮੁਹੱਬਤ ਤੇ ਦਲੇਰੀ ਵਾਲੇ ਰੰਗ ਬਿਖੇਰੇ। ਬੀਕਾਨੇਰ ਤੋਂ ਆਈ ਸ਼ਾਇਰਾ ਪ੍ਰਿਯੰਵਦਾ ਇਲਹਾਨ ਨੇ ਨੌਜਵਾਨ ਦਿਲਾਂ ਦੇ ਵਲਵਲਿਆਂ ਦੀ ਤਰਜ਼ਮਾਨੀ ਕਰਦੀਆਂ ਗ਼ਜ਼ਲਾਂ ਸੁਣਾਕੇ ਖ਼ੂਬ ਦਾਦ ਹਾਸਲ ਕੀਤੀ। ਲੁਧਿਆਣਾ ਤੋਂ ਆਏ ਮੁਕੇਸ਼ ਆਲਮ ਨੇ ‘ਹਰ ਬਾਤ ਸੁਨੇ ਇਤਨਾ ਮਜ਼ਬੂਰ ਨਹੀਂ ਹੈ, ਯੇ ਦਿਲ ਤੇਰਾ ਮਸ਼ਕੂਰ ਹੈ ਮਜ਼ਦੂਰ ਨਹੀਂ ਹੈ , ਵਰਗੇ ਸ਼ਿਅਰ ਸੁਣਾ ਕੇ ਹਰ ਸਰੋਤੇ ਨੂੰ ਵਾਰ-ਵਾਰ ਤਾੜੀਆਂ ਮਾਰਨ ਲਈ ਮਜ਼ਬੂਰ ਕਰ ਦਿੱਤਾ। ਬਿਲਾਲ ਸਹਾਰਨਪੁਰੀ ਨੇ ‘ਅਦਬ ਕਹਿਤੇ ਹੈ ਜਿਸ ਕੋ ਵੋ ਅਦਾਕਾਰੀ ਨਾ ਹੋ ਜਾਏ, ਮੁਝੇ ਡਰ ਹੈ ਮੇਰਾ ਲਹਿਜਾ ਵੀ ਦਰਬਾਰੀ ਨਾ ਹੋ ਜਾਏ’ ਵਰਗੇ ਸ਼ੇਅਰ ਸੁਣਾਕੇ ਦੇਸ਼ ਦੀ ਅਜੋਕੀ ਸਿਆਸਤ ਤੇ ਸਿਸਟਮ ’ਤੇ ਗੰਭੀਰ ਵਿਅੰਗ ਕੀਤੇ ਅਤੇ ਮੁਸ਼ਾਇਰੇ ਨੂੰ ਸਿਖ਼ਰ ’ਤੇ ਪਹੁੰਚਾ ਦਿੱਤਾ। ਮੁਸ਼ਾਇਰੇ ਦੀ ਪ੍ਰਧਾਨਗੀ ਕਰ ਰਹੇ ਡਾ. ਅਜ਼ੀਜ਼ ਪਰਿਹਾਰ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਰਦੂ ਭਾਸ਼ਾ ਨੂੰ ਦਿੱਤੇ ਜਾ ਰਹੇ ਸਤਿਕਾਰ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਮੁਸ਼ਾਇਰੇ ’ਚ ਉਰਦੂ ਗ਼ਜ਼ਲ ਦਾ ਹਰ ਰੰਗ ਦੇਖਣ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਮੂਲ ਰੂਪ ’ਚ ਉਰਦੂ ਸ਼ਾਇਰੀ ਚੇਤਨਾ ਪ੍ਰਵਾਹ ਦਾ ਵੱਡਾ ਸ੍ਰੋਤ ਹੈ। ਇਹ ਜ਼ਿੰਦਗੀ ਨੂੰ ਨਵੇਂ ਜ਼ਾਵੀਏ ਤੋਂ ਦੇਖਣ ਦੇ ਅਹਿਸਾਸ ਪੈਦਾ ਕਰਦੀ ਹੈ। ਅਖ਼ੀਰ ’ਚ ਉਨ੍ਹਾਂ ਦੋ ਗ਼ਜ਼ਲਾਂ ਨਾਲ ਮੁਸ਼ਾਇਰੇ ਨੂੰ ਨੇਪਰੇ ਚਾੜ੍ਹਿਆ। ਉਰਦੂ ਭਾਗ ਦੇ ਇੰਚਾਰਜ ਸਤਪਾਲ ਸਿੰਘ ਚਹਿਲ ਦੀ ਦੇਖ-ਰੇਖ ’ਚ ਕਰਵਾਏ ਗਏ ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ ਨੇ ਬਾਖ਼ੂਬੀ ਕੀਤਾ। ਅਖ਼ੀਰ ਵਿੱਚ ਸਾਰੇ ਸ਼ਾਇਰਾ ਨੂੰ ਵਿਭਾਗੀ ਸ਼ਾਲਾਂ ਤੇ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ. ਗੁਰਦੇਵ ਸਿੰਘ ਧੰਮ, ਪਦਮ ਸ੍ਰੀ ਪ੍ਰਾਣ ਸੱਭਰਵਾਲ, ਭਾਸ਼ਾ ਵਿਭਾਗ ਦੇ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਸੁਰਿੰਦਰ ਕੌਰ, ਜਸਪ੍ਰੀਤ ਕੌਰ ਤੇ ਦੇਵਿੰਦਰ ਕੌਰ, ਖੋਜ ਅਫ਼ਸਰ ਡਾ. ਸੰਤੋਖ ਸੁੱਖੀ, ਸ਼੍ਰੋਮਣੀ ਕਵੀ ਬਲਵਿੰਦਰ ਸੰਧੂ, ਡਾ. ਅਮਰਜੀਤ ਸਿੰਘ, ਡਾ. ਆਸ਼ਾ ਕਿਰਨ, ਇੰਜੀ. ਰਮਿੰਦਰਜੀਤ ਸਿੰਘ, ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਅਸ਼ਰਫ਼ ਮਹਿਮੂਦ ਨੰਦਨ, ਇੰਜੀ. ਅਮਰਜੀਤ ਸਿੰਘ, ਨਵਦੀਪ ਮੁੰਡੀ, ਡਾ. ਗੁਰਸੇਵਕ ਲੰਬੀ, ਸੁਖਵਿੰਦਰ ਸਿੰਘ ਫੁੱਲ, ਸ਼ਾਇਰ ਡਾ. ਸੰਦੀਪ ਸ਼ਰਮਾ, ਲਕਸ਼ਮੀ ਨਰਾਇਣ ਭੀਖੀ, ਅਦਾਕਾਰ ਬਲਵਿੰਦਰ ਬੁਲਟ ਤੇ ਹਰਸ਼ਜੋਤ ਕੌਰ ਸਮੇਤ ਵੱਡੀ ਗਿਣਤੀ ’ਚ ਸਰੋਤੇ ਹਾਜ਼ਰ ਸਨ।

ਰੈਲ ਬਰਾਮਦ ਖੱਡ ਦੀ ਮਾਈਨਿੰਗ ਦਾ ਮੁੱਦਾ ਸੰਦੀਪ ਪਾਠਕ ਨੇ ਚੁੱਕਿਆ



ਰੂਪਨਗਰ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸੰਦੀਪ ਪਾਠਕ ਨੇ ਰੈਲ ਬਰਾਮਦ ਖੱਡ ਵਿੱਚ ਚੱਲ ਰਹੀ ਮਾਈਨਿੰਗ ਨਾਲ ਸਬੰਧਤ ਮਾਮਲਾ ਚੁੱਕਦਿਆਂ ਦੋਸ਼ ਲਗਾਇਆ ਕਿ ਮਾਈਨਿੰਗ ਲਈ ਵਰਤੀਆਂ ਜਾ ਰਹੀਆਂ ਗੱਡੀਆਂ ਪਾਬੰਦੀਸ਼ੁਦਾ ਆਈਆਈਟੀ ਰੋਡ ਤੋਂ ਲੰਘ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਦੀ ਉਲੰਘਣਾ ਹੋ ਰਹੀ ਹੈ।

ਸੰਦੀਪ ਪਾਠਕ ਨੇ ਇਸ ਮਾਮਲੇ ’ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਕਿਸੇ ਰਸਤੇ ’ਤੇ ਪਾਬੰਦੀ ਲਗਾਈ ਗਈ ਹੈ ਤਾਂ ਉਸ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਕਰਕੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

ਇਸ ਤੋਂ ਇਲਾਵਾ ਸੰਦੀਪ ਪਾਠਕ ਨੇ ਕੀਰਤਪੁਰ ਸਾਹਿਬ ਵਿਖੇ ਇੱਕ ਕਰੈਸ਼ਰ ਮਾਲਕ ਤੋਂ ਮਾਈਨਿੰਗ ਮਾਫੀਆ ਵੱਲੋਂ ਪੈਸੇ ਵਸੂਲਣ ਦੇ ਵੀ ਦੋਸ਼ ਲਗਾਏ। ਉਨ੍ਹਾਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਕਥਿਤ ਵਸੂਲੀ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਉਹ ਈਡੀ ਨੂੰ ਵੀ ਇਸ ਮਾਮਲੇ ਦੀ ਜਾਂਚ ਲਈ ਪੱਤਰ ਲਿਖਣਗੇ।

ਅੰਤਰ ਜ਼ਿਲ੍ਹਾ ਸਕੂਲ ਖੇਡਾਂ ਕਰਾਟੇ ’ਚ ਪਟਿਆਲੇ ਦੇ ਸੂਰਜ ਤੇ ਅਭੀਜੀਤ ਕੁਮਾਰ ਨੇ ਜਿੱਤੇ ਗੋਲਡ ਮੈਡਲ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮਮਤਾ ਖੁਰਾਣਾ ਦੀ ਯੋਗ ਅਗਵਾਈ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ-17 ਲੜਕਿਆਂ ਦੇ ਕਰਾਟੇ ਮੁਕਾਬਲੇ ਪਲੇ ਵੇਜ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਕਰਵਾਏ ਗਏ।ਅੱਜ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਿੰਸੀਪਲ ਜਸਪਾਲ ਸਿੰਘ ਸਟੇਟ ਅਵਾਰਡੀ ਅਤੇ ਅਬਜਰਵਰ ਨਿਖਲ ਹੰਸ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਅਬਜਰਵਰ ਨਿਖਿਲ ਹੰਸ ਨੇ ਦੱਸਿਆ ਕਿ ਇਹ ਟੂਰਨਾਮੈਂਟ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਇਆ ਜਾ ਰਿਹਾ ਹੈ ਅਤੇ ਪਲੇ ਵੇਜ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਡਾ ਰਾਜਦੀਪ ਸਿੰਘ, ਡਾਇਰੈਕਟਰ ਹਰਲੀਨ ਕੌਰ ਤੇ ਪ੍ਰਿੰਸੀਪਲ ਰਕਸ਼ਾ ਵਰਮਾ ਵੱਲੋਂ ਵੀ ਟੂਰਨਾਮੈਂਟ ਨੂੰ ਕਰਵਾਉਣ ਲਈ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।ਕਰਾਟੇ ਅੰਡਰ 17 ਲੜਕਿਆਂ ਦੇ ਮੁਕਾਬਲਿਆਂ ਵਿੱਚ -35 ਕਿਲੋ ਭਾਰ ਵਿਚ ਧਨਪ੍ਰੀਤ ਸਿੰਘ ਨੇ ਗੋਲਡ, ਸ਼ਰਨਜੀਤ ਸਿੰਘ ਨੇ ਸਿਲਵਰ,ਗੌਰਵ ਨੇ ਬਰਾਉਨਜ਼, -40 ਕਿਲੋ ਭਾਰ ਵਿੱਚ ਸੂਰਜ ਨੇ ਗੋਲਡ, ਛਵੀਕਾਂਤ ਸ਼ਰਮਾ ਨੇ ਸਿਲਵਰ, ਹਿਤੇਸ਼ ਮਹਾਜਨ ਨੇ ਬਰਾਉਨਜ਼,-45 ਕਿਲੋ ਭਾਰ ਵਿੱਚ ਕੁੰਵਰਪ੍ਰਤਾਪ ਸਿੰਘ ਨੇ ਗੋਲਡ, ਸਹਿਜ ਸਿੰਘ ਨੇ ਸਿਲਵਰ,ਸੰਦੇਸ਼ ਕੁਮਾਰ ਨੇ ਬਰਾਉਨਜ਼,-50 ਕਿਲੋ ਭਾਰ ਵਿੱਚ ਅਭੀਜੀਤ ਕੁਮਾਰ ਨੇ ਗੋਲਡ,ਵਿਰਾਟ ਭੱਟ ਨੇ ਸਿਲਵਰ, ਆਸ ਮੁਹੰਮਦ ਨੇ ਬਰਾਉਨਜ਼, -66 ਕਿਲੋ ਭਾਰ ਵਿੱਚ ਰਿਧਿਤ ਗਰਗ ਨੇ ਗੋਲਡ, ਚੰਦੇਸ਼ਵਰ ਨੇ ਸਿਲਵਰ, ਅਭੀਜੀਤ ਸਿੰਘ ਨੇ ਬਰਾਉਨਜ਼ ਮੈਡਲ ਜਿੱਤਿਆ।ਇਸ ਮੌਕੇ ਤੇ ਅਬਜਰਵਰ ਰਾਜੇਸ਼ ਸ਼ਰਮਾ, ਕਨਵੀਨਰ ਰਾਜੇਸ਼ ਕੁਮਾਰ, ਸ਼ਸ਼ੀ ਮਾਨ, ਬਲਵਿੰਦਰ ਸਿੰਘ ਜੱਸਲ, ਡਾ ਆਸਾ ਸਿੰਘ,ਸਤਵਿੰਦਰ ਸਿੰਘ ਤਾਇਕਵਾਂਡੋ ਕੋਚ,ਚਮਕੌਰ ਸਿੰਘ, ਸ਼ੰਕਰ ਨੇਗੀ,ਪ੍ਰੈਸ ਇੰਚਾਰਜ ਜਸਵਿੰਦਰ ਸਿੰਘ, ਬਿਪਨ ਚੰਦ,ਰਾਕੇਸ਼ ਕੁਮਾਰ, ਸੁਰਿੰਦਰ ਪਾਲ ਸਿੰਘ ਐਸਪੀ, ਰਾਕੇਸ਼ ਕੁਮਾਰ,ਹਰਜੀਤ ਸਿੰਘ, ਹਰਦੀਪ ਸਿੰਘ, ਮੋਹਿਤ ਕੁਮਾਰ, ਬੁੱਧਰਾਮ ਤੇ ਅਮਨਦੀਪ ਸਿੰਘ ਹਾਜ਼ਰ ਸਨ।

ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਹਾਊਸ ਦੀ ਵਿਸ਼ੇਸ਼ ਮੀਟਿੰਗ ਦੌਰਾਨ ਵਿਕਾਸ ਕਾਰਜਾਂ ਦਾ ਜਾਇਜ਼ਾ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਹਾਊਸ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਹੋਈ।ਚੇਅਰਮੈਨ ਟਿਵਾਣਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਸਮੀਖਿਆ ਕੀਤੀ ਗਈ। ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਵੱਲੋਂ 15ਵੇਂ ਵਿੱਤ ਕਮਿਸ਼ਨ ਤਹਿਤ ਪ੍ਰਾਪਤ ਗ੍ਰਾਂਟ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੀ ਵੀ ਵਿਸ਼ੇਸ਼ ਤੌਰ ’ਤੇ ਸਮੀਖਿਆ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਿਹੜੇ ਵਿਕਾਸ ਕਾਰਜ ਹਾਲੇ ਮੁਕੰਮਲ ਹੋਣੇ ਬਾਕੀ ਹਨ, ਉਨ੍ਹਾਂ ਨੂੰ ਨਿਰਧਾਰਤ ਸਮਾਂ-ਸੀਮਾ ਅੰਦਰ ਪੂਰਾ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।ਚੇਅਰਮੈਨ ਗੁਰਦੇਵ ਸਿੰਘ ਟਿਵਾਣਾ ਨੇ ਸਮੂਹ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਨੂੰ ਕਿਹਾ ਕਿ ਭਵਿੱਖ ਵਿੱਚ 16ਵੇਂ ਵਿੱਤ ਕਮਿਸ਼ਨ ਤਹਿਤ ਜ਼ਿਲ੍ਹੇ ਨੂੰ ਪ੍ਰਾਪਤ ਹੋਣ ਵਾਲੀ ਗ੍ਰਾਂਟ ਦੇ ਮੱਦੇਨਜ਼ਰ ਉਹ ਆਪੋ-ਆਪਣੇ ਜ਼ੋਨਾਂ ਅਧੀਨ ਆਉਂਦੇ ਪਿੰਡਾਂ ਵਿੱਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਦੀਆਂ ਤਜਵੀਜ਼ਾਂ ਪਹਿਲਾਂ ਹੀ ਤਿਆਰ ਕਰ ਲੈਣ, ਤਾਂ ਜੋ ਫੰਡ ਉਪਲਬਧ ਹੋਣ ’ਤੇ ਸਬੰਧਤ ਕੰਮਾਂ ਲਈ ਬਿਨਾਂ ਕਿਸੇ ਦੇਰੀ ਦੇ ਗ੍ਰਾਂਟ ਜਾਰੀ ਕੀਤੀ ਜਾ ਸਕੇ।

ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰਾਂ ਤੋਂ ਇਲਾਵਾ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਵਾਈਸ ਚੇਅਰਪਰਸਨ ਬਿੰਦਰ ਕੌਰ, ਬਲਾਕ ਸੰਮਤੀ ਭੁਨਰਹੇੜੀ ਦੇ ਚੇਅਰਮੈਨ ਚਰਨਜੀਤ ਸਿੰਘ, ਰਾਜਪੁਰਾ ਦੇ ਚੇਅਰਮੈਨ ਬਲਵਿੰਦਰ ਸਿੰਘ, ਪਟਿਆਲਾ ਦਿਹਾਤੀ ਬਲਾਕ ਸੰਮਤੀ ਦੇ ਚੇਅਰਮੈਨ ਗੁਰਵਿੰਦਰ ਸਿੰਘ, ਬਲਾਕ ਸੰਮਤੀ ਪਾਤੜਾਂ ਦੀ ਚੇਅਰਪਰਸਨ ਪਰਮਜੀਤ ਕੌਰ, ਬਲਾਕ ਸੰਮਤੀ ਘਨੌਰ ਦੀ ਚੇਅਰਪਰਸਨ ਗੁਰਦੀਪ ਕੌਰ ਅਤੇ ਬਲਾਕ ਸੰਮਤੀ ਪਟਿਆਲਾ ਦੀ ਚੇਅਰਪਰਸਨ ਸਰਬਜੀਤ ਕੌਰ ਹਾਜ਼ਰ ਸਨ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਦੀਪ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਵੋਟਰ ਸੂਚੀਆਂ ਦੀ ਸੁਧਾਈ ’ਤੇ ਸਵਾਲ, ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ



ਬਾਜਾਖਾਨਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੇ ਦੇਸ਼ਵਿਆਪੀ ਸੱਦੇ ’ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ (ਏਟਕ) ਦੀ ਜ਼ਿਲ੍ਹਾ ਫ਼ਰੀਦਕੋਟ ਇਕਾਈ ਵੱਲੋਂ ਸਥਾਨਕ ਬੱਸ ਅੱਡੇ ਨੇੜੇ ਕੌਮੀ ਮਾਰਗ ਦੇ ਪੁਲ ਹੇਠ ਰੈਲੀ ਕੀਤੀ ਗਈ।ਇਸ ਮੌਕੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਤੇ ਪ੍ਰੇਮ ਚਾਵਲਾ, ਆਸ਼ਾ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਅਤੇ ਹੋਰ ਆਗੂਆਂ ਨੇ ਦੋਸ਼ ਲਾਇਆ ਕਿ ਵਿਸ਼ੇਸ਼ ਵਿਆਪਕ ਸੁਧਾਈ (ਐੱਸਆਈਆਰ) ਦੇ ਨਾਂ ਹੇਠ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂ ਸੂਚੀਆਂ ਵਿੱਚੋਂ ਕੱਟੇ ਜਾ ਰਹੇ ਹਨ।

ਉਨ੍ਹਾਂ ਦਾਅਵਾ ਕੀਤਾ ਕਿ ਇਸ ਪ੍ਰਕਿਰਿਆ ਨਾਲ ਲੋਕਾਂ ਦੇ ਵੋਟ ਦੇ ਸੰਵਿਧਾਨਕ ਹੱਕ ਪ੍ਰਭਾਵਿਤ ਹੋ ਰਹੇ ਹਨ ਅਤੇ ਚੋਣ ਕਮਿਸ਼ਨ ਦੀ ਭੂਮਿਕਾ ’ਤੇ ਸਵਾਲ ਉੱਠਦੇ ਹਨ। ਆਗੂਆਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ’ਤੇ ਕੇਂਦਰ ਸਰਕਾਰ ਦੇ ਪੱਖ ਵਿੱਚ ਕੰਮ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਉਨ੍ਹਾਂ ਕੇਂਦਰ ਸਰਕਾਰ ਤੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਵੀ ਕੀਤੀ।

ਦਿੱਲੀ ਵਿਖੇ 1 ਨਵੰਬਰ ਨੂੰ ਹੋਣ ਵਾਲੀ ਕਾਂਗਰਸ ਦੀ ਮਹਾਂ ਰੈਲੀ ਵਿੱਚ ਪੰਜਾਬ ਦਾ ਯੂਥ ਵਰਗ ਨਿਭਾਵੇਗਾ ਅਹਿਮ ਭੂਮਿਕਾ : ਦੀਪ ਟਿਵਾਣਾ

ਪਟਿਆਲਾ, 3 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਤੇ ਸੀਨੀਅਰ ਯੂਥ ਆਗੂ ਪਟਿਆਲਾ ਦਿਹਾਤੀ ਹਲਕਾ ਹਰਦੀਪ ਸਿੰਘ ਦੀਪ ਟਿਵਾਣਾ ਨੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਦਿੱਲੀ ਵਿਖੇ ਕਾਂਗਰਸ ਦੀ ਹੋਣ ਵਾਲੀ ਰੈਲੀ ਤੋਂ ਕੇਂਦਰ ਸਰਕਾਰ ਅਤੇ ਭਾਜਪਾ ਬੁਰੀ ਤਰ੍ਹਾਂ ਬੁਖਲਾਈ ਪਈ ਹੈ ਕਿਉਂਕਿ ਭਾਜਪਾ ਨੂੰ ਪਤਾ ਹੈ ਕਿ ਇਸ ਰੈਲੀ ਵਿੱਚ ਦੇਸ਼ ਭਰ ਵਿੱਚੋਂ ਲੱਖਾਂ ਲੋਕ ਇਸ ਰੈਲੀ ਵਿੱਚ ਸ਼ਾਮਿਲ ਹੋਣ ਵਾਲੇ ਹਨ

ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਵਿਸ਼ਾਲ ਗੋਇਲ ਨੇ ਸੰਭਾਲਿਆ ਡਾਇਰੈਕਟਰ, ਈ.ਐੱਮ.ਆਰ.ਸੀ. ਵਜੋਂ ਅਹੁਦਾ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਵਿਸ਼ਾਲ ਗੋਇਲ ਨੇ ਡਾਇਰੈਕਟਰ, ਈ.ਐੱਮ.ਆਰ.ਸੀ. ਵਜੋਂ ਆਪਣਾ ਅਹੁਦਾ ਸੰਭਾਲ਼ ਲਿਆ ਹੈ। ਉਨ੍ਹਾਂ ਵੱਲੋਂ ਅਹੁਦਾ ਸੰਭਾਲ਼ੇ ਜਾਣ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਉਚੇਚੇ ਤੌਰ ’ਤੇ ਪੁੱਜੇ ਅਤੇ ਆਪਣੀਆਂ ਸ਼ੁਭਕਾਮਨਾਵਾਂ ਦਿਤੀਆਂ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ ਈ.ਐੱਮ.ਆਰ.ਸੀ. ਸਿੱਖਿਆ ਅਤੇ ਮਲਟੀਮੀਡੀਆ ਸਮੱਗਰੀ ਦੇ ਨਿਰਮਾਣ ਵਿੱਚ ਨਵੀਆਂ ਬੁਲੰਦੀਆਂ ਛੂਹੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਪ੍ਰੋ. ਵਿਸ਼ਾਲ ਗੋਇਲ ਦਾ ਆਧੁਨਿਕ ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਦਾ ਲੰਬਾ ਤਜਰਬਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਲਈ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਇਸ ਸੈਂਟਰ ਨੂੰ ਹੋਰ ਬਿਹਤਰ ਬਣਾਉਣ ਅਤੇ ਇਸਦੇ ਘੇਰੇ ਨੂੰ ਵਿਸ਼ਾਲ ਕੀਤੇ ਜਾਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ।

ਜ਼ਿਕਰਯੋਗ ਹੈ ਕਿ ਇਹ ਸੈਂਟਰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਦੇਸ਼ ਭਰ ਵਿੱਚ ਗੁਣਵੱਤਾ ਭਰਪੂਰ ਵਿਦਿਅਕ ਵੀਡੀਓ ਅਤੇ ਮਲਟੀਮੀਡੀਆ ਸਮੱਗਰੀ ਤਿਆਰ ਕਰਨ ਲਈ ਸਥਾਪਤ ਕੀਤੇ ਗਏ 20 ਕੇਂਦਰਾਂ ਵਿੱਚੋਂ ਇੱਕ ਹੈ। ਨਵੀਂ ਦਿੱਲੀ ਸਥਿਤ ’ਕਨਸੋਰਟੀਅਮ ਫ਼ਾਰ ਐਜੂਕੇਸ਼ਨਲ ਕਮਿਊਨੀਕੇਸ਼ਨ’ (353) ਇਨ੍ਹਾਂ ਕੇਂਦਰਾਂ ਦੀਆਂ ਗਤੀਵਿਧੀਆਂ ਦਾ ਤਾਲਮੇਲ ਕਰਦਾ ਹੈ। ਇਸ ਕੇਂਦਰ ਦੀ ਸਥਾਪਨਾ ਸਾਲ 1989 ਵਿੱਚ ਯੂ.ਜੀ.ਸੀ.-ਸੀ.ਈ.ਸੀ. ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ’ਆਡੀਓ ਵਿਜ਼ੂਅਲ ਰਿਸਰਚ ਸੈਂਟਰ’ ਵਜੋਂ ਕੀਤੀ ਗਈ ਸੀ,

ਪੀਐੱਸਪੀਸੀਐੱਲ ਵੱਲੋਂ ਅਕਤੂਬਰ 2026 ਦੇ ਇਨੋਵੇਸ਼ਨ ਮੁਕਾਬਲੇ ਤਹਿਤ ਚੁਣੇ ਗਏ ਨਵੀਨਤਮ ਵਿਚਾਰਾਂ ਨੂੰ ਲਾਗੂ ਕਰਨ ਲਈ ਟੀਮ ਲੀਡਰ ਨਿਯੁਕਤ

ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਮਾਣਯੋਗ ਬਿਜਲੀ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਵੱਲੋਂ ਅਕਤੂਬਰ 2026 ਦੇ ਮਾਸਿਕ ਇਨੋਵੇਸ਼ਨ ਮੁਕਾਬਲੇ ਦੌਰਾਨ ਚੁਣੇ ਗਏ ਨਵੀਨਤਮ ਵਿਚਾਰਾਂ ਨੂੰ ਅਮਲੀ ਰੂਪ ਦੇਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤਹਿਤ ਇਨ੍ਹਾਂ ਵਿਚਾਰਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਅਤੇ ਕਾਰਜਕਾਰੀ ਜ਼ਿੰਮੇਵਾਰੀ ਨਿਭਾਉਣ ਲਈ ਸਮਰਪਿਤ ਟੀਮ ਲੀਡਰ ਨਿਯੁਕਤ ਕੀਤੇ ਗਏ ਹਨ।

ਮੁਕਾਬਲੇ ਦੌਰਾਨ ਪੀਐੱਸਪੀਸੀਐੱਲ ਵੱਲੋਂ ਕਰਮਚਾਰੀਆਂ ਦੇ ਨਵੀਨਤਮ ਵਿਚਾਰਾਂ ਨੂੰ ਮਾਨਤਾ ਦਿੰਦਿਆਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਉਦੇਸ਼ ਸੰਗਠਨਾਤਮਕ ਕਾਰਜਕੁਸ਼ਲਤਾ ਵਿੱਚ ਸੁਧਾਰ ਕਰਨਾ, ਕਾਰਜ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਅਤੇ ਸੇਵਾਵਾਂ ਦੀ ਗੁਣਵੱਤਾ ਵਿੱਚ ਵਾਧਾ ਕਰਨਾ ਹੈ। ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਤੋਂ ਇਲਾਵਾ, ਸੱਤ ਹੋਰ ਭਾਗੀਦਾਰਾਂ ਨੂੰ ਵੀ ਆਪਣੇ-ਆਪਣੇ ਵਿਚਾਰਾਂ ਨੂੰ ਲਾਗੂ ਕਰਨ ਲਈ ਟੀਮ ਲੀਡਰ ਵਜੋਂ ਨਿਯੁਕਤ ਕੀਤਾ ਗਿਆ ਹੈ। ਪੀਐੱਸਪੀਸੀਐੱਲ ਵੱਲੋਂ ਇਨ੍ਹਾਂ ਵਿਚਾਰਾਂ ਨੂੰ ਵਿਹਾਰਕ ਨਤੀਜਿਆਂ ਵਿੱਚ ਬਦਲਣ ਲਈ ਇੱਕ ਵਿਵਸਥਿਤ ਕਾਰਜਕਾਰੀ ਢਾਂਚਾ ਅਪਣਾਇਆ ਗਿਆ ਹੈ।

ਨਿਯੁਕਤ ਕੀਤੇ ਗਏ ਟੀਮ ਲੀਡਰਾਂ ਵਿੱਚ ਮੁੱਖ ਇੰਜੀਨੀਅਰ/ ਮੀਟਰਿੰਗ ਇੰਜ. ਵਿਕਾਸ ਸ਼ਰਮਾ; ਉਪ ਮੁੱਖ ਇੰਜੀਨੀਅਰ ਇੰਜ. ਗੁਲਸ਼ਨ ਚੁਟਾਨੀ; ਉਪ ਮੁੱਖ ਇੰਜੀਨੀਅਰ ਇੰਜ. ਜਸਵੀਰ ਧੀਮਾਨ; ਐੱਸ.ਈ.ਇੰਜ. ਪਰਉਪਕਾਰ ਸਿੰਘ; ਐੱਸ.ਈ. ਇੰਜ. ਅਮਨਦੀਪ ਸਿੰਘ; ਐੱਸ.ਈ. ਇੰਜ. ਚਰਨ ਕੰਵਲ ਸਿੰਘ; ਸੀ.ਏ.ਓ./ਮੁੱਖ ਦਫ਼ਤਰ ਸੀ.ਐੱਮ.ਏ. ਜਸਵਿੰਦਰ ਸਿੰਘ; ਸੀ.ਐੱਫ.ਓ. ਸੀ.ਏ. ਸੁਮਿਤ ਬਾਂਸਲ; ਏ.ਐੱਸ.ਈ. ਇੰਜ. ਗੁਰਵਿੰਦਰ ਸਿੰਘ; ਸੀਨੀਅਰ ਐਕਸੀਅਨ ਇੰਜ. ਹਰਮਨਦੀਪ ਸਿੰਘ; ਏ.ਈ.ਈ. ਇੰਜ. ਪ੍ਰਿੰਸ ਕੁਮਾਰ; ਏ.ਈ.ਈ. ਇੰਜ. ਪਿਯੂਸ਼ ਗਰਗ; ਏ.ਈ.ਈ. ਇੰਜ. ਗੌਰਵ ਗੁਪਤਾ ਅਤੇ ਏ.ਈ.ਈ. ਇੰਜ. ਓਂਕਾਰਪ੍ਰੀਤ ਸਿੰਘ ਸ਼ਾਮਲ ਹਨ।

ਇਹ ਟੀਮ ਲੀਡਰ ਆਪਣੇ-ਆਪਣੇ ਪ੍ਰੋਜੈਕਟਾਂ ਦੀ ਯੋਜਨਾਬੰਦੀ, ਤਾਲਮੇਲ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੋਣਗੇ। ਸਬੰਧਤ ਵਿਭਾਗਾਂ ਦੇ ਮੁਖੀ (ਐੱਚ.ਓ.ਡੀ.) ਇਨ੍ਹਾਂ ਵਿਚਾਰਾਂ ਨੂੰ ਲਾਗੂ ਕਰਨ ਲਈ ਲੋੜੀਂਦਾ ਸਹਿਯੋਗ ਅਤੇ ਸਹਾਇਤਾ ਪ੍ਰਦਾਨ ਕਰਨਗੇ, ਜਦਕਿ ਨਿਯੁਕਤ ਟੀਮ ਲੀਡਰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੀ ਮੁੱਖ ਜ਼ਿੰਮੇਵਾਰੀ ਨਿਭਾਉਣਗੇ।

ਚੁਣੇ ਗਏ ਵਿਚਾਰਾਂ ਨੂੰ ਲਾਗੂ ਕਰਨ ਲਈ ਜੇਕਰ ਮੌਜੂਦਾ ਨਿਯਮਾਂ ਵਿੱਚ ਸੋਧ ਕਰਨ, ਨਵੇਂ ਨਿਯਮ ਬਣਾਉਣ ਜਾਂ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਜ਼ਰੂਰਤ ਪੈਂਦੀ ਹੈ, ਤਾਂ ਸਬੰਧਤ ਡਾਇਰੈਕਟਰ ਵੱਲੋਂ ਨਿਰਧਾਰਤ ਪ੍ਰਕਿਰਿਆ ਅਨੁਸਾਰ ਢੁਕਵੀਂ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਇਸ ਕਾਰਜਕਾਰੀ ਢਾਂਚੇ ਦੇ ਹਿੱਸੇ ਵਜੋਂ, ਸਾਰੇ ਨਿਯੁਕਤ ਟੀਮ ਲੀਡਰਾਂ ਨੂੰ 31 ਅਕਤੂਬਰ, 2026 ਤੱਕ ਪੀ.ਈ.ਆਰ.ਟੀ.(ਪ੍ਰੋਗਰਾਮ ਇਵੈਲੂਏਸ਼ਨ ਐਂਡ ਰਿਵਿਊ ਟੈਕਨੀਕ) ਚਾਰਟ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਚਾਰਟ ਵਿੱਚ ਸਬੰਧਤ ਪ੍ਰੋਜੈਕਟਾਂ ਦੀਆਂ ਪ੍ਰਸਤਾਵਿਤ ਗਤੀਵਿਧੀਆਂ, ਸਮਾਂ-ਸੀਮਾਵਾਂ, ਅਹਿਮ ਪੜਾਵਾਂ ਅਤੇ ਕਾਰਜਕਾਰੀ ਸਮਾਂ-ਸਾਰਣੀ ਦਾ ਵੇਰਵਾ ਹੋਵੇਗਾ, ਜਿਸ ਨਾਲ ਪ੍ਰੋਜੈਕਟਾਂ ਦੀ ਯੋਜਨਾਬੱਧ ਨਿਗਰਾਨੀ ਅਤੇ ਸਮੇਂ ਸਿਰ ਲਾਗੂਕਰਨ ਯਕੀਨੀ ਬਣਾਇਆ ਜਾ ਸਕੇਗਾ।

ਇਸ ਪਹਿਲਕਦਮੀ ਰਾਹੀਂ ਪੀਐੱਸਪੀਸੀਐੱਲ ਦਾ ਉਦੇਸ਼ ਕਰਮਚਾਰੀਆਂ ਵੱਲੋਂ ਦਿੱਤੇ ਗਏ ਨਵੀਨਤਮ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ, ਸੰਗਠਨਾਤਮਕ ਕਾਰਜਕੁਸ਼ਲਤਾ ਨੂੰ ਮਜ਼ਬੂਤ ਕਰਨਾ ਅਤੇ ਵਿਹਾਰਕ ਵਿਚਾਰਾਂ ਨੂੰ ਠੋਸ ਸੁਧਾਰਾਂ ਵਿੱਚ ਬਦਲਣਾ ਹੈ। ਇਹ ਪਹਿਲਕਦਮੀ ਕਰਮਚਾਰੀਆਂ ਦੀ ਸਿਰਜਣਾਤਮਕਤਾ ਨੂੰ ਮਾਨਤਾ ਦੇਣ, ਸੰਗਠਨ ਦੇ ਵਿਕਾਸ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਅਤੇ ਨਿਰੰਤਰ ਸੁਧਾਰ ਲਈ ਇੱਕ ਵਿਵਸਥਿਤ, ਜਵਾਬਦੇਹ ਅਤੇ ਨਤੀਜਾ-ਮੁਖੀ ਪਹੁੰਚ ਅਪਣਾਉਣ ਪ੍ਰਤੀ ਪੀਐੱਸਪੀਸੀਐੱਲ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਨੌਜਵਾਨ ਲੋਕਤੰਤਰ ਦੀ ਮਜ਼ਬੂਤੀ ਦਾ ਆਧਾਰ, ਹਰ ਯੋਗ ਨਾਗਰਿਕ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਵਾਏ: ਜ਼ਿਲ੍ਹਾ ਸਵੀਪ ਨੋਡਲ ਅ.ਫਸਰ ਪਟਿਆਲਾ



ਪਟਿਆਲਾ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ, ਪਟਿਆਲਾ-ਕਮ-ਪ੍ਰਿੰਸੀਪਲ, ਸਰਕਾਰੀ ਗਰਲਜ਼ ਕਾਲਜ ਡਾ. ਸਵਿੰਦਰ ਸਿੰਘ ਰੇਖੀ, ਸਵੀਪ ਨੋਡਲ ਅਫ਼ਸਰ 115-ਪਟਿਆਲਾ ਰੁਪਿੰਦਰ ਸਿੰਘ ਅਤੇ ਪ੍ਰੋ. ਜਗਤਾਰ ਸਿੰਘ ਨੇ ਖ਼ਾਲਸਾ ਕਾਲਜ ਪਟਿਆਲਾ ਵਿਖੇ ਚੱਲ ਰਹੇ ਖੇਤਰੀ ਯੁਵਕ ਮੇਲੇ ਦੌਰਾਨ ਨੌਜਵਾਨਾਂ ਨੂੰ ਲੋਕਤੰਤਰ ਦੀ ਮਜ਼ਬੂਤੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਹਰ ਯੋਗ ਨਾਗਰਿਕ ਦੀ ਵੋਟਰ ਵਜੋਂ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹੋਣ ਦੇ ਨਾਲ-ਨਾਲ ਵਰਤਮਾਨ ਦੀ ਮਹੱਤਵਪੂਰਨ ਤਾਕਤ ਵੀ ਹਨ। ਨੌਜਵਾਨਾਂ ਦੀ ਜਾਗਰੂਕਤਾ, ਸੋਚ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਭਾਗੀਦਾਰੀ ਦੇਸ਼ ਦੇ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਂਦੀ ਹੈ। ਵੋਟ ਦਾ ਅਧਿਕਾਰ ਹਰ ਯੋਗ ਨਾਗਰਿਕ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਮੌਕਾ ਦਿੰਦਾ ਹੈ ਅਤੇ ਵੋਟ ਪਾਉਣਾ ਇੱਕ ਮਹੱਤਵਪੂਰਨ ਨਾਗਰਿਕ ਜ਼ਿੰਮੇਵਾਰੀ ਵੀ ਹੈ।

ਉਨ੍ਹਾਂ ਵਿਸ਼ੇਸ਼ ਤੌਰ ’ਤੇ ਅਪੀਲ ਕੀਤੀ ਕਿ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਯੋਗ ਨੌਜਵਾਨ ਆਪਣੀ ਵੋਟਰ ਰਜਿਸਟ੍ਰੇਸ਼ਨ ਜ਼ਰੂਰ ਕਰਵਾਉਣ ਅਤੇ 100 ਫ਼ੀਸਦੀ ਵੋਟਰ ਰਜਿਸਟ੍ਰੇਸ਼ਨ ਦੇ ਟੀਚੇ ਦੀ ਪ੍ਰਾਪਤੀ ਵਿੱਚ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਅਜੇ 18 ਸਾਲ ਦੀ ਉਮਰ ਪੂਰੀ ਨਹੀਂ ਕਰ ਸਕੇ, ਉਹ ਵੀ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੋਟਰ ਜਾਗਰੂਕਤਾ ਦਾ ਸੰਦੇਸ਼ ਦੇ ਸਕਦੇ ਹਨ।

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਨੇ ਚੋਣ ਕਮਿਸ਼ਨ ਦੀਆਂ ਡਿਜੀਟਲ ਸਹੂਲਤਾਂ ਬਾਰੇ ਜਾਣਕਾਰੀ ਦਿੰਦਿਆਂ ਨੌਜਵਾਨਾਂ ਨੂੰ ਈਸੀਆਈ ਵੋਟਰ ਹੈਲਪਲਾਈਨ ਐਪ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਵੋਟਰ ਰਜਿਸਟ੍ਰੇਸ਼ਨ, ਵੋਟਰ ਸੂਚੀ ਵਿੱਚ ਆਪਣਾ ਨਾਮ ਚੈੱਕ ਕਰਨ ਅਤੇ ਚੋਣਾਂ ਨਾਲ ਸਬੰਧਤ ਵੱਖ-ਵੱਖ ਸੇਵਾਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲਦੀ ਹੈ।

ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੋਬਾਈਲ ਫ਼ੋਨਾਂ ਵਿੱਚ ਚੋਣ ਕਮਿਸ਼ਨ ਦੀ ਅਧਿਕਾਰਤ ਐਪ ਇੰਸਟਾਲ ਕਰਨ ਅਤੇ ਇਸ ਬਾਰੇ ਆਪਣੇ ਸਾਥੀਆਂ ਨੂੰ ਵੀ ਜਾਗਰੂਕ ਕਰਨ, ਤਾਂ ਜੋ ਕੋਈ ਵੀ ਯੋਗ ਨਾਗਰਿਕ ਜਾਣਕਾਰੀ ਦੀ ਘਾਟ ਕਾਰਨ ਰਜਿਸਟ੍ਰੇਸ਼ਨ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜਾਂ ਵਿੱਚ ਸਥਾਪਿਤ ਈਐੱਲਸੀ (ਚੋਣ ਸਾਖਰਤਾ ਕਲੱਬ) ਦੇ ਮੈਂਬਰ ਅਤੇ ਵਲੰਟੀਅਰ ਬਣਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਈਐੱਲਸੀ ਰਾਹੀਂ ਵਿਦਿਆਰਥੀ ਵੋਟਰ ਜਾਗਰੂਕਤਾ ਗਤੀਵਿਧੀਆਂ, ਪੋਸਟਰ ਮੇਕਿੰਗ, ਨਾਅਰੇ ਲਿਖਣ, ਰੈਲੀਆਂ, ਨੁੱਕੜ ਨਾਟਕਾਂ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਵਿੱਚ ਹਿੱਸਾ ਲੈ ਕੇ ਲੋਕਾਂ ਨੂੰ ਵੋਟ ਦੇ ਅਧਿਕਾਰ ਅਤੇ ਵੋਟਰ ਰਜਿਸਟ੍ਰੇਸ਼ਨ ਦੀ ਮਹੱਤਤਾ ਬਾਰੇ ਜਾਗਰੂਕ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਹਰੇਕ ਵਿਦਿਆਰਥੀ ਦਾ ਛੋਟਾ ਜਿਹਾ ਉਪਰਾਲਾ ਵੀ ਕਿਸੇ ਯੋਗ ਨੌਜਵਾਨ ਨੂੰ ਵੋਟਰ ਵਜੋਂ ਰਜਿਸਟਰ ਹੋਣ ਲਈ ਪ੍ਰੇਰਿਤ ਕਰ ਸਕਦਾ ਹੈ। ਇਸ ਲਈ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਆਪਣੇ ਆਪ ਤੱਕ ਹੀ ਸੀਮਤ ਨਾ ਰਹਿਣ, ਸਗੋਂ ਆਪਣੇ ਪਰਿਵਾਰਾਂ, ਦੋਸਤਾਂ ਅਤੇ ਸਮਾਜ ਵਿੱਚ ਵੀ ਵੋਟਰ ਜਾਗਰੂਕਤਾ ਦਾ ਸੰਦੇਸ਼ ਫੈਲਾਉਣ।

ਅੰਤ ਵਿੱਚ ਪ੍ਰੋ. ਰੇਖੀ ਨੇ ਕਿਹਾ ਕਿ ਜਾਗਰੂਕ ਵੋਟਰ, ਮਜ਼ਬੂਤ ਲੋਕਤੰਤਰ ਦੀ ਨੀਂਹ ਹਨ। ਹਰ ਯੋਗ ਨਾਗਰਿਕ ਦੀ ਵੋਟਰ ਵਜੋਂ ਰਜਿਸਟ੍ਰੇਸ਼ਨ ਅਤੇ ਚੋਣ ਪ੍ਰਕਿਰਿਆ ਵਿੱਚ ਜ਼ਿੰਮੇਵਾਰ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਨੌਜਵਾਨਾਂ ਦੀ ਸਰਗਰਮ ਭੂਮਿਕਾ ਬੇਹੱਦ ਮਹੱਤਵਪੂਰਨ ਹੈ।

ਜੈਤੋ ਚ ਘਰੇਲੂ ਗੈਸ ਸਿਲੰਡਰਾਂ ਦੀ ਵਪਾਰਕ ਅਦਾਰਿਆਂ ’ਚ ਧੜੱਲੇ ਨਾਲ ਵਰਤੋਂ.!

ਜੈਤੋ, 3 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਦੇ ਤਿਉਹਾਰ ਮੌਕੇ ਜੈਤੋ ਸ਼ਹਿਰ ਦੀਆਂ ਮਠਿਆਈ ਦੀਆਂ ਦੁਕਾਨਾਂ, ਢਾਬਿਆਂ, ਡੇਅਰੀਆਂ, ਮਿਲਕ ਸੈਂਟਰਾਂ, ਫਾਸਟ ਫੂਡ ਦੀਆਂ ਦੁਕਾਨਾਂ ਅਤੇ ਖਾਣ-ਪੀਣ ਦੀਆਂ ਰੇਹੜੀਆਂ ’ਤੇ ਘਰੇਲੂ ਗੈਸ ਸਿਲੰਡਰਾਂ ਦੀ ਕਥਿਤ ਤੌਰ ’ਤੇ ਧੜੱਲੇ ਨਾਲ ਹੋ ਰਹੀ ਵਰਤੋਂ ਨੇ ਸੁਰੱਖਿਆ ਪ੍ਰਬੰਧਾਂ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਤਿਉਹਾਰਾਂ ਦੌਰਾਨ ਬਾਜ਼ਾਰਾਂ ਵਿੱਚ ਵਧਦੀ ਭੀੜ ਅਤੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਗੈਸ ਸਿਲੰਡਰਾਂ ਦੀ ਅਸੁਰੱਖਿਅਤ ਵਰਤੋਂ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ।

ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਕਈ ਵਪਾਰਕ ਅਦਾਰਿਆਂ ਵੱਲੋਂ ਘਰੇਲੂ ਗੈਸ ਸਿਲੰਡਰ ਵਰਤੇ ਜਾਣ ਦੀਆਂ ਜਾਣਕਾਰੀਆਂ ਸਾਹਮਣੇ ਆ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਕੁਝ ਦੁਕਾਨਾਂ ਵਿੱਚ ਪੰਜ ਤੋਂ ਦਸ ਤੱਕ ਸਿਲੰਡਰ ਰੱਖੇ ਜਾਂਦੇ ਹਨ। ਪਕਵਾਨ ਤਿਆਰ ਕਰਨ ਲਈ ਦੁਕਾਨਾਂ ਦੇ ਬਾਹਰਲੇ ਥੜ੍ਹਿਆਂ, ਚੁਬਾਰਿਆਂ ਅਤੇ ਗੁਦਾਮਾਂ ਵਿੱਚ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੀਆਂ ਥਾਵਾਂ ’ਤੇ ਗੈਸ ਲੀਕ ਹੋਣ ਜਾਂ ਅੱਗ ਲੱਗਣ ਦੀ ਘਟਨਾ ਵਾਪਰਨ ਨਾਲ ਆਲੇ-ਦੁਆਲੇ ਦੇ ਲੋਕਾਂ ਦੀ ਜਾਨ ਅਤੇ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਣ ਦਾ ਖ਼ਦਸ਼ਾ ਹੈ।ਕੁਝ ਦੁਕਾਨਦਾਰਾਂ ਅਨੁਸਾਰ, 19 ਕਿਲੋਗ੍ਰਾਮ ਵਾਲਾ ਵਪਾਰਕ ਗੈਸ ਸਿਲੰਡਰ ਮਹਿੰਗਾ ਹੋਣ ਕਾਰਨ ਉਹ 14.2 ਕਿਲੋਗ੍ਰਾਮ ਵਾਲੇ ਘਰੇਲੂ ਸਿਲੰਡਰ ਵਰਤਦੇ ਹਨ। ਉਨ੍ਹਾਂ ਨੇ ਸਬੰਧਤ ਵਿਭਾਗ ਵੱਲੋਂ ਨਿਯਮਤ ਜਾਂਚ ਨਾ ਕੀਤੇ ਜਾਣ ਦੀ ਗੱਲ ਵੀ ਕਹੀ ਹੈ। ਹਾਲਾਂਕਿ, ਇਨ੍ਹਾਂ ਦਾਅਵਿਆਂ ਦੀ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ।ਇਸ ਸਬੰਧੀ ਜ਼ਿਲ੍ਹਾ ਫ਼ਰੀਦਕੋਟ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਕੇਸ਼ਵ ਗੋਇਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਵਪਾਰਕ ਅਦਾਰਿਆਂ ਵਿੱਚ ਘਰੇਲੂ ਗੈਸ ਸਿਲੰਡਰਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਅਤੇ ਅਜਿਹੇ ਅਦਾਰਿਆਂ ਵਿੱਚ ਵਪਾਰਕ ਗੈਸ ਸਿਲੰਡਰ ਹੀ ਵਰਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ (ਡੀਐੱਫਐੱਸਸੀ), ਫ਼ਰੀਦਕੋਟ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ।

23 ਨਵੰਬਰ ਨੂੰ ਹੋਣਗੀਆਂ ਪੰਚਾਇਤ ਤੇ ਨਗਰ ਨਿਗਮ ਚੋਣਾਂ ! ਲੱਦਾਖ ਦੇ ਮੁੱਖ ਸਕੱਤਰ ਨੇ ਲਿਆ ਤਿਆਰੀਆਂ ਦਾ ਜਾਇਜ਼ਾ

ਕੌਮੀ ਪਤ੍ਰਿਕਾ

ਲੇਹ/ਜੰਮੂ 3 ਨਵੰਬਰ। ਲੱਦਾਖ ਦੇ ਮੁੱਖ ਸਕੱਤਰ ਆਸ਼ੀਸ਼ ਕੁੰਦਰਾ ਨੇ ਕੇਂਦਰ ਸ਼ਾਸਿਤ ਪ੍ਰਦੇਸ਼ 'ਚ 23 ਨਵੰਬਰ ਨੂੰ ਹੋਣ ਵਾਲੀਆਂ ਪੰਚਾਇਤ ਅਤੇ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਲੱਦਾਖ 'ਚ 193 ਪੰਚਾਇਤਾਂ ਲਈ ਵੋਟਾਂ ਪੈਣਗੀਆਂ ਅਤੇ ਚੋਣ ਪ੍ਰਕਿਰਿਆ 30 ਨਵੰਬਰ ਤੱਕ ਪੂਰੀ ਕਰ ਲਈ ਜਾਵੇਗੀ। ਲੇਹ ਅਤੇ ਕਾਰਗਿਲ 'ਚ ਨਗਰ ਨਿਗਮ ਚੋਣਾਂ ਕਰਵਾਈਆਂ ਜਾਣਗੀਆਂ। ਲੱਦਾਖ 'ਚ ਪਿਛਲੀ ਵਾਰ ਪੰਚਾਇਤ ਅਤੇ ਨਗਰ ਨਿਗਮ ਚੋਣਾਂ 2018 'ਚ ਹੋਈਆਂ ਸਨ ਅਤੇ ਦੋਵਾਂ ਦਾ ਕਾਰਜਕਾਲ ਨਵੰਬਰ 2023 'ਚ ਖ਼ਤਮ ਹੋ ਗਿਆ ਸੀ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਸਕੱਤਰ ਕੁੰਦਰਾ ਨੇ ਲੇਹ 'ਚ ਆਯੋਜਿਤ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਚੋਣ ਤਿਆਰੀਆਂ, ਸੰਚਾਲਨ ਪ੍ਰਬੰਧਾਂ ਅਤੇ



ਲੌਜਿਸਟਿਕਲ ਜ਼ਰੂਰਤਾਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਨੇ ਚੋਣ ਪ੍ਰਕਿਰਿਆ ਦੇ ਸੁਚਾਰੂ, ਸੁਰੱਖਿਅਤ ਅਤੇ ਵਿਵਸਥਿਤ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਵਿਸਤ੍ਰਿਤ ਯੋਜਨਾ ਬਣਾਉਣ, ਵੱਖ-ਵੱਖ ਵਿਭਾਗਾਂ 'ਚ ਤਾਲਮੇਲ ਅਤੇ ਜ਼ਰੂਰੀ ਪ੍ਰਬੰਧਾਂ ਨੂੰ ਸਮੇਂ ਸਿਰ ਪੂਰਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮੀਟਿੰਗ 'ਚ ਪੁਲਸ ਡਾਇਰੈਕਟਰ ਜਨਰਲ ਆਨੰਦ ਜੈਨ, ਪੇਂਡੂ ਵਿਕਾਸ ਵਿਭਾਗ ਦੀ ਸਕੱਤਰ ਨਿਧੀ ਮਲਿਕ, ਵਿੱਤ ਸਕੱਤਰ ਤਸੇਵਾਂਗ ਥਰਚਿਨ ਅਤੇ ਮੁੱਖ ਚੋਣ ਅਧਿਕਾਰੀ ਰਾਹੁਲ ਸ਼ਰਮਾ ਸ਼ਾਮਲ ਸਨ। ਬੁਲਾਰੇ ਅਨੁਸਾਰ, ਕੁੰਦਰਾ ਨੇ ਚੋਣ ਪ੍ਰਕਿਰਿਆ ਦੇ ਹਰੇਕ ਪੜਾਅ ਲਈ ਸਬੰਧਤ ਵਿਭਾਗਾਂ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ। ਇਸ 'ਚ ਨਾਮਜ਼ਦਗੀ ਪ੍ਰਕਿਰਿਆ, ਚੋਣ ਸਮੱਗਰੀ ਅਤੇ ਬੈਲਟ ਬਾਕਸਾਂ ਦੀ ਉਪਲਬਧਤਾ, ਪੋਲਿੰਗ ਕਰਮਚਾਰੀਆਂ ਦੀ ਨਿਯੁਕਤੀ ਅਤੇ ਸਿਖਲਾਈ ਅਤੇ ਪੋਲਿੰਗ ਪਾਰਟੀ ਤਾਇਨਾਤੀ ਦੇ ਕਾਰਜਕ੍ਰਮ ਦੀ ਤਿਆਰੀ ਸ਼ਾਮਲ ਸੀ। ਉਨ੍ਹਾਂ ਨਾਮਜ਼ਦਗੀਆਂ ਅਤੇ ਸ਼ਿਕਾਇਤਾਂ ਦੀ ਰੋਜ਼ਾਨਾ ਨਿਗਰਾਨੀ, ਚੋਣ ਨਾਲ ਸਬੰਧਤ ਰਿਪੋਰਟਾਂ ਸਮੇਂ ਸਿਰ ਜਮ?ਹਾਂ ਕਰਵਾਉਣ ਅਤੇ ਸਬੰਧਤ ਚੋਣ ਅਧਿਕਾਰੀਆਂ ਨਾਲ ਨਿਯਮਿਤ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮੁੱਖ ਸਕੱਤਰ ਨੇ ਅਧਿਕਾਰੀਆਂ ਨੂੰ ਸਾਰੀਆਂ ਲੋੜੀਂਦੀਆਂ ਚੋਣ ਸਮੱਗਰੀਆਂ ਅਤੇ ਵੋਟਿੰਗ ਕਿੱਟਾਂ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਦੀ ਸਮੇਂ ਸਿਰ ਭੇਜਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਬੁਲਾਰੇ ਨੇ ਅੱਗੇ ਕਿਹਾ ਕਿ ਦੂਰ-ਦੁਰਾਡੇ ਅਤੇ ਬਰਫ਼ ਪ੍ਰਭਾਵਿਤ ਖੇਤਰਾਂ 'ਚ ਲੌਜਿਸਟਿਕਲ ਚੁਣੌਤੀਆਂ ਦੀ ਸਮੀਖਿਆ ਕਰਦੇ ਹੋਏ, ਕੁੰਦਰਾ ਨੇ ਅਧਿਕਾਰੀਆਂ ਨੂੰ ਉਨ੍ਹਾਂ ਪੋਲਿੰਗ ਸਟੇਸ਼ਨਾਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ, ਜਿਨ੍ਹਾਂ ਤੱਕ ਪਹੁੰਚਣਾ ਮੁਸ਼ਕਲ ਹੋ ਸਕਦਾ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਵਿਕਲਪਿਕ ਯੋਜਨਾਵਾਂ ਤਿਆਰ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਯੋਜਨਾਵਾਂ 'ਚ ਸੜਕਾਂ ਦੀ ਸਥਿਤੀ, ਮੌਸਮ, ਬਰਫ਼ ਹਟਾਉਣ ਦੇ ਪ੍ਰਬੰਧ, ਵਿਕਲਪਿਕ ਰਸਤੇ ਅਤੇ, ਜੇ ਜ਼ਰੂਰੀ ਹੋਵੇ, ਪੋਲਿੰਗ ਪਾਰਟੀਆਂ ਦੀ ਪਹਿਲਾਂ ਤੋਂ ਭੇਜਣ ਵਰਗੇ ਕਾਰਕਾਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ।

ਡੇਰੇ 'ਚ ਇਕੱਲੀ ਵੇਖ ਸਾਧਵੀ 'ਤੇ ਜਾਨਲੇਵਾ ਹਮਲਾ, ਗੰਭੀਰ ਹਾਲਤ 'ਚ ਹਸਪਤਾਲ 'ਚ ਦਾਖ਼ਲ

ਕੌਮੀ ਪਤ੍ਰਿਕਾ

ਜੀਂਦ 3 ਨਵੰਬਰ। ਹਰਿਆਣਾ ਦੇ ਜੀਂਦ 'ਚ ਨਾਥ ਸੰਪਰਦਾ ਦੇ ਡੇਰੇ 'ਚ ਸ਼ੁੱਕਰਵਾਰ ਸਵੇਰੇ ਸਾਧਵੀ ਰਾਜਦਾਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ ਗਿਆ। ਹਮਲਾਵਰਾਂ ਨੇ ਉਸ ਦੇ ਸਿਰ 'ਤੇ ਤੇਜ਼ਧਾਰ ਹਥਿਆਰ ਨਾਲ ਕਈ ਵਾਰ ਕੀਤੇ, ਜਿਸ ਨਾਲ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਈ। ਘਟਨਾ ਦੇ ਸਮੇਂ ਸਾਧਵੀ ਡੇਰੇ 'ਚ ਇਕੱਲੀ ਸੀ। ਸਵੇਰੇ ਕਰੀਬ 8 ਵਜੇ ਡੇਰੇ ਦੇ ਨਿਰਮਾਣ ਕੰਮ ਲਈ ਪਹੁੰਚੇ ਮਿਸਤਰੀਆਂ ਨੇ ਸਾਧਵੀ ਨੂੰ ਕੰਪਲੈਕਸ 'ਚ ਖੂਨ ਨਾਲ ਲੱਥਪੱਥ ਹਾਲਤ 'ਚ ਵੇਖਿਆ। ਉਨ੍ਹਾਂ ਨੇ ਤੁਰੰਤ ਨੇੜੇ-ਤੇੜੇ ਦੇ ਲੋਕਾਂ ਨੂੰ ਸੂਚਨਾ ਦਿੱਤੀ ਅਤੇ ਐਂਬੂਲੈਂਸ ਦੀ ਮਦਦ ਨਾਲ ਉਸ ਨੂੰ ਨਰਵਾਨਾ ਦੇ ਨਜ਼ਦੀਕੀ ਹਸਪਤਾਲ ਪਹੁੰਚਾਇਆ। ਸ਼ੁਰੂਆਤੀ ਇਲਾਜ ਤੋਂ ਬਾਅਦ ਗੰਭੀਰ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਅਗਰੋਹਾ ਮੈਡੀਕਲ ਕਾਲਜ ਰੈਫਰ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਹਾਦਸੇ ਵਾਲੀ ਜਗ?ਹਾ ਦਾ ਨਿਰੀਖਣ ਕੀਤਾ। ਪੁਲਸ ਨੇੜੇ-ਤੇੜੇ ਦੇ ਲੋਕਾਂ ਤੋਂ ਪੁੱਛ-ਗਿੱਛ ਕਰ ਰਹੀ ਹੈ ਅਤੇ ਹਮਲਾਵਰਾਂ ਦੀ ਪਛਾਣ ਕਰਨ ਗਊਸ਼ਾਲਾ ਸਥਿਤ ਹੈ। ਡੇਰੇ ਦਾ ਸੰਚਾਲਨ ਗੁਰੂ ਰਾਜਨਾਥ ਕਰਦੀ ਸੀ। ਆਸ਼ਰਮ 'ਚ ਕਰੀਬ 17 ਚੇਲੇ ਹਨ। ਘਟਨਾ ਦੀ



'ਚ ਜੁਟੀ ਹੈ। ਫਿਲਹਾਲ ਹਮਲੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪਿੰਡ 'ਚ ਪ੍ਰਾਚੀਨ ਕਾਲੀ ਮਾਤਾ ਮੰਦਰ ਕੋਲ ਨਾਥ ਸੰਪਰਦਾ ਦਾ ਆਸ਼ਰਮ ਅਤੇ ਜਾਣਕਾਰੀ ਮਿਲਦੇ ਹੀ ਉਨ੍ਹਾਂ ਦੀ ਚੇਲੀ ਬਾਲ ਯੋਗੀ ਸਾਧਵੀ ਕੰਚਨ ਨਾਥ ਵੀ ਹਸਪਤਾਲ ਪਹੁੰਚੀ ਅਤੇ ਆਪਣੀ ਗੁਰੂ ਦਾ ਹਾਲ ਜਾਣਿਆ।

ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਰਹਿਮ ਪਟੀਸ਼ਨ 'ਤੇ ਸੁਣਵਾਈ 18 ਨਵੰਬਰ ਤੱਕ ਲਈ ਮੁਲਤਵੀ

ਨਵੀਂ ਦਿੱਲੀ 3 ਨਵੰਬਰ। ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਬਲਵੰਤ ਸਿੰਘ ਰਾਜੋਆਣਾ ਦੀ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾ ਵਿਰੋਧ ਕੀਤਾ। ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ 15 ਸਾਲ ਤੋਂ ਵੱਧ ਸਮੇਂ ਤੋਂ ਫਾਂਸੀ ਦੀ ਉਡੀਕ ਵਿੱਚ ਬਿਤਾਏ ਗਏ। ਉਸਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿੱਚ ਦੇਰੀ ਦਾ ਹਵਾਲਾ ਦਿੰਦੇ ਹੋਏ



ਉਸਨੇ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ। ਅੱਜ ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਕੇ.ਐਮ. ਨਟਰਾਜ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਅਪਰੇਸ਼ ਕੁਮਾਰ ਸਿੰਘ ਦੇ ਬੈਂਚ ਨੂੰ ਦੱਸਿਆ, ਅਸੀਂ ਇਸ ਮਾਮਲੇ ਵਿੱਚ ਆਪਣੀਆਂ ਦਲੀਲਾਂ ਪੇਸ਼ ਕਰਾਂਗੇ। ਮੈਨੂੰ ਨਹੀਂ ਲੱਗਦਾ ਕਿ ਅਜਿਹੀ ਪਟੀਸ਼ਨ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਕਰਤਾ 30 ਸਾਲਾਂ ਤੋਂ ਹਿਰਾਸਤ ਵਿੱਚ ਹੈ ਅਤੇ ਉਸਦੀ ਰਹਿਮ ਦੀ ਅਪੀਲ ਅਜੇ ਵੀ ਲੰਬਿਤ ਹੈ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਬੈਂਚ ਨੇ ਮਾਮਲੇ ਦੀ ਸੁਣਵਾਈ ਲਈ 18 ਨਵੰਬਰ ਦੀ ਤਰੀਕ ਤੈਅ ਕੀਤੀ ਹੈ।

ਮਿਰਜ਼ਾਪੁਰ 'ਚ ਭਿਆਨਕ ਹਾਦਸਾ : ਇੱਕ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ

ਮਿਰਜ਼ਾਪੁਰ 3 ਨਵੰਬਰ। ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਜ਼ਿਲ੍ਹੇ ਦੇ ਅਦਲਹਾਟ ਥਾਣਾ ਖੇਤਰ ਵਿੱਚ ਬੁੱਧਵਾਰ ਨੂੰ ਇੱਕ ਅਣਪਛਾਤੇ ਵਾਹਨ ਦੀ ਟੱਕਰ ਨਾਲ ਬਾਈਕ ਸਵਾਰ ਮਾਂ, ਪੁੱਤਰ ਅਤੇ ਪੋਤੇ ਦੀ ਮੌਤ ਹੋ ਗਈ। ਇਸ ਹਾਦਸੇ ਦੀ ਜਾਣਕਾਰੀ ਪੁਲਸ ਨੇ ਦਿੱਤੀ। ਪੁਲਸ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 10:30 ਵਜੇ ਕਿਨਾਰਾਇਣਪੁਰ ਆਲੂ ਗੋਦਾਮ ਨੇੜੇ ਇੱਕ ਅਣਪਛਾਤੇ ਵਾਹਨ ਨੇ ਬਾਈਕ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਨਾਲ ਬਾਈਕ ਸਵਾਰ ਮਾਂ, ਪੁੱਤਰ ਅਤੇ ਪੋਤੇ ਦੀ ਮੌਕੇ 'ਤੇ ਦਰਦਨਾਕ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਡਰਾਈਵਰ ਗੱਡੀ ਲੈ ਕੇ ਭੱਜ ਗਿਆ ਹੈ। ਚੌਕੀ ਇੰਚਾਰਜ ਨਾਰਾਇਣਪੁਰ ਆਸ਼ੀਸ਼ ਸਿੰਘ ਨੇ ਦੱਸਿਆ ਕਿ ਪੱਟੀ ਕਲਾਂ ਥਾਣਾ ਅਹਰੌਰਾ ਦਾ ਰਹਿਣ ਵਾਲਾ ਮਨੋਜ ਚੌਹਾਨ (25), ਆਪਣੀ ਮਾਂ ਮੁੰਨੀ (45), ਪਤਨੀ ਰਮੇਸ਼ ਚੰਦਰ ਚੌਹਾਨ ਅਤੇ ਭਤੀਜੇ ਸ਼੍ਰੇਆਂਸ (3) ਨਾਲ ਰਾਮਨਗਰ ਵਾਰਾਣਸੀ ਸਥਿਤ ਆਪਣੀ ਮਾਸੀ ਦੇ ਘਰ ਤੋਂ ਮੋਟਰ ਸਾਈਕਲ 'ਤੇ ਘਰ ਜਾ ਰਿਹਾ ਸੀ। ਸਾਰੇ ਇੱਕੋ ਮੋਟਰ ਸਾਈਕਲ 'ਤੇ ਸਵਾਰ ਸਨ। ਮ੍ਰਿਤਕ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਹ ਟਾਈਲ ਮਿਸਤਰੀ ਦਾ ਕੰਮ ਕਰਦਾ ਸੀ। ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ।

ਗੰਗਾ ਐਕਸਪ੍ਰੈਸਵੇਅ 'ਤੇ ਪਲਟੀ ਪੰਜਾਬ ਤੋਂ ਬਿਹਾਰ ਜਾ ਰਹੀ ਡਬਲ ਡੈਕਰ ਬੱਸ, 20 ਤੋਂ ਵੱਧ ਯਾਤਰੀ ਜ਼ਖਮੀ

ਸੰਭਲ 3 ਨਵੰਬਰ। ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਵਿੱਚ ਗੰਗਾ ਐਕਸਪ੍ਰੈਸਵੇਅ 'ਤੇ ਉਸ ਸਮੇਂ ਹਫ਼ੜਾ-ਦਫ਼ੜੀ ਮਚ ਗਈ, ਜਦੋਂ ਪੰਜਾਬ ਦੇ ਪਟਿਆਲਾ ਤੋਂ ਬਿਹਾਰ ਜਾਣ ਵਾਲੀ ਇੱਕ ਡਬਲ-ਡੈਕਰ ਬੱਸ ਅਚਾਨਕ ਪਲਟ ਗਈ। ਇਸ ਹਾਦਸੇ ਦੌਰਾਨ ਵੀਹ ਤੋਂ ਵੱਧ ਯਾਤਰੀ ਜ਼ਖ਼ਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਦਿੱਤੀ। ਪੁਲਸ ਸੂਤਰਾਂ ਨੇ ਦੱਸਿਆ ਕਿ ਪੰਜਾਬ ਦੇ ਪਟਿਆਲਾ ਤੋਂ ਬਿਹਾਰ ਜਾ ਰਹੀ ਇੱਕ ਡਬਲ-ਡੈਕਰ ਬੱਸ ਬੁੱਧਵਾਰ ਸਵੇਰੇ ਲਹਿਰਵਾਨ ਅਤੇ ਖਿਰਨੀ ਟੋਲ ਪਲਾਜ਼ਾ ਵਿਚਕਾਰ ਗੰਗਾ ਐਕਸਪ੍ਰੈਸਵੇਅ 'ਤੇ ਪਲਟ ਗਈ। ਇਸ ਹਾਦਸੇ ਵਿੱਚ ਬੱਸ ਵਿੱਚ ਸਵਾਰ 20 ਤੋਂ ਵੱਧ ਯਾਤਰੀ ਜ਼ਖ਼ਮੀ ਹੋ ਗਏ। ਸਾਰੇ ਜ਼ਖ਼ਮੀ ਲੋਕਾਂ ਨੂੰ ਐਂਬੂਲੈਂਸ ਰਾਹੀਂ ਇਲਾਜ ਲਈ ਸੰਭਲ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ।

ਸ਼ਾਹਦਰਾ 44 ਲੱਖ ਰੁਪਏ ਦੀ ਡਕੈਤੀ ਮਾਮਲੇ 'ਚ 6 ਗ੍ਰਿਫ਼ਤਾਰ, 26 ਲੱਖ ਬਰਾਮਦ

ਕੌਮੀ ਪਤ੍ਰਿਕਾ

ਨਵੀਂ ਦਿੱਲੀ 3 ਨਵੰਬਰ। ਦਿੱਲੀ ਪੁਲਸ ਨੇ ਸ਼ਾਹਦਰਾ ਜ਼ਿਲ੍ਹੇ ਵਿੱਚ ਦਿਨ ਦਿਹਾੜੇ 44 ਲੱਖ ਰੁਪਏ ਦੀ ਡਕੈਤੀ ਦੇ ਸਬੰਧ ਵਿੱਚ ਮੁੱਖ ਮੁਲਜ਼ਮ ਸਮੇਤ ਸਾਰੇ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 26 ਲੱਖ ਰੁਪਏ ਤੋਂ ਵੱਧ ਦੀ ਨਕਦੀ ਅਤੇ ਇੱਕ ਪਿਸਤੌਲ ਬਰਾਮਦ ਕੀਤਾ ਹੈ। ਸ਼ਾਹਦਰਾ ਦੇ ਡਿਪਟੀ ਕਮਿਸ਼ਨਰ ਆਫ਼ ਪੁਲਸ (ਡੀਸੀਪੀ) ਰਾਜੇਂਦਰ ਪ੍ਰਸਾਦ ਮੀਨਾ ਨੇ ਦੱਸਿਆ ਕਿ ਇਹ ਡਕੈਤੀ 27 ਅਗਸਤ ਨੂੰ ਮਾਨਸਰੋਵਰ ਪਾਰਕ ਪੁਲਸ ਸਟੇਸ਼ਨ ਖੇਤਰ ਵਿੱਚ ਹੋਈ ਸੀ, ਜਦੋਂ ਸ਼ਿਕਾਇਤਕਰਤਾ ਦਾ ਬੈਗ ਜਿਸ ਵਿੱਚ ?44 ਲੱਖ ਸਨ, ਕਥਿਤ ਤੌਰ 'ਤੇ ਬੰਦੂਕ ਦੀ ਨੋਕ 'ਤੇ ਖੋਹ ਲਏ। ਇੱਕ ਸੀਨੀਅਰ ਅਧਿਕਾਰੀ ਨੇ ਮੰਗਲਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਮੀਨਾ ਨੇ ਦੱਸਿਆ ਕਿ ਮੁੱਖ ਦੋਸ਼ੀ, ਸਤਯਮ ਵਿਸ਼ਵਕਰਮਾ ਉਰਫ਼ ਡੇਵਿਲ ਨੂੰ 16 ਅਕਤੂਬਰ ਨੂੰ ਉੱਤਰ ਪ੍ਰਦੇਸ਼ ਤੋਂ ਦਿੱਲੀ ਲਿਆਂਦਾ ਗਿਆ ਸੀ ਅਤੇ ਅਦਾਲਤ ਦੀ ਪ੍ਰਵਾਨਗੀ ਤੋਂ ਬਾਅਦ ਚਾਰ ਦਿਨਾਂ ਤੱਕ ਪੁੱਛਗਿੱਛ ਕਰਨ ਤੋਂ ਬਾਅਦ ਰਸਮੀ



ਤੌਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਵਿਸ਼ਵਕਰਮਾ ਦੀ ਜਾਣਕਾਰੀ ਦੇ ਆਧਾਰ 'ਤੇ ਪੁਲਸ ਨੇ ਡਕੈਤੀ ਵਿੱਚ ਵਰਤਿਆ ਗਿਆ ਹਥਿਆਰ ਬਰਾਮਦ ਕੀਤਾ।ਪਿਸਤੌਲ ਅਤੇ ਇਸਦਾ ਮੈਗਜ਼ੀਨ 18 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਵਿੱਚ ਝਾੜੀਆਂ ਤੋਂ ਬਰਾਮਦ ਕੀਤਾ ਗਿਆ ਸੀ। ਮੁਲਜ਼ਮਾਂ ਨੇ ਭੱਜਦੇ ਸਮੇਂ ਕਥਿਤ ਤੌਰ 'ਤੇ ਇਸਨੂੰ ਸੁੱਟ ਦਿੱਤਾ। ਡੀਸੀਪੀ ਨੇ ਕਿਹਾ ਕਿ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਹੋਰ ਪੰਜ ਮੁਲਜ਼ਮਾਂ ਦੀ ਪਛਾਣ ਪ੍ਰਾਂਜਲ ਤਿਵਾੜੀ, ਸਰਬ ਤਿਵਾੜੀ ਉਰਫ਼ ਪ੍ਰਫੁੱਲ, ਅਮਰੀਸ਼ ਤਿਵਾੜੀ ਉਰਫ਼ ਚੰਚਲ, ਗੌਰਵ ਤਿਵਾੜੀ ਅਤੇ ਰਾਮਜੀਤ ਵਜੋਂ ਹੋਈ ਹੈ। ਪੁਲਸ ਦੇ ਅਨੁਸਾਰ ਪ੍ਰਾਂਜਲ ਨੇ ਦੂਜੇ ਮੁਲਜ਼ਮਾਂ ਨੂੰ ਨਕਦੀ ਟ?ਰਾਂਸਫਰ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ, ਜਿਸ ਨਾਲ ਡਕੈਤੀ ਨੂੰ ਅੰਜਾਮ ਦਿੱਤਾ ਗਿਆ। ਪੁਲਸ ਨੇ ਕਿਹਾ ਕਿ ਸਰਬ ਨੇ ਮੁੱਖ ਮੁਲਜ਼ਮ ਨਾਲ ਡਕੈਤੀ ਦਾ ਤਾਲਮੇਲ ਕੀਤਾ ਸੀ, ਜਦੋਂ ਕਿ ਅਮਰੀਸ਼ ਕਥਿਤ ਤੌਰ 'ਤੇ ਡਕੈਤੀ ਦੌਰਾਨ ਮੁੱਖ ਮੁਲਜ਼ਮ ਨਾਲ ਮੌਜੂਦ ਸੀ। ਗੌਰਵ ਨੇ ਕਥਿਤ ਤੌਰ 'ਤੇ ਮੁਲਜ਼ਮਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਸੀ ਅਤੇ ਰਾਮਜੀਤ ਨੇ ਕਥਿਤ ਤੌਰ 'ਤੇ ਉਨ੍ਹਾਂ ਦੇ ਭੱਜਣ ਲਈ ਇੱਕ ਵਾਹਨ ਮੁਹੱਈਆ ਕਰਵਾਇਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰੀ ਤੋਂ ਬਚਣ ਵਿੱਚ ਮਦਦ ਕੀਤੀ। ਮੀਨਾ ਨੇ ਕਿਹਾ ਕਿ ਪੁਲਸ ਨੇ ਸ਼ੁਰੂ ਵਿੱਚ 3.90 ਲੱਖ ਰੁਪਏ ਬਰਾਮਦ ਕੀਤੇ ਅਤੇ ਅਪਰਾਧ ਵਿੱਚ ਵਰਤੇ ਗਏ ਇੱਕ ਕਾਰ ਅਤੇ ਤਿੰਨ ਮੋਬਾਈਲ ਫੋਨ ਜ਼ਬਤ ਕੀਤੇ। ਅਧਿਕਾਰੀ ਨੇ ਦੱਸਿਆ ਕਿ ਸੁਲਤਾਨਪੁਰ ਵਿੱਚ ਇੱਕ ਹੋਰ ਕਾਰਵਾਈ ਦੌਰਾਨ ਪੁਲਸ ਨੇ ਮੁੱਖ ਦੋਸ਼ੀ ਦੀ 19 ਸਾਲਾ ਭੈਣ ਤੋਂ 22.51 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ।

ਬੰਗਾਲ ਦੀ ਕੋਲਾ ਖਾਨ 'ਚ ਹਾਦਸਾ: 50 ਮੀਟਰ ਡੂੰਘੀ ਖੱਡ 'ਚ ਫਸੇ ਕਈ ਮਜ਼ਦੂਰ

ਕੋਲਕਾਤਾ : ਪੱਛਮੀ ਬੰਗਾਲ ਦੇ ਪੱਛਮੀ ਬਰਧਮਾਨ ਜ਼ਿਲ੍ਹੇ ਵਿਚ ਸੋਮਵਾਰ ਨੂੰ ਇਕ ਕੋਲਾ ਖਾਨ ਵਿਚ ਪੁਲੀ ਸਿਸਟਮ ਵਿਚ ਤਕਨੀਕੀ ਖ਼ਰਾਬੀ ਆ ਗਈ, ਜਿਸ ਨਾਲ ਲਿਫਟਿੰਗ ਪਿੰਜਰਾ ਬੰਦ ਹੋ ਗਿਆ। ਇਸ ਕਾਰਨ ਕਈ ਮਜ਼ਦੂਰ ਲਗਭਗ 50 ਮੀਟਰ ਜ਼ਮੀਨ ਦੇ ਅੰਦਰ ਫਸ ਗਏ। ਇਕ ਸੀਨੀਅਰ ਅਧਿਕਾਰੀ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਈਸਟਰਨ ਕੋਲਫੀਲਡਜ਼ ਲਿਮਟਿਡ (ਈਸੀਐਲ) ਦੇ ਸੀਐਮਡੀ ਸਤੀਸ਼ ਝਾਅ ਨੇ ਕਿਹਾ ਕਿ ਇਹ ਘਟਨਾ ਕੁਮਾਰਡੀਹੀ ਏ ਭੂਮੀਗਤ ਖਾਨ ਵਿੱਚ ਵਾਪਰੀ। ਉੱਥੇ, ਪੁਲੀ ਡਰੱਮ ਤੋਂ ਇੱਕ ਰੱਸੀ ਖਿਸਕ ਗਈ, ਜਿਸ ਕਾਰਨ ਮਜ਼ਦੂਰਾਂ ਨੂੰ ਪਿੰਜਰੇ ਤੱਕ ਅਤੇ ਬਾਹਰ ਲਿਜਾਣ ਵਾਲਾ ਸਿਸਟਮ ਬੰਦ ਹੋ ਗਿਆ। ਉਨ੍ਹਾਂ ਕਿਹਾ, ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਫਸੇ ਹੋਏ ਮਜ਼ਦੂਰਾਂ ਨੂੰ ਭੋਜਨ ਅਤੇ ਪਾਣੀ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਨੂੰ ਸੁਰੱਖਿਅਤ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਅੱਗੇ ਕਿਹਾ, ਮਜ਼ਦੂਰ ਲਗਭਗ 50 ਮੀਟਰ ਦੀ ਡੂੰਘਾਈ 'ਤੇ ਫਸੇ ਹੋਏ ਹਨ, ਜਦੋਂ ਕਿ ਪੁਲੀ ਸਿਸਟਮ ਲਗਭਗ 90 ਮੀਟਰ ਤੱਕ ਜਾਂਦਾ ਹੈ। ਸ਼ੁਭੇਂਦੂ ਅਧਿਕਾਰੀ ਨੇ ਕਿਹਾ ਕਿ ਬਚਾਅ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ, ਈਸੀਐਲ ਅਧਿਕਾਰੀਆਂ ਨੇ ਰਾਜ ਸਰਕਾਰ ਨੂੰ ਸੂਚਿਤ ਕੀਤਾ ਕਿ ਖਾਣ ਮਜ਼ਦੂਰ ਲਿਫਟ ਵਿੱਚ ਤਕਨੀਕੀ ਨੁਕਸ ਕਾਰਨ ਫਸ ਗਏ ਸਨ। ਉਨ੍ਹਾਂ ਨਾਲ ਸੰਪਰਕ ਬਣਾਈ ਰੱਖਿਆ ਗਿਆ ਹੈ ਅਤੇ ਖਾਣ ਦੇ ਅੰਦਰ ਲੋੜੀਂਦੀ ਹਵਾਦਾਰੀ ਉਪਲਬਧ ਹੈ।

ਆਪਣੀ ਭੈਣ ਨਾ ਹੋਣ 'ਤੇ 184 ਕੁੜੀਆਂ ਦਾ 'ਭਰਾ' ਬਣ ਗਿਆ ਕਾਰੋਬਾਰੀ

ਸ਼ਾਹਜਹਾਂਪੁਰ 3 ਨਵੰਬਰ। ਆਪਣੀ ਕੋਈ ਭੈਣ ਨਾ ਹੋਣ ਦੇ ਦਰਦ ਨੂੰ ਇਕ ਵਿਅਕਤੀ ਨੇ ਇਸ ਤਰ੍ਹਾਂ ਸਮਾਜ ਸੇਵਾ 'ਚ ਬਦਲਿਆ ਕਿ ਅੱਜ ਉਹ 184 ਕੁੜੀਆਂ ਦਾ 'ਭਰਾ' ਬਣ ਚੁੱਕਾ ਹੈ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ 'ਚ ਕਾਰੋਬਾਰੀ ਵਿਨੇ ਅਗਰਵਾਲ ਹਰ ਸਾਲ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਕਰਵਾਉਂਦਾ ਹੈ। ਉਸ ਦੇ ਇਸ ਅਨੋਖੇ ਯਤਨ 'ਚ ਨਾ ਜਾਤ-ਪਾਤ ਦੀ ਕੰਧ ਰੁਕਾਵਟ ਬਣਦੀ ਹੈ ਅਤੇ ਨਾ ਹੀ ਮਜ਼?ਹਬ ਦਾ ਫ਼ਰਕ। ਅਗਰਵਾਲ ਨੇ ਐਤਵਾਰ ਨੂੰ ਖਿਰਨੀ ਬਾਗ 'ਚ ਆਯੋਜਿਤ ਸਮੂਹਿਕ ਵਿਆਹ ਸਮਾਗਮ 'ਚ 101 ਕੁੜੀਆਂ ਦਾ ਵਿਆਹ ਕਰਵਾਇਆ। ਇਨ੍ਹਾਂ 'ਚ 93 ਹਿੰਦੂ ਅਤੇ 8 ਮੁਸਲਮਾਨ ਕੁੜੀਆਂ ਸ਼ਾਮਲ ਸਨ। ਉਸ ਨੇ ਦੱਸਿਆ ਕਿ ਸ਼ੁਰੂਆਤ 'ਚ ਉਹ 'ਬਿਨ ਬੁਲਾਏ ਮਹਿਮਾਨ' ਵਾਂਗ ਵਿਆਹਾਂ 'ਚ ਪਹੁੰਚ ਕੇ ਸਹਿਯੋਗ ਕਰਦਾ ਸੀ

ਸੀ. ਬੀ. ਐੱਸ. ਸੀ. ਦੀ 2028 ਦੀ 10ਵੀਂ ਬੋਰਡ ਪ੍ਰੀਖਿਆ 'ਚ 5 ਵਿਸ਼ੇ ਲਾਜ਼ਮੀ, ਬਦਲਵੇਂ ਸਕਿੱਲ ਵਿਸ਼ੇ ਤੋਂ ਮਿਲੇਗੀ ਰਾਹਤ

ਨਵੀਂ ਦਿੱਲੀ 3 ਨਵੰਬਰ। ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ. ਬੀ. ਐੱਸ. ਸੀ.) ਨੇ 2028 ਦੀ 10ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਫਾਰਮੈਟ ਨੂੰ ਵੀਰਵਾਰ ਨੂੰ ਸਪੱਸ਼ਟ ਕੀਤਾ। ਇਸ ਵਿਸ਼ੇਸ਼ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ 'ਤੇ ਲਾਗੂ ਹੁੰਦਾ ਹੈ, ਜੋ 2026-27 'ਚ 9ਵੀਂ ਜਮਾਤ 'ਚ ਪੜ੍ਹ ਰਹੇ ਹਨ ਅਤੇ 2028 'ਚ 10ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇਣਗੇ। ਇਸ ਦਾ



ਤਹਿਤ ਵਿਦਿਆਰਥੀਆਂ ਲਈ 5 ਵਿਸ਼ੇ ਲਾਜ਼ਮੀ ਹੋਣਗੇ ਅਤੇ ਉਨ੍ਹਾਂ ਕੋਲ ਇਕ ਵਾਧੂ ਸਕਿੱਲ ਵਿਸ਼ੇ ਦੀ ਪ੍ਰੀਖਿਆ ਦੇਣ ਦਾ ਬਦਲ ਹੋਵੇਗਾ, ਜੋ ਗਣਿਤ, ਵਿਗਿਆਨ ਜਾਂ ਸਮਾਜਿਕ ਵਿਗਿਆਨ 'ਚ ਅਸਫ਼ਲ ਹੋਣ 'ਤੇ ਵੀ ਪ੍ਰੀਖਿਆ 'ਚ ਪਾਸ ਹੋਣ 'ਚ ਉਨ੍ਹਾਂ ਦੀ ਮਦਦ ਕਰ ਸਕਦਾ ਹੈ। ਇਹ ਸਪੱਸ਼ਟੀਕਰਨ ਮੌਜੂਦਾ 10ਵੀਂ ਜਮਾਤ ਦੇ ਵਿਦਿਆਰਥੀਆਂ 'ਤੇ ਕੋਈ ਅਸਰ ਨਹੀਂ ਪਵੇਗਾ। ਸੀ. ਬੀ. ਐੱਸ. ਈ. ਦੀ ਡਾਇਰੈਕਟਰ ਪ੍ਰਗਿਆ ਐੱਮ. ਸਿੰਘ ਨੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਭੇਜੇ ਇਕ ਪੱਤਰ 'ਚ ਕਿਹਾ ਕਿ ਇਸ ਸਿਲੇਬਸ ਪ੍ਰਣਾਲੀ ਨੂੰ ਲਾਗੂ ਕਰਨ ਦੇ ਟਾਈਮ ਟੇਬਲ ਅਨੁਸਾਰ, 9ਵੀਂ ਜਮਾਤ (2026-27) 'ਚ 'ਇੰਡੀਵਿਜੁਅਲਜ਼ ਇਨ ਸੋਸਾਇਟੀ' ਵਿਸ਼ਾ ਅਤੇ 'ਸੀ. ਟੀ. ਅਤੇ ਏ. ਆਈ. ਮੋਡਿਊਲ' ਅਤੇ 10ਵੀਂ ਜਮਾਤ (2027-28) 'ਚ 'ਵਾਤਾਵਰਣ ਸਿੱਖਿਆ' ਵਿਸ਼ਾ ਇਸ ਬੈਚ ਦੇ ਪਾਠਕ੍ਰਮ ਦਾ ਹਿੱਸਾ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ 10ਵੀਂ ਜਮਾਤ (2028 ਬੈਚ) ਦੇ ਵਿਦਿਆਰਥੀਆਂ ਲਈ ਕਿੱਤਾਮੁਖੀ ਸਿੱਖਿਆ ਲਾਜ਼ਮੀ ਸਿਲੇਬਸ ਖੇਤਰ ਬਣੀ ਰਹੇਗੀ। ਇਸ ਲੋੜ ਨੂੰ ਪੂਰਾ ਕਰਨ ਲਈ ਵਿਦਿਆਰਥੀ 'ਸਕਿੱਲ ਡਿਵੈਲਪਮੈਂਟ' ਵਿਸ਼ੇ ਜਾਂ ਬੋਰਡ ਵੱਲੋਂ ਸੂਚਿਤ 22 ਸਕਿੱਲ ਵਿਸ਼ਿਆਂ 'ਚੋਂ ਕਿਸੇ ਇਕ ਦਾ ਬਦਲ ਚੁਣ ਸਕਦੇ ਹਨ।

ਦਿੱਗਜ ਕੰਪਨੀ ਸਨ ਫਾਰਮਾਸਿਊਟੀਕਲ ਦੀ ਕਾਰਜਪ੍ਰਣਾਲੀ ਸ਼ੱਕ ਦੇ ਘੇਰੇ 'ਚ, ਇਸ ਉਤਪਾਦ ਦੀ ਵਿਕਰੀ ਰੁਕੀ

ਬਿਜ਼ਨੈੱਸ ਡੈਸਕ 3 ਨਵੰਬਰ। ਭਾਰਤੀ ਦਵਾਈ ਰੈਗੂਲੇਟਰਾਂ ਨੇ ਦੇਸ਼ ਦੀ ਪ੍ਰਮੁੱਖ ਦਵਾਈ ਕੰਪਨੀ ਸਨ ਫਾਰਮਾਸਿਊਟੀਕਲ ਇੰਡਸਟਰੀਜ਼ ਨੂੰ ਆਪਣੇ ਅਸਾਮ ਪਲਾਂਟ ਵਿੱਚ Eye Drops ਦੇ ਨਿਰਮਾਣ, ਵਿਕਰੀ ਅਤੇ ਵੰਡ ਨੂੰ ਤੁਰੰਤ ਰੋਕਣ ਦਾ ਹੁਕਮ ਦਿੱਤਾ ਹੈ। ਇਹ ਕਾਰਵਾਈ ਕੰਪਨੀ ਦੇ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਵਿੱਚ ਗੰਭੀਰ ਕਮੀਆਂ ਮਿਲਣ ਤੋਂ ਬਾਅਦ ਕੀਤੀ ਗਈ ਹੈ। ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਅਤੇ ਅਸਾਮ ਡਰੱਗ ਕੰਟਰੋਲਰ ਨੇ ਪਿਛਲੇ ਅਗਸਤ ਵਿੱਚ ਪਲਾਂਟ ਦਾ ਸਾਂਝਾ ਨਿਰੀਖਣ ਕੀਤਾ ਸੀ। ਨਿਰੀਖਣ ਵਿੱਚ ਦਵਾਈਆਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਪ੍ਰਣਾਲੀਆਂ ਵਿੱਚ ਕਈ ਗੰਭੀਰ ਕਮੀਆਂ ਦਾ ਖੁਲਾਸਾ ਹੋਇਆ। ਰੈਗੂਲੇਟਰੀ ਦਸਤਾਵੇਜ਼ਾਂ ਅਨੁਸਾਰ, ਇਹਨਾਂ ਦਵਾਈਆਂ ਦੇ ਕੁੱਲ 332 ਬੈਚ ਵਾਪਸ ਬੁਲਾਏ ਗਏ ਹਨ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਸਾਰੇ ਬੈਚਾਂ ਵਿੱਚ ਗੁਣਵੱਤਾ ਦੇ ਮੁੱਦੇ ਜਾਂ ਮਿਆਰੀ ਉਲੰਘਣਾਵਾਂ ਹੋਈਆਂ ਹਨ। ਵਾਪਸ ਮੰਗਵਾਈਆਂ ਗਈਆਂ ਦਵਾਈਆਂ ਵਿੱਚ ਲੋਟੇਪ੍ਰੇਡ 1% (5 ਮਿ.ਲੀ.), ਨੇਪਾਲੈਕਟ ਓਡੀ, ਨੇਪਾਲੈਕਟ-ਜ਼ੈੱਡ, ਬ੍ਰਿੰਜ਼ੋਟਿਮ ਅਤੇ ਡਿਪੋਪ੍ਰੇਡ ਵਰਗੇ Eye Drops ਸ਼ਾਮਲ ਹਨ। ਇਨ੍ਹਾਂ ਦੀ ਵਰਤੋਂ ਅੱਖਾਂ ਦੀ ਸੋਜ, ਇਨਫੈਕਸ਼ਨ ਅਤੇ ਹੋਰ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਕੁਝ ਮਰੀਜ਼ਾਂ ਨੇ Eye Drops ਦੀ ਵਰਤੋਂ ਕਰਨ ਤੋਂ ਬਾਅਦ ਪ੍ਰਤੀਕੂਲ ਪ੍ਰਤੀਕ੍ਰਿਆਵਾਂ ਦੀ ਰਿਪੋਰਟ ਕੀਤੀ। ਜਦੋਂ ਅਧਿਕਾਰੀਆਂ ਨੇ ਸੀਲਬੰਦ ਬੋਤਲਾਂ ਦੀ ਜਾਂਚ ਕੀਤੀ, ਤਾਂ ਉਹ ਦੂਸ਼ਿਤ ਪਾਏ ਗਏ। ਜੂਨ ਵਿੱਚ, ਆਲ ਇੰਡੀਆ ਓਫਥਲਮੋਲੋਜੀਕਲ ਸੋਸਾਇਟੀ ਨੇ ਪ੍ਰੈਡਮਿਟ ਆਈ ਡ?ਰੌਪਸ ਦੇ ਕੁਝ ਬੈਚਾਂ ਬਾਰੇ ਇੱਕ ਮਰੀਜ਼ ਸੁਰੱਖਿਆ ਸਲਾਹ ਜਾਰੀ ਕੀਤੀ ਸੀ। AIOS ਸਕੱਤਰ ਅਤੇ ਡਾ. ਸੰਤੋਸ਼ ਹੋਨਾਵਰ ਅਨੁਸਾਰ, ਕੁਝ ਮਰੀਜ਼ਾਂ ਨੇ ਲਾਗ ਦੇ ਮਾਮਲੇ ਵੀ ਦੱਸੇ। ਸੀਲਬੰਦ ਬੋਤਲਾਂ ਦੀ ਜਾਂਚ ਵਿਚ ਵੀ ਉਲੰਘਣਾਵਾਂ ਦੀ ਪੁਸ਼ਟੀ ਹੋਈ ਹੈ। ਇਸ ਤੋਂ ਬਾਅਦ, ਕੰਪਨੀ ਨੇ ਸੰਬੰਧਿਤ ਬੈਚਾਂ ਨੂੰ ਵਾਪਸ ਬੁਲਾ ਲਿਆ। ਇੱਕ ਅਧਿਕਾਰੀ ਦੇ ਅਨੁਸਾਰ, ਸਨ ਫਾਰਮਾ ਨੇ ਰੈਗੂਲੇਟਰਾਂ ਨੂੰ ਇੱਕ ਪਾਲਣਾ ਰਿਪੋਰਟ ਸੌਂਪ ਦਿੱਤੀ ਹੈ, ਜਿਸਦੀ ਇਸ ਸਮੇਂ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ, ਕੰਪਨੀ ਨੇ ਪਲਾਂਟ ਐਕਸ਼ਨ ਅਤੇ ਰੀਕਾਲ ਸੰਬੰਧੀ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

10 ਲੱਖ ਕਿਸਾਨਾਂ ਲਈ ਰਾਹਤ ਭਰੀ ਖ਼ਬਰ; ਹਰਿਆਣਾ ਸਰਕਾਰ ਸ਼ੁਰੂ ਕਰੇਗੀ ਈ-ਭੂਮੀ ਪੋਰਟਲ

ਨੈਸ਼ਨਲ ਡੈਸਕ 3 ਨਵੰਬਰ। ਹਰਿਆਣਾ ਦੇ ਕਿਸਾਨਾਂ ਨੂੰ ਹੁਣ ਹਾੜੀ ਦੇ ਸੀਜ਼ਨ ਦੌਰਾਨ ਫਸਲ ਤਸਦੀਕ ਬਾਰੇ ਚਿੰਤਾ ਨਹੀਂ ਕਰਨੀ ਪਵੇਗੀ। ਮਾਲੀਆ ਅਤੇ ਆਫ਼ਤ ਪ੍ਰਬੰਧਨ ਵਿਭਾਗ ਇਸ ਉਦੇਸ਼ ਲਈ ਈ-ਭੂਮੀ ਪੋਰਟਲ ਸ਼ੁਰੂ ਕਰੇਗਾ। ਕਿਸਾਨ ਆਪਣੇ ਖੇਤਾਂ ਵਿੱਚ ਆਪਣੀਆਂ ਫਸਲਾਂ ਦੇ ਵੇਰਵੇ ਦਰਜ ਕਰ ਸਕਣਗੇ। ਕਿਸਾਨ ਸਬੂਤ ਵਜੋਂ 20 ਮੀਟਰ ਦੀ ਦੂਰੀ ਤੋਂ ਆਪਣੀਆਂ ਫਸਲਾਂ ਦੀਆਂ ਫੋਟੋਆਂ ਵੀ ਅਪਲੋਡ ਕਰਨਗੇ। ਇਸ ਤੋਂ ਬਾਅਦ ਜੇਕਰ ਖੇਤੀਬਾੜੀ ਵਿਭਾਗ ਦੇ ਮੇਰੀ ਬਸੀ ਫਸਲ ਮੇਰਾ ਬਿਓਰਾ ਪੋਰਟਲ 'ਤੇ ਫਸਲ ਤਸਦੀਕ ਵਿੱਚ ਦੇਰੀ ਹੁੰਦੀ ਹੈ, ਤਾਂ ਵੀ ਫਸਲ ਦੀ ਵਿਕਰੀ ਦੌਰਾਨ ਕੋਈ ਸਮੱਸਿਆ ਨਹੀਂ ਹੋਵੇਗੀ। ਕਿਸਾਨਾਂ ਨੂੰ ਫਸਲਾਂ ਦੇ ਮਿਲਾਨ ਵਿੱਚ ਬੇਮੇਲ ਦੀ ਸਮੱਸਿਆ ਤੋਂ ਵੀ ਰਾਹਤ ਮਿਲੇਗੀ। ਮਾਲ ਵਿਭਾਗ ਦੇ ਅਨੁਸਾਰ, ਕਿਸਾਨ ਈ-ਭੂਮੀ ਪੋਰਟਲ 'ਤੇ ਆਪਣੀਆਂ ਫਸਲਾਂ ਦੀ ਸਵੈ-ਰਜਿਸਟਰ ਅਤੇ ਤਸਦੀਕ ਕਰਨਗੇ। ਇਸ ਮੰਤਵ ਲਈ ਕਿਸਾਨਾਂ ਨੂੰ ਇੱਕ ਜ਼ਮੀਨੀ ਪਾਸਬੁੱਕ ਮਿਲੇਗੀ। ਕਿਸਾਨ ਇਸ ਪਾਸਬੁੱਕ ਨੂੰ ਮਾਲ ਵਿਭਾਗ ਦੇ ਪੋਰਟਲ ਤੋਂ ਡਾਊਨਲੋਡ ਕਰ ਸਕਣਗੇ। ਇਹ ਪਾਸਬੁੱਕ ਸਿਰਫ਼ ਉਹ ਕਿਸਾਨ ਹੀ ਪ੍ਰਾਪਤ ਕਰ ਸਕਣਗੇ, ਜਿਨ੍ਹਾਂ ਨੇ ਪਹਿਲਾਂ ਹੀ ਐਗਰੀਸਟੈਕ ਕਿਸਾਨ ਆਈਡੀ ਬਣਾਈ ਹੈ। ਐਗਰੀਸਟੈਕ ਆਈਡੀ ਫਸਲ ਰਜਿਸਟ?ਰੇਸ਼ਨ, ਫਸਲ ਮੇਲ, ਖੇਤਾਂ ਵਿੱਚ ਖੜ੍ਹੀਆਂ ਫਸਲਾਂ ਦੀਆਂ ਫੋਟੋਆਂ ਅਪਲੋਡ ਕਰਨ ਅਤੇ ਤਸਦੀਕ ਕਰਨ ਵਰਗੀਆਂ ਵਿਸ਼ੇਸ਼ਤਾਵਾਂ ਪ੍ਰਦਾਨ ਕਰੇਗਾ। ਇਸ ਰਾਹੀਂ ਹੀ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੀਆਂ ਜਾਣਗੀਆਂ।

ਕ੍ਰੈਡਿਟ ਕਾਰਡ ਖਰਚ 'ਚ 5 ਸਾਲਾਂ 'ਚ ਆਈ ਸਭ ਤੋਂ ਵੱਡੀ ਗਿਰਾਵਟ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 3 ਨਵੰਬਰ। ਭਾਰਤ ਵਿੱਚ ਸਤੰਬਰ 2026 ਵਿੱਚ ਕ੍ਰੈਡਿਟ ਕਾਰਡਾਂ ਦੀ ਵਰਤੋਂ ਕਰਕੇ ਕੀਤੀਆਂ ਜਾਣ ਵਾਲੀਆਂ ਖਰੀਦਦਾਰੀ ਅਤੇ ਭੁਗਤਾਨਾਂ ਦੀ ਗਤੀ ਸੁਸਤ ਹੋ ਗਈ। ਦੇਸ਼ ਵਿੱਚ ਕੁੱਲ ਕ੍ਰੈਡਿਟ ਕਾਰਡ ਖਰਚ ਸਾਲ-ਦਰ-ਸਾਲ 5.9 ਪ੍ਰਤੀਸ਼ਤ ਘਟ ਕੇ 2.04 ਲੱਖ ਕਰੋੜ ਰੁਪਏ ਹੋ ਗਿਆ। ਫਰਵਰੀ 2021 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਕ੍ਰੈਡਿਟ ਕਾਰਡ ਖਰਚ ਸਾਲ-ਦਰ-ਸਾਲ ਘਟਿਆ ਹੈ। ਹਾਲਾਂਕਿ, ਖਰਚ ਵਿੱਚ ਇਸ ਗਿਰਾਵਟ ਦਾ ਮਤਲਬ ਇਹ ਨਹੀਂ ਹੈ ਕਿ ਲੋਕਾਂ ਨੇ ਖਰੀਦਦਾਰੀ ਬੰਦ ਕਰ ਦਿੱਤੀ ਹੈ। ਇਸ ਵਿੱਚ ਕਈ ਕਾਰਕ ਯੋਗਦਾਨ ਪਾਉਂਦੇ ਹਨ, ਜਿਸ ਵਿੱਚ ਪਿਛਲੇ ਸਾਲ ਦਾ ਮਜ਼ਬੂਤ ??ਅਧਾਰ, ਤਿਉਹਾਰਾਂ ਦੀ ਖਰੀਦਦਾਰੀ ਦਾ ਅਕਤੂਬਰ ਵਿੱਚ ਸ਼ਿਫਟ ਹੋਣਾ ਅਤੇ ਔਨਲਾਈਨ ਖਰੀਦਦਾਰੀ ਵਿੱਚ ਮੰਦੀ ਸ਼ਾਮਲ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕ੍ਰੈਡਿਟ ਕਾਰਡ ਖਰਚ ਵਿੱਚ ਗਿਰਾਵਟ ਦੇ ਬਾਵਜੂਦ, ਦੇਸ਼ ਵਿੱਚ ਕਾਰਡਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇੱਕ ਰਿਪੋਰਟ ਅਨੁਸਾਰ, ਸਤੰਬਰ 2026 ਵਿੱਚ ਕ੍ਰੈਡਿਟ ਕਾਰਡਾਂ ਦੀ ਵਰਤੋਂ ਕਰਕੇ ਕੁੱਲ 2.04 ਲੱਖ ਕਰੋੜ ਰੁਪਏ ਖਰਚ ਕੀਤੇ ਗਏ ਸਨ। ਸਤੰਬਰ 2025 ਵਿੱਚ, ਇਹ ਅੰਕੜਾ ਲਗਭਗ 2.17 ਲੱਖ ਕਰੋੜ ਰੁਪਏ ਸੀ। ਇਸ ਤਰ੍ਹਾਂ, ਇੱਕ ਸਾਲ ਵਿੱਚ ਖਰਚ ਵਿੱਚ ਗਿਰਾਵਟ ਆਈ ਹੈ। ਪਿਛਲੇ ਸਾਲ ਦਾ ਉੱਚ ਅਧਾਰ ਇਸ ਗਿਰਾਵਟ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਸਤੰਬਰ 2025 ਵਿੱਚ ਜੀਐਸਟੀ ਦਰਾਂ ਵਿੱਚ ਕਮੀ ਅਤੇ ਔਨਲਾਈਨ ਤਿਉਹਾਰਾਂ ਦੇ ਸੀਜ਼ਨ ਦੀ ਵਿਕਰੀ ਦੀ ਸ਼ੁਰੂਆਤੀ ਸ਼ੁਰੂਆਤ ਨੇ ਖਰੀਦਦਾਰੀ ਨੂੰ ਹੁਲਾਰਾ ਦਿੱਤਾ ਸੀ। ਹਾਲਾਂਕਿ, ਇਸ ਸਾਲ, ਵੱਡੀ ਤਿਉਹਾਰਾਂ ਦੀ ਵਿਕਰੀ ਅਕਤੂਬਰ ਵਿੱਚ ਸ਼ੁਰੂ ਹੋਈ, ਜਿਸਦੇ ਨਤੀਜੇ ਵਜੋਂ ਪਿਛਲੇ ਸਾਲ ਦੇ ਮੁਕਾਬਲੇ



ਸਤੰਬਰ ਵਿੱਚ ਖਰਚ ਘੱਟ ਹੋਇਆ। ਕ੍ਰੈਡਿਟ ਕਾਰਡ ਖਰਚ ਵਿੱਚ ਗਿਰਾਵਟ ਦਾ ਔਨਲਾਈਨ ਖਰੀਦਦਾਰੀ 'ਤੇ ਸਭ ਤੋਂ ਵੱਧ ਪ੍ਰਭਾਵ ਪਿਆ ਹੈ। ਸਤੰਬਰ 2026 ਵਿੱਚ, ਔਨਲਾਈਨ ਕ੍ਰੈਡਿਟ ਕਾਰਡ ਖਰਚ ਸਾਲ-ਦਰ-ਸਾਲ 12.5 ਪ੍ਰਤੀਸ਼ਤ ਘਟ ਕੇ 1.26 ਲੱਖ ਕਰੋੜ ਰੁਪਏ ਹੋ ਗਿਆ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਵਿੱਚ 1.44 ਲੱਖ ਕਰੋੜ ਰੁਪਏ ਸੀ। ਇਸਦੇ ਉਲਟ, ਸਟੋਰਾਂ ਅਤੇ ਸ਼ੋਅਰੂਮਾਂ 'ਤੇ ਕ੍ਰੈਡਿਟ ਕਾਰਡ ਭੁਗਤਾਨ 7.18 ਪ੍ਰਤੀਸ਼ਤ ਵਧੇ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਕੁੱਲ ਖਰਚ ਵਿੱਚ ਗਿਰਾਵਟ ਮੁੱਖ ਤੌਰ 'ਤੇ ਔਨਲਾਈਨ ਖਰੀਦਦਾਰੀ ਵਿੱਚ ਕਮੀ ਕਾਰਨ ਹੋਈ ਸੀ। ਕ੍ਰੈਡਿਟ ਕਾਰਡ ਖਰਚ ਵਿੱਚ ਗਿਰਾਵਟ ਦੇ ਬਾਵਜੂਦ, ਦੇਸ਼ ਵਿੱਚ ਕਾਰਡਾਂ ਦੀ ਗਿਣਤੀ ਵਧ ਰਹੀ ਹੈ। ਭਾਰਤ ਵਿੱਚ ਕ੍ਰੈਡਿਟ ਕਾਰਡਾਂ ਦੀ ਕੁੱਲ ਗਿਣਤੀ ਸਤੰਬਰ 2026 ਵਿੱਚ ਵਧ ਕੇ 12.53 ਕਰੋੜ ਹੋ ਗਈ, ਜੋ ਕਿ ਸਾਲ-ਦਰ-ਸਾਲ ਲਗਭਗ 10.5 ਪ੍ਰਤੀਸ਼ਤ ਦਾ ਵਾਧਾ ਹੈ। 8463 ਬੈਂਕ ਨੇ ਸਤੰਬਰ ਦੌਰਾਨ 280,000 ਤੋਂ ਵੱਧ ਨਵੇਂ ਕਾਰਡ ਜੋੜੇ। SBI ਕਾਰਡਾਂ ਨੇ ਲਗਭਗ 2.08 ਲੱਖ ਨਵੇਂ ਕਾਰਡ ਜਾਰੀ ਕੀਤੇ, ਐਕਸਿਸ ਬੈਂਕ ਨੇ ਲਗਭਗ 2.60 ਲੱਖ ਨਵੇਂ ਕਾਰਡ ਜਾਰੀ ਕੀਤੇ ਅਤੇ 93939 ਬੈਂਕ ਨੇ ਲਗਭਗ 29,621 ਨਵੇਂ ਕਾਰਡ ਜਾਰੀ ਕੀਤੇ। ਨਵੇਂ ਕਾਰਡ ਜਾਰੀ ਕਰਨ ਦੀ ਗਤੀ ਨਵੰਬਰ 2024 ਤੋਂ ਬਾਅਦ ਸਭ ਤੋਂ ਤੇਜ਼ ਸੀ। ਇਹ ਦਰਸਾਉਂਦਾ ਹੈ ਕਿ ਕ੍ਰੈਡਿਟ ਕਾਰਡ ਉਪਭੋਗਤਾਵਾਂ ਦੀ ਗਿਣਤੀ ਵਧ ਰਹੀ ਹੈ, ਪਰ ਪ੍ਰਤੀ ਲੈਣ-ਦੇਣ ਖਰਚ ਘੱਟ ਰਿਹਾ ਹੈ। ਸਤੰਬਰ ਦੇ ਅੰਕੜਿਆਂ ਵਿੱਚ ਇੱਕ ਹੋਰ ਦਿਲਚਸਪ ਤਬਦੀਲੀ ਸਾਹਮਣੇ ਆਈ ਹੈ। ਕ੍ਰੈਡਿਟ ਕਾਰਡ ਲੈਣ-ਦੇਣ ਦੀ ਗਿਣਤੀ ਸਾਲ-ਦਰ-ਸਾਲ 23.2 ਪ੍ਰਤੀਸ਼ਤ ਵਧ ਕੇ ਲਗਭਗ 61 ਕਰੋੜ ਹੋ ਗਈ। ਹਾਲਾਂਕਿ, ਔਸਤ ਲੈਣ-ਦੇਣ ਮੁੱਲ 23.6 ਪ੍ਰਤੀਸ਼ਤ ਘਟ ਕੇ 3,343 ਰੁਪਏ ਹੋ ਗਿਆ, ਜਿਸਦਾ ਮਤਲਬ ਹੈ ਕਿ ਗਾਹਕ ਕਾਰਡਾਂ ਦੀ ਵਰਤੋਂ ਜ਼ਿਆਦਾ ਕਰ ਰਹੇ ਹਨ ਪਰ ਹਰ ਵਾਰ ਘੱਟ ਖਰਚ ਕਰ ਰਹੇ ਹਨ।

200 ਰੁਪਏ ਦੇ ਕੂਪਨ 'ਚੋਂ ਜਿੱਤੀ 50 ਲੱਖ ਦੀ ਫਾਰਚੂਨਰ ਗੱਡੀ, 6 ਸਾਲਾ ਵੇਦਾਂਸ਼ ਦੀ ਚਮਕੀ ਕਿਸਮਤ

ਬੁਰਹਾਨਪੁਰ 3 ਨਵੰਬਰ। ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਵਿੱਚ ਉਸ ਸਮੇਂ ਖ਼ੁਸ਼ੀ ਵਾਲਾ ਮਾਹੌਲ ਬਣ ਗਿਆ, ਜਦੋਂ ਸਿਰਫ਼ ?200 ਦੇ ਕੂਪਨ ਨੇ ਇੱਕ ਪਰਿਵਾਰ ਦਾ ਚਿਰੋਕਣਾ ਸੁਪਨਾ ਪੂਰਾ ਕਰ ਦਿੱਤਾ। ਇਸ ਦੌਰਾਨ ਛੇ ਸਾਲਾ ਵੇਦਾਂਸ਼ ਨੇ ਅਭਾਪੁਰੀ ਧਾਮ ਵਿਖੇ ਹੋਏ ਗਰਬਾ ਸਮਾਗਮ ਦੇ 200 ਰੁਪਏ ਵਾਲੇ ਲੱਕੀ ਡਰਾਅ ਵਿੱਚ ਲਗਭਗ ?50 ਲੱਖ ਦੀ ਟੋਇਟਾ ਫਾਰਚੂਨਰ ਕਾਰ ਜਿੱਤ ਲਈ। ਲੱਕੀ ਡਰਾਅ ਵਿਚ ਕਾਰ ਨਿਕਲਣ ਦਾ ਪਤਾ ਲੱਗਣ 'ਤੇ ਪਰਿਵਾਰਕ ਮੈਂਬਰਾਂ ਦੇ ਘਰ ਖ਼ੁਸ਼ੀ ਦਾ ਮਾਹੌਲ ਬਣ ਗਿਆ। ਦੱਸ ਦੇਈਏ ਕਿ ਉਕਤ ਪਰਿਵਾਰ ਕਈ ਸਾਲਾਂ ਤੋਂ ਕਾਰ ਲੈਣ ਦਾ ਸੁਪਨਾ ਦੇਖ ਰਿਹਾ ਸੀ। ਕਿਰਨ ਰਾਏਕਵਾਰ ਦੇ ਪਤੀ ਅਤੇ ਪੁੱਤਰ ਚਾਹੁੰਦੇ ਸਨ ਕਿ ਉਨ੍ਹਾਂ ਕੋਲ ਵੀ ਸ਼ਾਨਦਾਰ ਫਾਰਚੂਨਰ ਕਾਰ ਹੋਵੇ। ਲੱਕੀ ਡਰਾਅ ਨਾਲ ਹੁਣ ਇਨ੍ਹਾਂ ਦਾ ਸੁਪਨਾ ਸੱਚ ਹੋ ਗਿਆ ਹੈ। ਕਿਰਨ ਰਾਏਕਵਾਰ ਨੇ ਦੱਸਿਆ ਕਿ ਉਹ ਅਭਾਪੁਰੀ ਧਾਮ ਵਿਖੇ ਇੱਕ ਗਰਬਾ ਸਮਾਗਮ ਵਿੱਚ ਸ਼ਾਮਲ ਹੋਣ ਗਈ ਸੀ। ਉੱਥੇ, ਉਸਨੇ 200 ਰੁਪਏ ਦਾ ਕੂਪਨ ਖਰੀਦਿਆ ਅਤੇ ਉਸ 'ਤੇ ਆਪਣੇ ਪੋਤੇ ਵੇਦਾਂਸ਼ ਦਾ ਨਾਮ ਲਿਖਿਆ। ਪਰਿਵਾਰ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਇਹ ਕੂਪਨ ਉਨ੍ਹਾਂ ਲਈ ਵੱਡੀ ਖ਼ਬਰ ਲੈ ਕੇ ਆਵੇਗਾ। ਜਦੋਂ ਵੇਦਾਂਸ਼ ਦਾ ਨਾਮ ਲੱਕੀ ਡਰਾਅ ਵਿੱਚ ਨਿਕਲਿਆ, ਤਾਂ ਪਰਿਵਾਰ ਬਹੁਤ ਖੁਸ਼ ਹੋਇਆ। ਸਥਾਨਕ ਪਰਿਵਾਰ ਮੁਤਾਬਕ, ਲੱਕੀ ਡਰਾਅ ਪਿਛਲੇ ਸਾਲ ਹੋਇਆ ਸੀ, ਜਦੋਂ ਕਿ ਇਸ ਸਾਲ ਫਾਰਚੂਨਰ ਕਾਰ ਪਰਿਵਾਰ ਨੂੰ ਸੌਂਪ ਦਿੱਤੀ ਗਈ ਸੀ। ਇਸ ਤਰ੍ਹਾਂ, ਪਰਿਵਾਰ ਨੂੰ ਕੂਪਨ ਖਰੀਦਣ ਤੋਂ ਲੈ ਕੇ ਕਾਰ ਪ੍ਰਾਪਤ ਕਰਨ ਤੱਕ ਇੰਤਜ਼ਾਰ ਕਰਨਾ ਪਿਆ। ਫਾਰਚੂਨਰ ਕਾਰ, ਜੋ ਵੇਦਾਂਸ਼ ਦੇ ਨਾਮ 'ਤੇ ਸੀ, ਹੁਣ ਰਾਏਕਵਾਰ ਪਰਿਵਾਰ ਲਈ ਇੱਕ ਯਾਦਗਾਰੀ ਪ੍ਰਾਪਤੀ ਬਣ ਗਈ ਹੈ।